In the annals of medieval Indian history, Baba Farid and Guru Nanak have left an indelible impact on the social and cultural history of the Punjab. Viewed against the socio-political background, both lived in a turbulent and transitional period of Indian history. Baba Farid saw the end of the Ghazanvide rule in the Punjab. He also later on saw the devastation of Muslim culture and the eclipse of Islam .in South West Asia and West Punjab (India) by the Mongol deluge. Guru Nanak witnessed the socio-political crisis during the 15th-16th centuries, the overthrow of the Afghan rule and the establishment of the Mughal Empire in India. Both Baba Farid and Guru Nanak stood for the regeneration and spiritual elevation of man at times when worldly ambitions and political vicissitudes had victimised the common man in the caste-ridden social order.

Baba Farid belonged to the Chistia Sufi order and established his seat at Ajodhan (Pakpattan) in the Punjab. He was the Chief representative (*Khalifa*) of Khwaja Qutubuddin Bakhtiyar Kaki, the founder of the Chistia *Silsilah* in Delhi. He had equally the unique distinction of being the preceptor of Sheikh Nizamuddin Auliya on whom he bestowed *Khilafat*. The Chistia *Silsilah* in India may faithfully boast of three great saints in Khwaja Muinuddin Chisti of Ajmer, Baba Farid Ganj-i-Shakar of Ajodhan and Nizamuddin Auliya as the greatest luminaries who laid the foundations of the Order on love and service for man and direct spiritual communion with God.

Sheikh Fariduddin Masaud, son of Sheikh Jamaluddin was descended from an erstwhile ruling and a noble family of Kabul which had migrated to India under the stress of the fresh Turkish Ghuzz inroads on the declining Ghazanvide state. Farid's grandfather Qazi Shuaib with mystic inclination settled at Kahtwal[1] (near Multan) and held the post of Qazi of the qasba. Though there is difference of opinion about Farid's date of birth, *Siyar-ul-Auliya* puts it at A.H. 569/1173 A.D. Born at Kahtwal, Farid as a child was schooled in the mystic thought by his own pious and virtuous mother Qarsum Bibi. Farid got his early education in the local school (*maktab*) and at Multan under the tutorship of Maulana Minhajuddin. When Khwaja Qutubuddin Bhakhtiyar Kaki visited Multan, Farid fell under his spell and became his disciple. On his advice, Farid continued his studies and in his itinerary to Baghdad[2] came in contact with the Sufi thinkers and saints of the time. After this Farid came to Delhi to live in

1. Spelt also as Khotwal.
2. His visiting Baghdad is not fully authenticated. (*Ed.*)

Digitized by Panjab Digital Library | www.panjabdigilib.org

the *Khanqah* of Sheikh Qutubuddin Bakhtiyar Kaki, but later on shifted to a secluded place to Hansi (at present in Haryana). On hearing the news of the death of his *Pir-i-murshid* (Sheikh Kaki), he paid a visit to Delhi and got the *Khilafat.* Farid preferred to go to the Punjab. As Lahore had been devastated by Changez Khan and Farid loved a lonely place, he ultimately settled at Ajodhan (Pakpattan).

Farid was a product of Sufism which had come to India from the West Asian Islamic culture. Having passed through various phases, it had developed into a potent socio-religious Order by the 12th-13th centuries. In its initial stages, it had emerged as a reaction against the worldly ambitions of the dominant political and military sections of the society within the ambit of an Islamic state and had endeavoured to establish itself on the true underlying principles of Islam. It stressed the fear of God and later emphasised the inner development of man, purification of mind through prayers and love of God. When the Islamic society faced fissiparous tendencies, Sufism stood for the acquisition of knowledge through *Shariat* and the true path of life (*Tariqat*) as the two aspects were by no means incompatible. Sufism could be practised within the bounds of the *Shariat* and *Sunaah.* The true path of life lay in the inner qualities of man: prayers, patience, charity, love of man and God. It also meant direct personal relationship between man and God. By the 12th-13th centuries, Sufism reached the culmination point in the social life of the Muslim community. Farid was a noble creature of the social order of this phase of Sufism. It was a regular ethical mode of life (*Fan*) emphasising Divine love (*Ishq-i-Ilahi*) and that everything was God and of the same essence (*Wahdat ul-Wujud*). The devastation of the Muslim political power and social life in South-West Asia and Western Punjab (India) by the Mongols (1220 A.D. onwards) left a deep mark on the mind of Farid and the Sufi thought. In fact, this provided a further incentive to the reorganisation of the Sufi *Silsilah*s for the regeneration of the social and spiritual life of the Muslim community which had sunk to the lowest ebb of misery due to the Mongol atrocities. Sufism emerged as the saviour of the Islamic culture. The Sufi schools were organised into regular spiritual *Silsilahs* which came in direct contact with the masses. A new relationship between the Sheikh (spiritual leader) and the *murid* (follower) was established. Sufism had equally developed the proselytising concept. The *khanqahs* became the centres of life and worship. They stood for the service and spiritual elevation of the Muslim community. It was during this period that Sufism had reached its climax in thought and action. With the impact of Sufism, the proselytising character of Islam later on brought the Mongols themselves into the orbit of Islam. Of the Sufi *Silsilahs*, two of them, namely the Suhrawardi and the Chistia had entered the Indian life by this time. Sheikh Bahauddin Zakaria Multani, the follower of the Suhrawardi order had established *khanqahs* at Multan and Sindh (Uch) in West Punjab. Khwaja Muinuddin had established the centre of the Chistia Order at Ajmer (Rajasthan). Sheikh Fariduddin Masud Ganj-i-Shakar popularly known as Baba Farid was the disciple of Khwaja Qutubuddin Bakhtiyar Kaki of Delhi who was the *khalifa* of Khwaja Muinuddin Chisti of Ajmer. Thus, inheriting the true traits of the Chistia Order, Baba

Digitized by Panjab Digital Library | www.panjabdigilib.org

Farid became the real founder of the *Silsilah* in the Punjab.

All along Baba Farid lived a simple and austere life. As an ascetic, he offered prayers even through self-torture. He had an ear for music as a means to ecstasy. As a generous faqir, he distributed all the offerings in charity to the needy. Living on the minimum means of subsistence was the true character of Sufism at this stage. Farid remained contented with humble fruits like *peelu* and *dela* which grow wild in the South-West Punjab. Farid always remained in worn and patched garments. His family lived most modestly and at times was nearly starved. When Farid died, there was nothing in his house for the purchase of his shroud, and the door of his house was demolished to provide unbaked bricks for his grave.

Farid believed that true love for man was possible only if one loved God in the true sense. For this, self-purification was essential. Fasting was the means to freedom from physical needs. Only through solitary prayers, could one realise his identity and pave the way for love of God. Thus prayers meant communication with the Eternal. Sympathy and help to suffering humanity attracted all needy persons to the *khanqah* of Farid. He never relaxed until he had met and listened to every visitor and attended to every person's problems individually. He never lost his temper and even those who entered into acrimonious discussion with him were helped. Piety, asceticism and tolerance became the essence of Farid's personal life and those of his *murids* at the *khanqah*.

Farid underlined a special relationship between the *murid* and the Sheikh. A *murid* had to grasp the hand of a living *murshid*. In his *Jamaat Khana* no discrimination was made between man and woman on any ground whatsoever, as in his eyes all human beings were equal. This stood in glaring contrast to the contemporary concept of the imperial court of Balban which showed contempt for low-born persons even within the Muslim community. Farid's *khanqah* became the cultural centre where all classes of people met. Farid held discourses with the Hindu yogis in the *Hindawi* dialects. However, he encouraged the proselytising character of Islam as the caste-ridden Hindu society offered a favourable opportunity for it. According to tradition, a number of local tribes were converted to Islam owing to Farid's influence. Though Farid's scanty poetical composition has been collected, he was not a Sufi poet as such. Excepting a few commentaries that he dictated on Sufi literature, he did not write any book. Of course, his sayings have been collected by the later writers. This is not to belittle the achievement of Farid as a Sufi. His contribution to the Sufi thought and movement in India is remarkable. He stressed action more. He discountenanced any difference between the theory and fact of the Sufi life. His love for man and God and the egalitarian mode of life in the *Jamaat Khana* under his guidance gave a new lease of life to Sufism in medieval Indian society. Farid was, par excellence, a man of the masses. The Chistia *silsilah* became extremely popular in the Punjab under his guidance. After his death, Farid left thirty-five *Khalifas* stationed at different places in North India. Even though his disciple Sheikh Nizamuddin Auliya settled on the bank of

Digitized by Panjab Digital Library | www.panjabdigilib.org

the river Jamuna at Delhi, the other *Khalifas* with centres in the Punjab carried Farid's message to the masses. During his own lifetime all sections of the people, high and low, paid visits to the *khanqah* of Farid, made offerings and got blessings. After his death, his tomb and *khanqah* at Pakpattan became a pilgrimage centre for the people. Sheikh Nizamuddin Auliya paid personal homage at the tomb and received the *khilafat.* Guru Nanak's honouring the memory of Baba Farid bears out the latter's greatness as a distinguished and popular saint in the cultural life and the history of the Punjab.

Farid, why wanderest thou over wild places,
Trampling thorns under thy feet ?
God abides in the heart :
Seek Him not in lonely wastes.

(From Slokas of Sheikh Farid : Translation—G.S. Talib)

Digitized by Panjab Digital Library | www.panjabdigilib.org

CONTRIBUTORS

1. Gurbachan Singh Talib
   Professor and Head
   Department of Religious Studies
   Punjabi University, Patiala
2. Gurcharan Singh
   General Secretary
   Baba Farid Memorial Society ;
   Registrar, Punjabi University
   Patiala
3. Dr Satya Prakash
   Director
   Salar Jung Museum
   Hyderabad (A.P.)
4. Dr Hira Lall Chopra
   Department of Persian
   Calcutta University
5. Dr S. Naimuddin
   Principal, College of Arts & Science
   Aurangabad
6. Dr Qamar-ud-Din
   Research Fellow
   Jamia Millia Islamia
   New Delhi
7. A. A. K. Soze
   Jamia School of Social Work
   Jamia Nagar, New Delhi
8. Balwant Singh Anand
   Ex-Deputy Director-General
   All India Radio
9. Dr B.L. Goswami
   Principal, Government College
   Bahadurgarh (Haryana)
10. Dr Darshan Singh Maini
    Professor and Head
    Department of English
    Punjabi University, Patiala

Digitized by Panjab Digital Library | www.panjabdigilib.org

11. Dr Asloob Ahmad Ansari
Professor of English
Aligarh Muslim University
Aligarh (U.P.)
12. G.S. Khosla
Ex-General Manager
Western Railway
13. Dr Nisar Ahmed Faruqi
Assistant Editor
Islam and Modern Age (Quarterly)
New Delhi
14. Dr S.A.H. Abidi
Professor of Persian
University of Delhi
15. Dr G. L. Bakhshi
Director of Public Instruction
Punjab, Chandigarh
16. Dr Avtar Singh
Reader
Department of Religious Studies
Punjabi University, Patiala
17. Dr M.S. Ahluwalia
Department of History
Himachal Pradesh University, Simla
18. Pritpal Singh
Head, Punjabi Department
Mahendra College, Patiala
19. Dr B.R. Grover
Head
Department of Medieval Studies
Jamia Milia Islamia, Delhi

Digitized by Panjab Digital Library | www.panjabdigilib.org

ਬਾਬਾ ਸ਼ੇਖ ਫਰੀਦ

ਜੀਵਨ ਤੇ ਸਿਖਿਆ

ਪੰਜਾਬੀ ਭਾਗ

ਸੰਪਾਦਕ : ਪ੍ਰੋ. ਅਤਰ ਸਿੰਘ ਐਮ. ਏ., ਪੀ. ਐਚ. ਡੀ.

ਤਤਕਰਾ

			ਪੰਨਾ
੧. ਮੁਖਬੰਧ			
—ਅਤਰ ਸਿੰਘ	...	...	੩
੨. ਸ਼ੇਖ ਫਰੀਦ ਜਾਂ ਸ਼ੇਖ ਇਬਰਾਹੀਮ			
—ਭਾਈ ਜੋਧ ਸਿੰਘ	...		੬
੩. ਬਾਬਾ ਫਰੀਦ ਦਾ ਸੰਖਿਪਤ ਜੀਵਨ			
—ਪ੍ਰੀਤਮ ਸਿੰਘ	...	...	੧੦
੪. ਫਰੀਦ-ਬਾਣੀ ਵਿਚ ਸ਼ਰੀਅਤ			
—ਐਸ. ਐਸ. ਕੋਹਲੀ	...	...	੧੬
੫. ਸ਼ਲੋਕ ਫਰੀਦ			
—ਨਜ਼ਮ ਹੁਸੈਨ ਸਈਅਦ	...	...	੨੧
੬. ਸ਼ੇਖ ਫਰੀਦ ਦੀ ਵੇਦਨਾ			
—ਸੰਤ ਸਿੰਘ ਸੇਖੋਂ	...	...	੨੭
੭. ਫਰੀਦ-ਬਾਣੀ ਵਿਚ ਧਰਮ ਸੰਚਾਰ ਜੁਗਤਾਂ . ਨੀਤੀ ਅਤੇ ਪੁਰਾਣ			
—ਆਤਮਜੀਤ ਸਿੰਘ			੩੨
੮. ਫਰੀਦ-ਬਾਣੀ ਦੀ ਰਚਨਾ-ਜੁਗਤ			
—ਤਰਲੋਕ ਸਿੰਘ ਕੰਵਰ			੩੭
੯. ਬਾਬਾ ਫਰੀਦ ਦੀ ਕਵਿਤਾ ਵਿਚ ਸੁਹਜ ਦਾ ਪੱਖ			
—ਸੁਖਪਾਲਵੀਰ ਸਿੰਘ ਹਸਰਤ			੪੦

Digitized by Panjab Digital Library | www.panjabdigilib.org

੧੦. ਫਰੀਦੀ ਸੰਪ੍ਰਦਾਇ ਦੀ ਦਿਗਵਿਜੈ

—ਪਿਆਰ ਸਿੰਘ ੪੩

੧੧. ਸ਼ਰਧਾਂਜਲੀ

—ਪ੍ਰਭਜੋਤ ਕੌਰ ੪੭

੧੨. 'ਬੀੜ' ਤੋਂ ਬਾਹਰਲੀ 'ਫਰੀਦ-ਰਚਨਾ'

—ਪਿਆਰਾ ਸਿੰਘ ਪਦਮ ੪੮

੧੩. ਫਰੀਦ ਦਾ ਨੈਤਿਕ ਫਲਸਫਾ

—ਵਜ਼ੀਰ ਸਿੰਘ ੫੮

Digitized by Panjab Digital Library | www.panjabdigilib.org

ਅਤਰ ਸਿੰਘ

ਮੁਖਬੰਧ

ਬਾਬਾ ਸ਼ੇਖ ਫਰੀਦ (੧੧੭੩ ਤੋਂ ੧੨੬੬ ਈ.) ਦਾ ਪੰਜਾਬੀ ਸਭਿਆਚਾਰਕ ਜਗਤ ਵਿਚ ਸਥਾਨ ਬੜਾ ਉੱਚਾ ਤੇ ਨਵੇਕਲਾ ਹੈ। ਆਪ ਪੰਜਾਬੀ ਕਾਵਿ ਪਰੰਪਰਾ ਦੇ ਪਿਤਾਮਾ ਹੀ ਨਹੀਂ ਸਨ, ਆਪ ਨੇ ਪੰਜਾਬ ਦੇ ਧਾਰਮਿਕ ਇਤਿਹਾਸ ਉਤੇ ਵੀ ਆਪਣੀ ਅਮਿੱਟ ਛਾਪ ਛੱਡੀ ਹੈ। ਉੱਤਰ ਭਾਰਤ ਦੇ ਇਤਿਹਾਸ ਵਿਚ ਆਮ ਕਰਕੇ ਤੇ ਪੰਜਾਬ ਵਿਚ ਵਿਸ਼ੇਸ਼ ਤੌਰ ਤੇ ਇਹ ਕਾਲ ਨਿਰੰਤਰ ਸਿਆਸੀ ਉਥਲ ਪੁਥਲ ਦਾ ਕਾਲ ਸੀ। ਸਮੁੱਚਾ ਵਾਯੂ-ਮੰਡਲ ਪਦਾਰਥਕ, ਮਾਨਸਿਕ ਤੇ ਭਾਵੁਕ ਅਸੁਰੱਖਿਆ ਦਾ ਸੀ, ਤੇ ਇਸ ਕਾਲ ਦੇ ਮਹਾਨ ਅਵਤਾਰ-ਕਵੀਆਂ ਦੀਆਂ ਅਮਰ ਰਚਨਾਵਾਂ ਵਿਚ ਦੁਨੀਆਂ ਦੀ ਨਾਸ਼ਮਾਨਤਾ ਤੇ ਚਲਣਹਾਰਤਾ ਦੇ ਅਸੰਖਾਂ ਬਿੰਬਾਂ ਦਾ ਰੂਪ ਧਾਰ ਕੇ ਪ੍ਰਗਟ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਰਾਗ ਆਸਾ ਵਿਚ, ਹੇਠ ਲਿਖੇ ਦੋ ਸ਼ਬਦਾਂ ਵਿਚ ਇਹ ਸਾਰੇ ਚਿੱਤਰ ਬੜੀ ਸਪਸ਼ਟਤਾ ਨਾਲ ਉਲੀਕੇ ਹੀ ਨਹੀਂ ਮਿਲਦੇ, ਇਨ੍ਹਾਂ ਵਿਚ ਉਸ ਕਾਲ ਦੀ ਸਾਰੀ ਭਾਵੁਕ ਸੰਵੇਦਨਾ ਵੀ ਬਹੁਤ ਤੀਖਣ ਰੂਪ ਵਿਚ ਅੰਕਿਤ ਹੈ :

੧. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥
ਆਦੇਸ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥
ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕਹਿ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥
੨. ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜ ਕਹਾ ਸੁ ਲਾਲ ਕਵਾਈ ॥

Digitized by Panjab Digital Library | www.panjabdigilib.org

ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥
ਇਹੁ ਜਗੁ ਤੇਰਾ ਤੂ ਗੋਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾਂ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥
ਕੋਟਿ ਹੂ ਪੀਰ ਵਰਜਿ ਰਹਾਏ ਜਾਂ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰਿ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥
ਜਿਨ੍ਹ ਕੀ ਚੀਰੀ ਦਰਗਾਹਿ ਫਾਟੀ ਤਿਨਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥

ਖੁਦ ਸ਼ੇਖ ਫਰੀਦ ਜੀ ਦੀ ਆਪਣੀ ਬਾਣੀ ਵਿਚ ਥਾਂ ਪਰ ਥਾਂ ਮੌਤ ਦਾ ਸਹਿਮ ਤੇ ਦੁਨੀਆਂ ਦੀ ਨਾਸ਼ਮਾਨਤਾ ਦੇ ਜੋ ਭਾਵ ਵਿਅਕਤ ਹੋਏ ਮਿਲਦੇ ਹਨ, ਉਨ੍ਹਾਂ ਦਾ ਕਾਰਨ ਸ਼ੇਖ ਫਰੀਦ ਦੀ ਦੁਨੀਆਂ ਤੋਂ ਉਪਰਾਮਤਾ ਤਾਂ ਹੈ, ਪਰ ਇਸ ਉਪਰਾਮਤਾ ਦਾ ਕਾਰਨ ਇਹ ਹੈ ਕਿ :

ਏਨੀ ਲੋਇਣੀ ਦੇਖਦਿਆਂ ਕੇਤੀ ਚਲ ਗਈ ॥ ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੬੪॥

ਫਰੀਦ ਜੀ ਜਦੋਂ ਕਹਿੰਦੇ ਹਨ ਕਿ "ਕੰਚਨ ਵੰਨੇ ਪਾਸੇ ਕਲਵਤ ਚੀਰਿਆ" ਜਾਂ

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥
ਫਰੀਦਾ ਕੋਠੇ ਮੰਡਪ ਮਾੜੀਆ ਉਸਾਰਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥
ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨ ਸੋ ਗਾਲੀ ਰਬ ਕੀਆਂ ॥੯੯॥

ਤਾਂ ਇਸ ਕਥਨ ਦੇ ਪਿਛੋਂ ਰਾਜਿਆਂ, ਅਮੀਰਾਂ, ਵਜ਼ੀਰਾਂ ਦੇ "ਏਨੀ ਲੋਇਣੀ" ਦੇਖੇ ਹਸ਼ਰ ਦੀ ਹਾਹਾਕਾਰ ਸੁਣਾਈ ਦੇਂਦੀ ਹੈ । ਜਦੋਂ ਇਹ ਸਾਰੀ ਵੇਦਨਾ ਵਰਨਣ ਜਾਂ ਬਿਰਤਾਂਤ ਦੀਆਂ ਲੋੜਾਂ ਤੋਂ ਉਪਰ ਉਠ ਕੇ ਸ਼ੁਧ ਕਾਵਿਕ ਭਾਵ ਬਣ ਕੇ ਪ੍ਰਕਾਸ਼ਮਾਨ ਹੁੰਦੀ ਹੈ ਤਾਂ ਦ੍ਰਿਸ਼, ਦ੍ਰਿਸ਼ਟਾ ਤੇ ਦ੍ਰਿਸ਼ਟੀ ਦਾ ਭੇਦ ਤਕ ਵੀ ਲੋਪ ਹੋ ਜਾਂਦਾ ਹੈ ।

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਟਾਂ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥

ਮੱਧ ਕਾਲੀਨ ਪੰਜਾਬ ਦੀ ਸਮੁਚੀ ਆਤਮਕ ਤੇ ਭਾਵੁਕ ਦਸ਼ਾ ਦਾ ਕੁਝ ਅਜਿਹਾ ਪਿਛੋਕੜ ਸੀ ਜਿਸ ਵਿਚ ਜੀਵਨ ਨਾਲੋਂ ਮੌਤ, ਸੁਖ ਨਾਲੋਂ ਦੁਖ, ਚਾਵਾਂ ਨਾਲੋਂ ਆਹਾਂ ਵਧੇਰੇ ਅਰਥ-ਭਰਪੂਰ ਬਣ ਗਈਆਂ ਸਨ । ਇਸੇ ਵਿਰਾਟ ਮਾਨਵੀ ਦਸ਼ਾ ਨੂੰ ਸੂਤਰ-ਬੱਧ ਕਰਨ ਲਈ ਗੁਰੂ ਨਾਨਕ ਦੇਵ ਨੇ ਇਹ ਪ੍ਰਸ਼ਨ ਪੁਛਿਆ :

ਕਿਸੁ ਨਾਲਿ ਕੀਚੈ ਦੋਸਤੀ ਸਭ ਜਗੁ ਚਲਣ ਹਾਰੁ ।

Digitized by Panjab Digital Library | www.panjabdigilib.org

ਸੁਭਾਵਕ ਹੈ ਕਿ ਅਜਿਹੀ ਅਸਥਿਰਤਾ ਅਤੇ ਚਲਾਇਮਾਨਤਾ ਦੀਆਂ ਭਾਵਨਾਵਾਂ ਨਾਲ ਓਤ ਪੋਤ ਮਾਨਸਿਕ ਤੇ ਭਾਵੁਕ ਵਾਯੂਮੰਡਲ ਵਿਚ ਮਨੁਖੀ ਮਨ ਦੀ ਟੇਕ ਲਈ ਅਟਲ, ਅਵਿਨਾਸ਼ੀ ਤੇ ਵਿਆਪਕ ਸੱਚਾਂ ਵਲ ਰੁਚੀ ਉਤਪੰਨ ਹੁੰਦੀ। ਮੱਧ-ਕਾਲੀਨ ਭਾਰਤ ਦੇ ਸਾਮੰਤਵਾਦੀ ਸਮਾਜ ਵਿਚ ਅਧਿਆਤਮਕਤਾ ਤੇ ਰਹੱਸਵਾਦ, ਸੁਤੰਤਰਤਾ ਲਈ ਬਿਹਬਲ ਮਨੁਖੀ ਮਨ ਦੀਆਂ ਸਭ ਤੋਂ ਉਚੀਆਂ ਉਡਾਣਾਂ ਸਨ। ਸ਼ੇਖ ਫਰੀਦ ਸ਼ਕਰ-ਗੰਜ ਦੀ ਸਾਰੀ ਵੇਦਨਾ ਇਸੇ ਮੂਲ ਮੁਕਤੀ ਦੀ ਲਾਲਸਾ ਵਿਚੋਂ ਉਤਪੰਨ ਹੁੰਦੀ ਹੈ। ਬਿਰਹਾ ਜਾਂ ਹਿਜਰ ਦਾ ਸਾਰਾ ਸੰਕਲਪ ਇਸੇ ਪਵਿੱਤਰ ਉਦਾਸੀਨਤਾ ਅਤੇ ਇਸੇ ਅਨੰਤ ਭਟਕਣ ਦਾ ਹੀ ਲਖਾਇਕ ਹੈ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ ॥੩੬॥

ਇਸ ਵਿਆਪਕ ਪ੍ਰਸੰਗ ਵਿਚ ਵੇਖਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸ਼ੇਖ ਫਰੀਦ ਨੇ ਆਪਣੇ ਸਮੇਂ ਦੀ ਆਤਮਾ ਨੂੰ ਵੀ ਆਪਣੇ ਅੰਦਰ ਆਤਮਸਾਤ ਕੀਤਾ ਤੇ ਇਸ ਨੂੰ ਬਾਣੀ ਵੀ ਦਿਤੀ। ਸ਼ੇਖ ਫਰੀਦ ਜੀ ਦੇ ਸ਼ਲੋਕ ਤੇ ਸ਼ਬਦ ਪੰਜਾਬੀ ਲੋਕਾਂ ਦੇ ਸਭਿਆਚਾਰਕ ਇਤਿਹਾਸ ਦਾ ਹਿੱਸਾ ਤਾਂ ਹਨ ਹੀ, ਇਹ ਆਪਣੇ ਅੰਦਰ ਪੰਜ-ਦਰਿਆਵਾਂ ਦੀ ਧਰਤੀ ਦੇ ਵਸਨੀਕਾਂ ਦੇ ਅਤਿ ਸੂਖਮ ਅਨੁਭਵਾਂ ਨੂੰ ਵੀ ਲੁਕਾਈ ਬੈਠੇ ਹਨ। ਬਾਬਾ ਫਰੀਦ ਜੀ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ ਤੇ ਉਨ੍ਹਾਂ ਦੇ ਸੰਦੇਸ਼ ਦੀ ਸਦੀਵਤਾ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਮਹਾਨ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ, ਆਪ ਦੀ ਬਾਣੀ ਨੂੰ ਅਪਨਾ ਕੇ ਦਿਤੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੀ ਤੋਰੀ ਹੋਈ ਪਰੰਪਰਾ ਨੂੰ ਅੱਗੇ ਤੋਰਦੇ ਹੋਇਆਂ ਬਾਬਾ ਫਰੀਦ ਮੈਮੋਰੀਅਲ ਸੋਸਾਇਟੀ ਦੀ ਪ੍ਰਕਾਸ਼ਨ ਕਮੇਟੀ ਨੇ ਬਾਬਾ ਫਰੀਦ ਅਭਿਨੰਦਨ ਗ੍ਰੰਥ ਦਾ ਸੰਪਾਦਨ ਕਰਨ ਦਾ ਬੀੜਾ ਚੁਕਿਆ। ਗ੍ਰੰਥ ਲਈ ਲੇਖ ਇਕੱਤਰ ਕਰਨ ਲਈ ਸਮਾਂ ਬੜਾ ਥੋੜਾ ਸੀ ਤੇ ਲਗਭਗ ਸਾਰੇ ਹੀ ਪੰਜਾਬੀ ਵਿਦਵਾਨ ਬਾਬਾ ਫਰੀਦ ਜੀ ਦੀ ਅੱਠਵੀਂ ਜਨਮ ਸ਼ਤਾਬਦੀ ਨਾਲ ਸੰਬੰਧਿਤ ਕਿਸੇ ਨ ਕਿਸੇ ਬੌਧਿਕ ਪ੍ਰਾਜੈਕਟ ਵਿਚ ਰੁਝੇ ਹੋਏ ਸਨ। ਫਿਰ ਵੀ ਸਾਨੂੰ ਇਸ ਗੱਲ ਦੀ ਬੜੀ ਸੰਤੁਸ਼ਟੀ ਹੈ ਕਿ ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਪੰਜਾਬੀ ਦੇ ਸਿਰਕੱਢ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਭੇਜ ਕੇ ਸਾਨੂੰ ਨਿਵਾਜਿਆ ਹੈ।

ਮਹਾਨ ਪੰਜਾਬੀ ਵਿਦਵਾਨ ਡਾਕਟਰ ਭਾਈ ਜੋਧ ਸਿੰਘ ਜੀ ਨੇ ਇਸ ਗ੍ਰੰਥ ਨੂੰ ਆਪਣਾ ਆਸ਼ੀਰਵਾਦ "ਸ਼ੇਖ ਫਰੀਦ ਜਾਂ ਸ਼ੇਖ ਇਬਰਾਹੀਮ" ਲੇਖ ਦੇ ਰੂਪ ਵਿਚ ਦਿਤਾ। ਇਹ ਲੇਖ ਭਾਈ ਸਾਹਿਬ ਦੇ ਵਿਸ਼ਾਲ ਅਧਿਐਨ, ਇਸ ਵਿਸ਼ੇ ਉਤੇ ਸੰਪੂਰਨ ਅਧਿਕਾਰ ਤੇ ਡੂੰਘੀ ਦ੍ਰਿਸ਼ਟੀ ਦਾ ਪਤਾ ਹੀ ਨਹੀਂ ਦੇਂਦਾ, ਇਸ ਸਾਰੀ ਬਹਿਸ ਨੂੰ ਸਮਾਪਤ ਕਰਨ ਲਈ ਅਕੱਟ ਪ੍ਰਮਾਣ ਵੀ ਪੇਸ਼ ਕਰਦਾ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ ਮੂਲ ਫ਼ਾਰਸੀ ਗ੍ਰੰਥਾਂ ਦੇ ਆਧਾਰ ਤੇ ਸ਼ੇਖ ਫਰੀਦ ਜੀ ਦੇ ਜੀਵਨ ਸੰਬੰਧੀ ਕੁਝ ਮੁਢਲੀ ਮਹੱਤਤਾ ਵਾਲੇ ਤੱਥ ਇਕੱਤਰ ਕਰ ਕੇ ਭਾਈ ਜੋਧ ਸਿੰਘ ਜੀ ਦੇ ਕੰਮ ਨੂੰ ਅੱਗੇ ਤੋਰਿਆ ਹੈ। ਡਾਕਟਰ ਸੁਰਿੰਦਰ ਸਿੰਘ ਕੋਹਲੀ ਜੀ ਨੇ ਆਪਣੇ ਲੇਖ "ਫਰੀਦ-ਬਾਣੀ ਵਿਚ ਸ਼ਰੀਅਤ ਦੇ ਤੱਤ" ਵਿਚ ਬਾਬਾ ਜੀ ਦੀਆਂ ਰਚਨਾਵਾਂ ਦੇ ਇਸਲਾਮੀ ਸੋਮਿਆਂ ਦੀ ਵਿਆਖਿਆ ਕੀਤੀ ਹੈ।

ਪ੍ਰੋਫੈਸਰ ਸੰਤ ਸਿੰਘ ਸੇਖੋਂ ਜੀ ਨੇ ਫਰੀਦ ਜੀ ਦੀ ਰਚਨਾ ਦੀ ਅੰਦਰਲੀ ਵੇਦਨਾ ਨੂੰ ਉਸ ਕਾਲ ਦੇ ਇਸਲਾਮੀ ਹਾਕਮਾਂ ਦੀ ਪਾਪ-ਗੰਢ ਨਾਲ ਜੋੜਨ ਦਾ ਇਕ ਬਹੁਤ ਸਾਰਥਿਕ ਉਪਰਾਲਾ ਕੀਤਾ ਹੈ। ਇਹ ਲੇਖ ਸ਼ੇਖ ਫਰੀਦ ਦੇ ਸਮਾਜਕ ਤੇ ਰਾਜਨੀਤਕ ਪਿਛੋਕੜ ਦੀ ਵਿਆਖਿਆ ਦਾ ਇਕ ਉੱਤਮ ਨਮੂਨਾ ਹੈ।

ਨਜ਼ਮ ਹੁਸੈਨ ਸਈਅਦ, ਡਾਕਟਰ ਆਤਮਜੀਤ ਸਿੰਘ ਅਤੇ ਡਾਕਟਰ ਤ੍ਰਿਲੋਕ ਸਿੰਘ ਕੰਵਰ ਦੇ ਲੇਖਾਂ ਵਿਚ ਇਕ ਆਂਤਰਿਕ ਸਾਂਝ ਹੈ। ਇਹ ਹੈ ਬਾਬਾ ਫਰੀਦ ਜੀ ਦੀ ਰਚਨਾ ਦੇ ਸੰਰਚਨਾਵੀ ਵਿਸ਼ਲੇਸ਼ਣ ਵਲ ਉਮਲਣਾ। ਇਸ ਵਿਸ਼ਲੇਸ਼ਣ ਦੀ ਇਹ ਵਡਿਆਈ ਹੈ ਕਿ ਰਚਨਾ ਦੇ ਅਰਥਾਂ ਵਿਚ ਇਕ ਅਪੂਰਵ ਤੇ ਅਨੁਪਮ ਗਹਿਰਾਈ ਪੈਦਾ ਹੋ ਗਈ ਹੈ। ਸ੍ਰੀ ਸੁਖਪਾਲਵੀਰ ਸਿੰਘ ਹਸਰਤ ਜੀ ਨੇ ਬਾਬਾ ਫਰੀਦ ਜੀ ਦੇ ਕਲਾ ਪੱਖ ਸੰਬੰਧੀ ਮਹਤੱਵਪੂਰਣ ਸੰਕੇਤ ਕੀਤੇ ਹਨ। ਪ੍ਰੋਫੈਸਰ ਪਿਆਰਾ ਸਿੰਘ ਪਦਮ ਤੇ ਡਾਕਟਰ ਵਜ਼ੀਰ ਸਿੰਘ ਦੇ ਲੇਖ ਬਾਬਾ ਫਰੀਦ ਜੀ ਦੀ ਸਿਖਿਆ ਤੇ ਬਾਣੀ ਦੇ ਅਧਿਆਤਮਿਕ ਤੇ ਨੈਤਿਕ ਅਰਥਾਂ ਨੂੰ ਉਘਾੜਨ ਦੇ ਸਫਲ ਯਤਨ ਹਨ। ਪਦਮ ਜੀ ਨੇ ਹੱਥ ਲਿਖਤਾਂ ਵਿਚੋਂ ਚੁਣ ਕੇ ਬੜੀ ਮਿਹਨਤ ਨਾਲ ਫਰੀਦ ਜੀ ਦੀ ਅਪ੍ਰਕਾਸ਼ਿਤ ਰਚਨਾ ਸਾਡੇ ਸਨਮੁਖ ਲਿਆਂਦੀ ਹੈ।

ਅੰਤ ਵਿਚ ਸੰਪਾਦਕ ਪ੍ਰਕਾਸ਼ਨ ਕਮੇਟੀ ਦੇ ਚੇਅਰਮੈਨ ਸਰਦਾਰ ਕ੍ਰਿਪਾਲ ਸਿੰਘ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਅਤੇ ਦੂਜੇ ਮੈਂਬਰਾਂ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਬਾਬਾ ਫਰੀਦ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਇਹ ਅਵਸਰ ਦਿਤਾ। ਇਸ ਦੇ ਨਾਲ ਹੀ ਮੈਂ ਇਸ ਗ੍ਰੰਥ ਦੇ ਮੁੱਖ ਸੰਪਾਦਕ ਪ੍ਰੋਫੈਸਰ ਗੁਰਬਚਨ ਸਿੰਘ ਤਾਲਿਬ ਜੀ ਦਾ ਵੀ ਕ੍ਰਿਤੱਗ ਹਾਂ ਕਿ ਉਨ੍ਹਾਂ ਨੇ ਇਸ ਕਾਰਜ ਦੀ ਪੂਰਤੀ ਵਿਚ ਮੇਰੀ ਰਾਹਿਨੁਮਾਈ ਕੀਤੀ ਤੇ ਹੱਥ ਵਟਾਇਆ। ਇਸ ਗ੍ਰੰਥ ਲਈ ਲੇਖ ਲਿਖਣ ਵਾਲੇ ਵਿਦਵਾਨਾਂ ਦਾ ਤਾਂ ਮੈਂ ਸਦਾ ਹੀ ਆਭਾਰੀ ਰਹਾਂਗਾ ਕਿਉਂਕਿ ਉਨ੍ਹਾਂ ਨੇ ਮੇਰਾ ਮਾਣ ਰਖਿਆ ਤੇ ਆਪਣੇ ਜ਼ਰੂਰੀ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਇਸ ਲੇਖ ਸੰਗ੍ਰਹਿ ਨੂੰ ਸ਼ਿੰਗਾਰਨਾ ਪ੍ਰਵਾਨ ਕੀਤਾ।

Digitized by Panjab Digital Library | www.panjabdigilib.org

حریق المحبت شیخ الاسلام حضرت بابا فرید الدین مسعود شکر گنج رح

اجودھن پاکپٹن شریف

Inner view of Mausoleum of Sheikh Farid at Pak-Pattan (Pakistan)

Digitized by Panjab Digital Library | www.panjabdigilib.org



The site of Sheikh Farid's Chilla prayer at Hansi



Another view of the Mausoleum of Sheikh Farid at Pak-Pattan (Pakistan)

Digitized by Panjab Digital Library | www.panjabdigilib.org

ਇਸ ਪ੍ਰਕਾਰ ਲਿਖਿਆ ਹੈ :

ਫਰੀਦਾ ਧੜ ਸੂਲੀ ਸਿਰ ਪਿੰਜਰੇ ਤਲੀਆਂ ਤੋਕਤ ਕਾਗ ।
ਰਬ ਅਜਹੂੰ ਨਾ ਬਾਹੁੜੇ ਸੋ ਧੰਨ ਅਸਾਡੇ ਭਾਗ ॥*

ਇਸ ਸਲੋਕ ਦਾ ਤਰਜਮਾ ਦੇ ਕੇ ਮਿ. ਮੈਕਾਲਿਫ਼ ਲਿਖਦੇ ਹਨ ਕਿ ਮਗਰੋਂ ਸ਼ੇਖ ਬ੍ਰਹਮ ਨੇ ਇਸ ਦੋਹੇ ਨੂੰ (ਗੁਰੂ) ਗ੍ਰੰਥ ਸਾਹਿਬ ਵਿਚ ਦਿੱਤੇ ੯੦, ੯੧ ਅਤੇ ੯੨ ਤਿੰਨ ਸਲੋਕਾਂ ਵਿਚ ਵਧਾ ਕੇ ਲਿਖਿਆ । ਖੂਹ ਵਿਚ ਲਟਕਦੇ ਹਨ ਫਰੀਦ ਜੀ, ਕਾਂ ਠੂੰਗੇ ਮਾਰਦੇ ਹਨ ਉਨ੍ਹਾਂ ਦਿਆਂ ਪੈਰਾਂ ਦੀਆਂ ਤਲੀਆਂ ਵਿਚ ਅਤੇ ਇਸ ਤਜਰਬੇ ਨੂੰ ਸਲੋਕਾਂ ਵਿਚ ਉਚਾਰਦੇ ਹਨ ਸ਼ੇਖ ਬ੍ਰਹਮ । ਅਜੀਬ ਮਨਤਿਕ ਹੈ । ਸਲੋਕਾਂ ਦੀ ਇਬਾਰਤ ਤੋਂ ਸਾਫ ਪਰਗਟ ਹੁੰਦਾ ਹੈ ਕਿ ਇਹ ਸਲੋਕ ਉਸ ਦੇ ਆਪਣੇ ਉਚਾਰੇ ਹੋਏ ਹਨ ।

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ ।
ਅਜੇ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਦੇ ਭਾਗ ॥੯੦॥

ਇਸ ਸਲੋਕ ਦੀ ਜਵਾਹਰ ਫਰੀਦੀ ਵਿਚੋਂ ਦਿਤੇ ਸ਼ੇਖ ਫਰੀਦ ਦੇ ਸਲੋਕ ਨਾਲ ਕਿਤਨੀ ਲਫ਼ਜ਼ੀ ਮੁਸ਼ਾਹਬਤ ਹੈ ਇਹ ਪਾਠਕ ਵੇਖ ਸਕਦੇ ਹਨ । ਦੂਜੇ ਦੋ ਸਲੋਕ ਇਹ ਹਨ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ।
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥

ਦੂਜੀ ਤਪਸਿਆ ਵਿਚ ਜਾਣ ਵੇਲੇ, ਮੈਕਾਲਿਫ਼ ਸਾਹਿਬ ਲਿਖਦੇ ਹਨ ਕਿ, "ਕਿਸੇ ਜੀਉਂਦੀ ਹਸਤੀ ਨੂੰ ਖੇਦ ਨਾ ਹੋਵੇ ਸ਼ੇਖ ਫਰੀਦ ਨੇ ਇਕ ਕਾਠ ਦੀ ਰੋਟੀ ਢਿਡ ਨਾਲ ਬੰਨ੍ਹ ਲਈ, ਤੇ ਕਹਿਆ ਜਾਂਦਾ ਹੈ ਕਿ ਆਪਣੇ ਬ੍ਰਤ ਦੇ ਪੂਰੇ ਸਮੇਂ ਤਕ ਉਨ੍ਹਾਂ ਦਾ ਕਲਪਿਤ ਆਧਾਰ, ਜੋ ਇਹ ਰੋਟੀ ਮੁਹਈਆ ਕਰਦੀ ਸੀ, ਗੁਜ਼ਾਰੇ ਦਾ ਕਾਰਨ ਰਹਿਆ । ਇਕ ਦਿਨ ਸਖਤ ਭੁਖ ਦਾ ਦੁਖ ਹੋਣ ਪੁਰ ਆਪਣੀ ਭੁਖ ਨੂੰ ਸ਼ਾਂਤ ਕਰਨ ਲਈ, ਰਵਾਇਤ ਹੈ ਕਿ ਉਨ੍ਹਾਂ ਇਸ ਕਾਠ ਦੀ ਰੋਟੀ ਨੂੰ ਚਕ ਮਾਰਿਆ । ਅਜੇ ਤੀਕ ਪਾਕਪਟਨ ਵਿਚ ਇਕ ਲੱਕੜ ਦੇ ਟੁਕੜੇ ਪੁਰ, ਜੋ ਅਜੇ ਤੀਕ ਸੁਰਖਿਅਤ ਹੈ, ਉਨ੍ਹਾਂ ਦੇ ਦੰਦਾਂ ਦੇ ਨਿਸ਼ਾਨ ਦੱਸੇ ਜਾਂਦੇ ਹਨ ।" ਹੇਠਲੇ ਸਲੋਕ ਵਿਚ ਸ਼ਬਦ 'ਕਾਠ' ਦੀ ਵਰਤੋਂ ਇਸ ਰਵਾਇਤ ਦਾ ਕਾਰਨ ਹੋ ਸਕਦੀ ਹੈ :

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ।
ਜਿਨਾ ਖਾਧੀ ਚੋਪੜੀ ਘਣੇ ਸਹਨਗੇ ਦੁਖ ॥੨੮॥

ਇਸ ਸਲੋਕ ਦਾ ਤਰਜਮਾ ਕਰਦੇ ਹੋਏ ਆਪ ਨੇ ਇਕ ਨੋਟ ਵਿਚ ਲਿਖਿਆ ਹੈ, "ਇਸ਼ਾਰਾ ਉਸ ਕਾਠ ਦੀ ਰੋਟੀ ਵਲ ਹੈ ਜੋ ਫਰੀਦ ਅਵਲ ਨੇ (ਭਾਵ ਸ਼ੇਖ ਫਰੀਦ ਸ਼ਕਰਗੰਜ) ਆਪਣੀ ਭੁਖ ਦੀ ਲਾਲਸਾ ਦੂਰ ਕਰਨ ਲਈ ਪੇਟ ਪੁਰ ਬੰਨ੍ਹੀ ਸੀ ।" ਇਥੇ ਮੈਕਾਲਿਫ਼ ਸਾਹਿਬ ਆਪ ਮੰਨ ਗਏ ਹਨ ਕਿ ਇਹ ਬਾਣੀ ਪਹਿਲੇ ਫਰੀਦ ਜੀ ਦੀ ਹੈ ।

ਮੈਕਾਲਿਫ਼ ਸਾਹਿਬ ਨੂੰ ਇਹ ਤਰੱਦਦ ਇਸ ਲਈ ਕਰਨਾ ਪਿਆ ਕਿ ਉਹ ਮੰਨ ਨਹੀਂ ਸੀ ਸਕਦਾ ਕਿ ਇਕ ਪਰਦੇਸੀ ਅਜੇਹੀ ਸੁੰਦਰ ਪੰਜਾਬੀ ਕਿਸ ਤਰ੍ਹਾਂ ਲਿਖ ਸਕਦਾ ਸੀ । ਆਓ ਅਸੀਂ ਇਕ ਹੋਰ ਪਰਦੇਸੀ ਦੀ ਹਿੰਦੀ ਦੀ ਲਿਆਕਤ ਪੁਰ ਵਿਚਾਰ ਕਰੀਏ । ਸ਼ੇਖ ਫਰੀਦ ਦਾ ਜਨਮ ੧੧੭੩ ਈਸਵੀ ਸੰਨ ਵਿਚ ਅਤੇ ਵਸਾਲ ੧੨੬੬ ਸੰਨ ਈਸਵੀ ਵਿਚ ਹੋਇਆ । ਅਮੀਰ ਖੁਸਰੋ, ਜਿਸਦਾ ਪੂਰਾ ਨਾਮ ਅਬੁਲ ਹਸਨ ਵਮੀਨ-ਉਦ-ਦੀਨ ਖੁਸਰੋ ਸੀ, ੧੨੫੩ ਈਸਵੀ ਵਿਚ ਮੋਮਿਨਪੁਰ (ਪਟਿਆਲੀ) ਜ਼ਿਲਾ ਈਟਾਹ, ਸੰਯੁਕਤ ਪ੍ਰਾਂਤ, ਵਿਚ ਪੈਦਾ ਹੋਇਆ । ਮੁਗਲਾਂ ਦੇ ਹੱਲਿਆਂ ਦਾ ਧਕਿਆ ਹੋਇਆ ਉਸਦਾ ਪਿਤਾ ਅਮੀਰ ਸੈਫ਼-ਉਦ-ਦੀਨ ਮਹਮੂਦ ਭਾਰਤ ਵਿਚ ਆਇਆ ਅਤੇ ਦਿੱਲੀ ਵਿਚ ਆ ਵਸਿਆ । ਉਹ ਫੌਜੀ ਸੀ ਅਤੇ ਬਹੁਤਾ ਆਲਿਮ ਨਹੀਂ ਸੀ । ਦਿੱਲੀ ਵਿਚ ਸ਼ਮਸ-ਉਦ-ਦੀਨ ਇਲਤੁਤਮਿਸ਼ ਦੀ ਬਾਦਸ਼ਾਹਿਤ ਸੀ । ਉਸ ਨੂੰ ਫੌਜ ਵਿਚ ਚੰਗਾ ਅਹੁਦਾ ਮਿਲ ਗਇਆ ਅਤੇ ਉਹ ਸੰਯੁਕਤ ਪ੍ਰਾਂਤ ਵਿਚ ਘਲਿਆ ਗਇਆ । ਯਾਦ ਰਹੇ ਫਰੀਦ ਜੀ ਦਾ ਦਾਦਾ ਹਿੰਦੁਸਤਾਨ ਆਇਆ ਸੀ ਅਤੇ ਉਸਦੇ ਨਾਨਕੇ ਰਾਜਗੱਦੀ ਦੀ ਬਿਪਤਾ ਦੇ ਮਾਰੇ ਹਿੰਦੁਸਤਾਨ ਵਿਚ ਰਹਿ ਰਹੇ ਸਨ । ਅਮੀਰ ਖੁਸਰੋ ੧੩੨੫ ਵਿਚ ਕਾਲਵਸ ਹੋਇਆ । ਨੈਸ਼ਨਲ ਬੁਕ ਟ੍ਰਸਟ ਔਫ ਇੰਡੀਆ ਨੇ ਸਈਅਦ ਗੁਲਾਮ ਸਮਨਾਨੀ ਰਚਿਤ ਅਮੀਰ ਖੁਸਰੋ ਨਾਮ ਪੁਸਤਕ ਅੰਗ੍ਰੇਜ਼ੀ ਬੋਲੀ ਵਿਚ ਛਾਪੀ ਹੈ । ਉਸਦੇ ੧੯੬੮

*ਸਈਅਰ-ਉਲ-ਔਲੀਆ ਅਤੇ ਜਵਾਹਰ ਫਰੀਦੀ ਦੇ ਦੋਹਰਿਆਂ ਲਈ ਅਸੀਂ ਪ੍ਰੋਫ਼ੈਸਰ ਪ੍ਰੀਤਮ ਸਿੰਘ ਵਰਤਮਾਨ ਅਧਿਅਕਸ਼, ਗੁਰੂ ਨਾਨਕ ਅਧਿਅਨ ਵਿਭਾਗ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਦੇ ਮਸ਼ਕੂਰ ਹਾਂ ।

Digitized by Panjab Digital Library | www.panjabdigilib.org

ਦੀ ਪਹਿਲੀ ਪ੍ਰਕਾਸ਼ਨਾ ਦੇ ਸਫੇ ੬੦ ਪੁਰ ਪੁਸਤਕ ਦਾ ਕਰਤਾ ਲਿਖਦਾ ਹੈ : "ਇਹ ਆਖਣਾ ਕਿ ਉਸ ਨੂੰ ਹਿੰਦੀ ਦਾ ਪਲਾਤਾ ਪਲਾਤਾ ਗਿਆਨ ਸੀ ਉਸ ਨਾਲ ਸਰੀਹ ਬੇਇਨਸਾਫ਼ੀ ਹੈ। ਇਸ ਬਾਬਤ ਉਸਦਾ ਆਪਣਾ ਕਥਨ ਇਹ ਦਸਦਾ ਹੈ ਕਿ ਉਹ ਇਹ ਬੋਲੀ ਖਾਸੀ ਰਵਾਨਗੀ ਨਾਲ ਲਿਖ ਅਤੇ ਬੋਲ ਸਕਦਾ ਸੀ।" ਯਾਦ ਰਹੇ ਕਿ ਖੁਸਰੋ ਦੀ ਸਾਰੀ ਉਮਰ ਸ਼ਾਹੀ ਦਰਬਾਰਾਂ ਅਤੇ ਮੁਰੱਬੀ ਉਮਰਾਵਾਂ ਦੀ ਸੰਗਤ ਵਿਚ ਲੰਘੀ। ਆਪਣੇ ਮੁਰੱਬੀਆਂ ਦੀ ਸਿਫਤ ਵਿਚ ਫਾਰਸੀ ਵਿਚ ਕਸੀਦੇ ਲਿਖ ਕੇ ਉਹ ਇਨਾਮ ਪ੍ਰਾਪਤ ਕਰਦਾ ਰਹਿਆ ਅਤੇ ਚੰਗੀ ਸੌਖ ਦੀ ਗੁਜਰਾਨ ਵਿਚ ਦਿਨ ਬਤੀਤ ਕੀਤੇ। ਫਰੀਦ ਦਾ ਵਾਹ ਅਨਪੜ੍ਹ ਜ਼ਿਮੀਦਾਰਾਂ ਦੇ ਨਾਲ ਸੀ ਅਤੇ ਜਿਸ ਸੂਫੀ ਮਤ ਦੀ ਚਿਸ਼ਤੀ ਸੰਪ੍ਰਦਾ ਦਾ ਉਹ ਵੱਡਾ ਅਧਿਅਕਸ਼ ਸੀ, ਪ੍ਰੇਰਨਾ ਦੁਆਰਾ ਇਸਲਾਮ ਦਾ ਪ੍ਰਚਾਰ ਉਨ੍ਹਾਂ ਦਾ ਫਰਜ਼ ਸੀ। ਜੇ ਅਮੀਰ ਖੁਸਰੋ ਠੇਠ ਹਿੰਦੀ ਵਿਚ ਦੋਹੇ, ਬੁਝਾਰਤਾਂ, ਮੁਕਰਨੀਆਂ ਆਦਿ ਲਿਖ ਸਕਦਾ ਸੀ ਤਾਂ ਸ਼ੇਖ ਫਰੀਦ ਲਈ ਮਿੱਠੀ ਮੁਲਤਾਨੀ ਵਿਚ ਸ਼ਬਦ ਜਾਂ ਸਲੋਕ ਲਿਖਣੇ ਕੋਈ ਅਸਚਰਜ ਦੀ ਗੱਲ ਨਹੀਂ ਸੀ। ਪਾਠਕਾਂ ਦੀ ਦਿਲਚਸਪੀ ਅਤੇ ਗਿਆਤ ਲਈ ਖੁਸਰੋ ਦੇ ਤਿੰਨ ਦੋਹੇ ਹੇਠਾਂ ਦਿਤੇ ਜਾਂਦੇ ਹਨ।

ਅਮੀਰ ਖੁਸਰੋ ਛੋਕੜਲੀ ਉਮਰ ਵਿਚ ਸ਼ੇਖ ਨਿਜ਼ਾਮ-ਉਦ-ਦੀਨ ਔਲੀਆ ਦਾ ਚੇਲਾ ਬਣ ਗਇਆ ਸੀ। ਜਦੋਂ ਉਨ੍ਹਾਂ ਦਾ ਵਸਾਲ ਹੋਇਆ ਉਹ ਦਿੱਲੀ ਨਹੀਂ ਸੀ। ਜਦੋਂ ਆਇਆ ਤਾਂ ਉਨ੍ਹਾਂ ਦੀ ਕਬਰ ਪੁਰ ਜਾ ਕੇ ਉਸਨੇ ਇਹ ਦੋਹਾ ਉਚਾਰਿਆ :

ਗੋਰੀ ਸੋਵੇ ਸੇਜ ਪਰ ਮੁਖ ਪਰ ਡਾਰੇ ਕੇਸ।
ਚਲ ਖੁਸਰੋ ਘਰ ਆਪਨੇ ਰੈਨ ਭਈ ਸਭ ਦੇਸ॥

ਭਾਵ ਮੇਰੇ ਪੀਰ ਜੀ ਦੀ ਮੌਤ ਨਾਲ ਸਾਰੇ ਜਗ ਵਿਚ ਅਨ੍ਹੇਰਾ ਹੋ ਗਇਆ ਹੈ। ਹੋਰ ਦੋ ਦੋਹੇ ਇਹ ਹਨ :

ਖੁਸਰੋ ਰੈਨ ਸੁਹਾਗ ਕੀ ਜਾਗੀ ਪੀ ਕੇ ਸੰਗ।
ਤਨ ਮੇਰੋ ਮਨ ਪੀਉ ਕੋ ਦੋਊ ਭਏ ਇਕ ਰੰਗ॥
ਚਕਵੀ ਚਕਵਾ ਦੋ ਜਨੇ ਇਨ ਮਤ ਮਾਰੋ ਕੋਇ।
ਇਹ ਮਾਰੇ ਕਰਤਾਰ ਕੇ ਰੈਨ ਬਿਛੋਰਾ ਹੋਇ॥

ਉਘੇ ਸਿਖ ਵਿਦਵਾਨ ਸੁਰਗਵਾਸੀ ਭਾਈ ਕਾਹਨ ਸਿੰਘ ਜੀ ਨੇ ਆਪਣੀ ਮਹਾਨ ਕ੍ਰਿਤ ਗੁਰੂ ਸ਼ਬਦ ਰਤਨਾਕਰ ਦੇ ਪੰਨੇ ੬੦੭-੬੦੮ ਉਪਰ ਫਰੀਦ ਸਿਰਲੇਖ ਹੇਠਾਂ ਸ਼ੇਖ ਫਰੀਦ ਸ਼ਕਰਗੰਜ ਦਾ ਜੀਵਨ ਦਿਤਾ ਹੈ ਅਤੇ ਇਕ ਵੰਸ਼ਾਵਲੀ ਦੇ ਕੇ ਦਸਿਆ ਹੈ ਕਿ ਸ਼ੇਖ ਬ੍ਰਹਮ ਉਨ੍ਹਾਂ ਦੇ ਦਸਵੇਂ ਜਾਨਸ਼ੀਨ ਸਨ। ਭਾਈ ਸਾਹਿਬ ਨੇ ਵੀ ਸ਼ੇਖ ਇਬਰਾਹੀਮ ਦਾ ਜਨਮ ਸੰਨ ਨਹੀਂ ਦਿੱਤਾ ਪਰ ਦਿਹਾਂਤ ਦਾ ਸੰਮਤ ੧੬੧੦ ਦੇ ਕੇ ਲਿਖਿਆ ਹੈ ਕਿ ਉਹ "ਇਸ ਲਈ ਗੁਰੂ ਨਾਨਕ ਸਵਾਮੀ ਦੇ ਸਮਕਾਲੀ ਸਨ। ਸ਼ੇਖ ਫਰੀਦ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।"

"ਗ੍ਰੰਥ ਸਾਹਿਬ ਗੁਰੂ" ਸਿਰਲੇਖ ਹੇਠਾਂ ਪੰਨਾ ੩੨੭ ਪੁਰ, ਭਾਈ ਸਾਹਿਬ ਨੇ ਉਨ੍ਹਾਂ ਲੇਖਕਾਂ ਦੇ ਨਾਮ ਦਿੱਤੇ ਹਨ ਜਿਨ੍ਹਾਂ ਦੀ ਬਾਣੀ ਪਵਿੱਤਰ ਪੋਥੀ ਵਿਚ ਸ਼ਾਮਿਲ ਕੀਤੀ ਗਈ ਹੈ। ਅਤੇ ਹੋਰਨਾਂ ਲੇਖਕਾਂ ਵਿਚ 'ਫਰੀਦ ਜੀ' ਦਾ ਨਾਮ ਲਿਖਿਆ ਹੈ। ਸਿਰਲੇਖ 'ਬ੍ਰਹਮ' ਹੇਠਾਂ ਜਿਸ ਵਿਚ ਸ਼ੇਖ ਬ੍ਰਹਮ ਵਲ ਇਸ਼ਾਰਾ ਕੀਤਾ ਗਇਆ ਹੈ ਉਨ੍ਹਾਂ ਨਹੀਂ ਲਿਖਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਬਾਣੀ ਸ਼ੇਖ ਬ੍ਰਹਮ ਦੀ ਹੈ।

ਸਰਦਾਰ ਜੀ. ਬੀ. ਸਿੰਘ ਨੇ ਆਪਣੀ ਪੁਸਤਕ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ" ਨਾਮੇ, ਜੋ ੧੯੪੪ ਵਿਚ ਮਾਡਰਨ ਪਬਲੀਕੇਸ਼ਨਜ਼, ੨੯, ਮੈਕਲੋਡ ਰੋਡ, ਲਾਹੌਰ, ਨੇ ਪ੍ਰਕਾਸ਼ਿਤ ਕੀਤੀ, ਵਿਚ ਇਸ ਮਾਮਲੇ ਪੁਰ ਇਕ ਲੰਮੀ ਬਹਸ ਇਸ ਸਵਾਲ ਪੁਰ ਕੀਤੀ ਹੈ। ਉਨ੍ਹਾਂ ਵੀ ਈਹੋ ਨਤੀਜਾ ਕਢਿਆ ਹੈ ਕਿ ਇਹ ਬਾਣੀ ਸ਼ੇਖ ਫਰੀਦ ਸ਼ਕਰਗੰਜ ਜੀ ਦੀ ਹੀ ਹੈ। ਆਪ ਆਪਣੀ ਪੁਸਤਕ ਦੇ ਪੰਨਾ ੪੪੭ ਪੁਰ ਲਿਖਦੇ ਹਨ :

"ਅਤੇ ਇਸ ਵਿਚ ਹੈਰਾਨੀ ਦੀ ਗੱਲ ਵੀ ਕੋਈ ਨਹੀਂ। ਚਿਸ਼ਤੀ ਖਾਨਵਾਦਾ ਦੇ ਸੂਫੀ ਫਕੀਰ ਹਿੰਦੁਸਤਾਨ ਵਿਚ ਇਸਲਾਮ ਦੀ ਤਬਲੀਗ ਜਾਂ ਪ੍ਰਚਾਰ ਵਾਸਤੇ ਆਏ ਹੋਏ ਸਨ। ਬਾਬਾ ਫਰੀਦ ਆਪਣੇ ਵੇਲੇ ਇਸ ਸਿਲਸਿਲੇ ਦੇ ਖਲੀਫੇ ਸਨ ਅਤੇ ਉਨ੍ਹਾਂ ਦਾ ਪਹਿਲਾ ਜ਼ਰੂਰੀ ਤੇ ਇਕੋ ਕੰਮ ਕੁਫਰ ਨੂੰ ਦੂਰ ਕਰ ਕੇ ਇਸਲਾਮ ਨੂੰ ਫੈਲਾਣਾ ਅਤੇ ਹਿੰਦੂਆਂ ਨੂੰ ਮੁਸਲਮਾਨ ਬਨਾਣਾ ਸੀ। ਬਾਬਾ ਫਰੀਦ ਨੇ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਉਨ੍ਹਾਂ ਨੂੰ ਆਪਣੇ ਕੰਮ ਵਿਚ ਬੜੀ ਭਾਰੀ ਕਾਮਯਾਬੀ ਹੋਈ। ਹਿੰਦੂ ਜ਼ਿਮੀਂਦਾਰਾਂ ਦੀਆਂ ਕੌਮਾਂ ਨੇ ਉਨ੍ਹਾਂ ਦੇ ਹੱਥੋਂ ਇਸਲਾਮ ਗ੍ਰਹਿਣ ਕੀਤਾ; ਉਨ੍ਹਾਂ ਕੋਲੋਂ ਮੁਸਲਮਾਨ ਹੋਣਾ ਫ਼ਖਰ ਦੀ ਗੱਲ ਸਮਝੀ ਜਾਂਦੀ ਸੀ। ਮੁਲਤਾਨ ਦੇ ਪਾਸ ਪਿੰਡ ਕੋਠੀਵਾਲ ਵਿਚ ਜੰਮੇ ਪਲੇ। ਅਤੇ ੯੫ (੯੩?) ਵਰ੍ਹੇ ਦੀ ਲੰਮੀ ਉਮਰ ਜੱਟਾਂ ਤੇ ਹਿੰਦੂਆਂ ਦੀਆਂ ਛੋਟੀਆਂ ਜਾਤਾਂ ਦੇ ਲੋਕਾਂ ਵਿਚ ਇਸਲਾਮ ਦਾ ਪ੍ਰਚਾਰ ਕਰਦਿਆਂ ਗੁਜ਼ਾਰੀ। ਕੀ ਇਹ ਮੁਮਕਿਨ ਹੋ ਸਕਦਾ ਹੈ ਕਿ ਬਾਬਾ ਫਰੀਦ ਦੇਸੀ ਬੋਲੀ ਨਹੀਂ ਸਨ ਜਾਣਦੇ। ਜਾਂ ਸਾਰੀ ਸਫਲਤਾ ਉਨ੍ਹਾਂ ਨੇ ਮਿਮਬਰ ਉਤੇ ਖਲੋ ਕੇ ਫਾਰਸੀ ਵਿਚ ਵਾਹਜ਼ ਕਰ ਕੇ ਪ੍ਰਾਪਤ ਕੀਤੀ ਸੀ ? ਆਪ ਸਮਾਅ ਦੀਆਂ ਮਜਲਸਾਂ ਭੀ ਕਰਦੇ ਹੁੰਦੇ ਸਨ ਜਿਥੇ ਕੱਵਾਲ ਕੱਵਾਲੀ ਕਰਦੇ

Digitized by Panjab Digital Library | www.panjabdigilib.org

ਸਨ । ਇਹ ਕੱਵਾਲੀ ਜ਼ਿਆਦਾ ਕਰਕੇ ਦੇਸ਼ੀ ਬੋਲੀ ਵਿਚ ਹੁੰਦੀ ਸੀ, ਜਿਸਨੂੰ ਸੁਣ ਕੇ ਬਾਬਾ ਫਰੀਦ ਵਜਦ ਵਿਚ ਆ ਜਾਂਦੇ ਸਨ । ਇਹ ਕੱਵਾਲ ਅਕਸਰ ਨੌਂ ਮੁਸਲਿਮ ਲੋਗ ਸਨ ।"

ਫਿਰ ਸਫਾ ੪੫੩ ਪੁਰ ਲਿਖਿਆ ਹੈ :

"ਮੈਕਾਲਿਫ ਸਾਹਿਬ ਦੀ ਕਿਤਾਬ ਦੇ ਬਾਹਿਰ ਮੈਂ ਕਿਤੇ ਵੀ ਇਹ ਨਹੀਂ ਪੜ੍ਹਿਆ ਕਿ ਸ਼ੇਖ ਇਬਰਾਹੀਮ ਨੂੰ ਫਰੀਦ ਸਾਨੀ ਸਦਦੇ ਸਨ । ਨਾ ਇਹ ਲਫਜ਼ ਸ਼ੇਖ ਇਬਰਾਹੀਮ ਦੇ ਨਾਮ ਦੇ ਪਿਛੇ ਲਗ ਕੇ ਇਸ ਤਰ੍ਹਾਂ ਪੜ੍ਹਿਆ ਹੈ 'ਸ਼ੇਖ ਇਬਰਾਹੀਮ ਫਰੀਦ ਸਾਨੀ' । ਹਾਂ, ਬਾਬਾ ਫਰੀਦ ਦੇ ਪੋਤ੍ਰੇ ਅਤੇ ਦੂਜੇ ਸੱਜਾਦਾ ਨਸ਼ੀਨ 'ਸ਼ੇਖ ਅਲਾਉਦੀਨ' ਨੂੰ 'ਸ਼ੇਖ ਅਲਾਉਦੀਨ ਫਰੀਦ ਸਾਨੀ' ਜ਼ਰੂਰ ਆਖਿਆ ਜਾਂਦਾ ਸੀ ਅਤੇ ਉਹ ਬਹੁਤ ਰਸੂਖ ਵਾਲੇ ਤੇ ਵੱਡੇ ਪੀਰ ਸਨ ।"

ਪਰ ਸਭ ਤੋਂ ਵੱਡੀ ਦਲੀਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਇਸ ਗੱਲ ਤੋਂ ਜਾਣੂ ਸਨ ਕਿ ਗੁਰੂ ਨਾਨਕ ਦੇਵ ਦੀ ਮੁਲਾਕਾਤ ਸ਼ੇਖ ਬ੍ਰਹਮ ਨਾਲ ਹੋਈ ਸੀ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਜਨਮ ਸਾਖੀ ਸੰਪਾਦਿਤ ਕਰਵਾਈ ਸੀ ਉਸ ਤੋਂ ਸ੍ਰੀ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਦੀ ਉਨ੍ਹਾਂ ਨੂੰ ਗਿਆਤ ਸੀ । ਬਾਬਾ ਬੁਢਾ ਜੀ, ਜੋ ਗੁਰੂ ਨਾਨਕ ਦੇਵ ਦੇ ਵੇਲੇ ਸਿਖ ਹੋਏ ਸਨ, ਉਨ੍ਹਾਂ ਪਾਸ ਸਨ ਜੋ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਦੀ ਜੀਵਨੀ ਦੇ ਹਾਲ ਤੋਂ ਜਾਣੂ ਕਰਾ ਸਕਦੇ ਸਨ । ਗੁਰੂ ਅਰਜਨ ਦੇਵ ਜੀ ਨੇ ਜਿਥੇ ਕਿਸੇ ਭਗਤ ਦੇ ਸ਼ਬਦ ਵਿਚ ਕੋਈ ਰਹਿ ਗਈਆਂ ਤੁਕਾਂ ਪਾਈਆਂ ਹਨ ਜਾਂ ਉਸ ਦੀ ਸੋਧ ਕੀਤੀ ਹੈ ਉਥੇ ਇਹ ਗੱਲ ਪ੍ਰਗਟ ਕਰ ਦਿਤੀ ਹੈ । ਰਾਗ ਗਉੜੀ ਵਿਚ ਕਬੀਰ ਦੇ ਚੋਧਵੇਂ ਪਦੇ ਵਿਚ ਇਕ ਸਿਰਲੇਖ ਹੈ 'ਗਉੜੀ ਕਬੀਰ ਜੀ', ਨਾਲ ਰਲਾਇ ਲਿਖਿਆ 'ਮਹਲਾ ੫' । ਜਿਥੇ ਉਨ੍ਹਾਂ ਭਗਤਾਂ ਦੇ, ਜਿਨ੍ਹਾਂ ਦੀ ਬਾਣੀ ਬਹੁਤ ਥੋੜੀ ਹੈ, ਸਿਰਲੇਖਾਂ ਵਿਚ ਠੀਕ ਨਾਮ ਦਿੱਤੇ ਹਨ ਉਥੇ ਫਰੀਦ ਬਾਣੀ ਦੇ ਸਿਰਲੇਖ ਵਿਚ ਉਨ੍ਹਾਂ ਨੂੰ ਕੀ ਔਖ ਸੀ ਕਿ ਉਹ ਸ਼ੇਖ ਬ੍ਰਹਮ ਜਾਂ ਸ਼ੇਖ ਫਰੀਦ ਸਾਨੀ ਨਾ ਲਿਖਦੇ ? ਮੈਕਾਲਿਫ ਸਾਹਿਬ ਤੋਂ ਪਹਿਲੋਂ ਸਭ ਸਿਖ ਵਿਦਵਾਨ ਅਤੇ ਹਿੰਦੂ ਮੁਸਲਮਾਨ, ਇਸ ਬਾਣੀ ਨੂੰ ਬਾਬਾ ਫਰੀਦ ਸ਼ੱਕਰਗੰਜ ਦੀ ਬਾਣੀ ਮੰਨਦੇ ਆਏ ਹਨ ਅਤੇ ਹੁਣ ਪਾਠਕਾਂ ਨੂੰ ਨਿਸਚਾ ਹੋ ਜਾਏਗਾ ਕਿ ਇਹ ਹੈ ਵੀ ਉਨ੍ਹਾਂ ਦੀ ਹੀ ਬਾਣੀ ।

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆਂ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥

(ਸਲੋਕੁ ਸ਼ੇਖ ਫਰੀਦ ਜੀਉ)

Digitized by Panjab Digital Library | www.panjabdigilib.org

ਪ੍ਰੀਤਮ ਸਿੰਘ

ਬਾਬਾ ਫਰੀਦ ਦਾ ਸੰਖਿਪਤ ਜੀਵਨ

ਬਾਬਾ ਫ਼ਰੀਦ ਤੋਂ ਪਹਿਲਾਂ ਹਿੰਦੋਸਤਾਨ ਵਿਚ, ਸੂਫ਼ੀਆਂ ਦੀ ਚਿਸ਼ਤੀ ਸੰਪ੍ਰਦਾਇ ਦੇ ਦੋ ਮੁਰੈਲ ਸ਼ੈਖ਼ਾਂ ਦਾ ਪ੍ਰਵੇਸ਼ ਹੋ ਚੁੱਕਾ ਸੀ।

ਪਹਿਲੇ ਸਨ ਸ਼ੈਖ਼ ਮੁਈਨੁਦ ਦੀਨ ਸਿਜਜ਼ੀ, ਜਿਨ੍ਹਾਂ ਦਾ ਮਜ਼ਾਰ ਅਜਮੇਰ ਵਿਚ ਹੈ ਤੇ ਦੂਜੇ ਸਨ ਉਨ੍ਹਾਂ ਦੇ ਨਾਦੀ ਉੱਤਰ-ਅਧਿਕਾਰੀ ਸ਼ੈਖ਼ ਕੁਤਬੁਦ ਦੀਨ ਬਖ਼ਤਯਾਰ ਕਾਕੀ ਜੋ ਦਿੱਲੀ ਵਿਚ ਕੁਤਬ ਸਾਹਿਬ ਦੀ ਲਾਠ ਦੇ ਪਾਸ ਦਫ਼ਨਾਏ ਹੋਏ ਹਨ।

ਇਹ ਦੋਵੇਂ ਮਹਾ ਪੁਰਖ ਜਨਮ ਵੱਲੋਂ ਬਦੇਸੀ ਤੇ ਮ੍ਰਿਤੂ ਵੱਲੋਂ ਹਿੰਦੋਸਤਾਨੀ ਸਨ। ਪਰ ਬਾਬਾ ਫ਼ਰੀਦ, ਜੋ ਸ਼ੈਖ਼ ਕੁਤਬੁਦ ਦੀਨ ਬਖ਼ਤਯਾਰ ਕਾਕੀ ਤੋਂ ਪਿੱਛੋਂ, ਉਨ੍ਹਾਂ ਦੀ ਨਾਦੀ ਗੱਦੀ ਉੱਤੇ ਸੁਸ਼ੋਭਿਤ ਹੋਏ, ਜਨਮ ਤੇ ਮਰਨ ਵਾਲੇ ਦੁਹਾਂ ਪਾਸਿਆਂ ਤੋਂ ਹਿੰਦੋਸਤਾਨੀ, ਬਲਕਿ ਠੇਠ ਪੰਜਾਬੀ ਸਨ।

ਬਾਬਾ ਫ਼ਰੀਦ ਦੇ ਆਪਣੇ ਨਾਦੀ ਉੱਤਰ-ਅਧਿਕਾਰੀ, ਪ੍ਰਸਿਧ ਸ਼ੈਖ਼ ਨਿਜ਼ਾਮੁਦ ਦੀਨ ਔਲੀਆ ਦੇ ਇਕ ਪਰਮ ਸ਼ਰਧਾਲੂ, ਅਮੀਰ ਖ਼ੁਰਦ ਕਿਰਮਾਨੀ ਨੇ, ਫ਼ੀਰੋਜ਼ ਸ਼ਾਹ ਤੁਗ਼ਲਕ ਦੇ ਸਮੇਂ, ਸੰਨ ੭੫੭ ਹਿਜਰੀ (੧੩੫੬ ਈ.) ਤੋਂ ਕੁੱਝ ਚਿਰ ਪਿਛੋਂ, **ਸੀਅਰੁਲ ਔਲੀਆ** ਨਾਂ ਦੀ ਇਕ ਕਿਤਾਬ ਤਿਆਰ ਕੀਤੀ।[1] ਇਸ ਵਿਚ ਬਾਬਾ ਫ਼ਰੀਦ ਦਾ ਜੀਵਨ-ਬਿਰਤਾਂਤ ਕਾਫ਼ੀ ਵਿਸਤਾਰ ਨਾਲ ਪ੍ਰਾਪਤ ਹੈ। ਬਿਰਤਾਂਤ ਦੇ ਅੰਤ ਵਿਚ ਇਉਂ ਲਿਖਿਆ ਹੈ:

"ਵਿਦਿਤ ਹੋਣਾ ਚਾਹੀਦਾ ਹੈ ਕਿ ਹਜ਼ਰਤ ਸ਼ੈਖ਼ ਫ਼ਰੀਦੁਲ-ਹੱਕ-ਵਦ-ਦੀਨ, ਮਸਊਦ, ਗੰਜਿ ਸ਼ਕਰ (ਉਨ੍ਹਾਂ ਦਾ ਭੇਤ ਪਵਿੱਤਰ ਰਹੇ) ਪ੮੯ ਹਿਜਰੀ ਵਿਚ ਪੈਦਾ ਹੋਏ ਤੇ ੬੬੪ ਹਿਜਰੀ ਵਿਚ ਸਮਾ ਗਏ। ਇਸ ਹਿਸਾਬ ਨਾਲ ਆਪ ਦੀ ਉਮਰ ਸ਼ਰੀਫ਼ ੯੫ ਵਰ੍ਹੇ ਦੀ ਬਣੀ।"[2]

ਫ਼ਵਾਇਦੁਲ ਫ਼ੁਵਾਦ ਵਿਚ, ਜੋ ਸ਼ੈਖ਼ ਨਿਜ਼ਾਮੁਦ ਦੀਨ ਔਲੀਆ ਦੇ ਇਕ ਹੋਰ ਪਰਮ ਮੁਰੀਦ, ਅਮੀਰ ਹਸਨ ਸਿਜਜ਼ੀ ਨੇ ੧੩੦੮ ਈ. ਵਿਚ ਸ਼ੁਰੂ ਕਰ ਕੇ ੧੩੨੨ ਈ. ਵਿਚ ਮੁਕਾਈ, ਔਲੀਆ ਸਾਹਿਬ ਦੇ ਮੂੰਹੋਂ ਅਖਵਾਇਆ ਮਿਲਦਾ ਹੈ ਕਿ ਬਾਬਾ ਜੀ ਦਾ ਚਲਾਣਾ ਮੁਹੱਰਮ ਦੀ ਪੰਜਵੀਂ ਰਾਤ ਨੂੰ ਹੋਇਆ।[3] ਪੰਜ ਮੁਹੱਰਮ ੬੬੪ ਹਿ. ਦੀ ਮਿਤੀ ਈਸਵੀ ਲੇਖੇ ਅਨੁਸਾਰ ੧੭ ਅਕਤੂਬਰ, ੧੨੬੫ ਬਣਦੀ ਹੈ।

ਪਾਕ ਪਟਨ (ਜ਼ਿਲਾ ਮਿੰਟਗੁਮਰੀ, ਪਾਕਿਸਤਾਨ) ਵਿਚ, ਹੁਣ ਵੀ, ਬਾਬਾ ਜੀ ਦੇ ਮਜ਼ਾਰ ਉੱਤੇ, ਪੰਜ ਮੁਹੱਰਮ ਵਾਲੇ ਦਿਨ, ਵਰ੍ਹੀਣੇ ਦਾ ਬੜਾ ਭਾਰਾ ਮੇਲਾ ਭਰਦਾ ਹੈ। ਚਲਾਣੇ ਦੀ ਸੂਚਨਾ ਦੇਣ ਵਾਲੀ ਉਪਰੋਕਤ ਗੋਸ਼ਟ ਵਿਚ, ਅਮੀਰ ਹਸਨ ਨੇ, ਸ਼ੈਖ਼ ਸਾਹਿਬ ਦਾ ਇਹ ਕਥਨ ਵੀ ਨਾਲ ਹੀ ਦਿੱਤਾ ਹੋਇਆ ਹੈ ਕਿ ਬਾਬਾ ਫ਼ਰੀਦ ਦੀ ਉਮਰ ੯੩ ਸਾਲ ਸੀ।

ਜਵਾਹਰਿ ਫ਼ਰੀਦੀ ਨੇ ਰਮਜ਼ਾਨ ਦੀ ਪਹਿਲੀ ਤਾਰੀਖ਼ ਜਾਂ ਸ਼ੁੱਕਰਵਾਰ, ਪੰਜ ਅਪ੍ਰੈਲ ਸੰਨ ੧੧੭੪ ਈ. ਨੂੰ ਬਾਬਾ ਸਾਹਿਬ ਦਾ ਜਨਮ ਮੰਨਿਆ ਹੈ।[4]

ਸੀਅਰੁਲ ਔਲੀਆ ਦੀ ਸੂਚਨਾ ਅਨੁਸਾਰ ਬਾਬਾ ਫ਼ਰੀਦ ਦਾ ਪਿੱਛਾ ਅਫ਼ਗ਼ਾਨਿਸਤਾਨ ਦਾ ਸੀ, ਜਿੱਥੋਂ, ਚੰਗੇਜ਼ੀ ਉਥੱਲ ਪੁਥੱਲ ਦੇ ਕਾਰਨ, ਇਨ੍ਹਾਂ ਦੇ ਖ਼ਾਨਦਾਨ ਨੂੰ, ਸ਼ਰਨਾਰਥੀ ਬਣ ਕੇ, ਪੰਜਾਬ ਵਿਚ ਆਉਣਾ ਪਿਆ।

ਜਵਾਹਰਿ ਫ਼ਰੀਦੀ ਦੀ ਦੱਸ ਅਨੁਸਾਰ ਬਾਬਾ ਜੀ ਦਾ ਦਾਦਾ, ਕਾਜ਼ੀ ਸ਼ੁਐਬ, ਆਪਣੇ ਪਰਿਵਾਰ ਸਮੇਤ, ਪੰਜਾਬ ਵਿਚ ਪ੧੯ ਹਿ. ਜਾਂ

---

੧. ਇਹ ਅਨੁਮਾਨ ਇਸ ਗੱਲ ਤੋਂ ਲਾਇਆ ਗਿਆ ਹੈ ਕਿ 'ਸੀਅਰੁਲ ਔਲੀਆ' ਵਿਚ ਸ਼ੈਖ਼ ਨਸੀਰੁਦ ਦੀਨ ਔਲੀਆ ਦੀ ਮ੍ਰਿਤੂ ਦਾ ਜ਼ਿਕਰ ਹੈ, ਜੋ ੭੫੭ ਹਿ. ਨੂੰ ਵਾਪਰੀ ਸੀ।

੨. ਅਮੀਰ ਖ਼ੁਰਦ ਕਿਰਮਾਨੀ, 'ਸੀਅਰੁਲ ਔਲੀਆ' (ਉਰਦੂ ਅਨੁਵਾਦ, ਗ਼ੁਲਾਮ ਅਹਮਦ ਖ਼ਾਨ ਬਿਰੀਆਨ), ਮੁਸਲਿਮ ਪ੍ਰੈਸ ਦਿਹਲੀ, ੧੯੦੨, ਸਫ਼ਾ ੯੮।

੩. ਅਮੀਰ ਹਸਨ ਸਿਜਜ਼ੀ, 'ਫ਼ਵਾਇਦੁਲ ਫ਼ੁਵਾਦ' (ਫ਼ਾਰਸੀ), ਤੀਜੀ ਵਾਰ, ਨਵਲਕਿਸ਼ੋਰ ਪ੍ਰੈਸ, ੧੮੯੪; ੨੫ ਅਗਸਤ, ੧੩੧੦ ਦੀ ਗੋਸ਼ਟ, ਸਫ਼ਾ ੫੨.

੪. ਅਲੀ ਅਸਗਰ ਭਦਾਲਵੀ, 'ਜਵਾਹਰਿ ਫ਼ਰੀਦੀ' (ਫ਼ਾਰਸੀ), ਵਿਕਟੋਰੀਆ ਪ੍ਰੈਸ, ੧੮੮੪, ਸਫ਼ਾ ੧੮੫ (ਸ਼ੁਰੂ ਕੀਤੀ ੧੬੨੩ ਈ. ਮੁਕਾਈ ੧੬੨੭ ਈ.)

Digitized by Panjab Digital Library | www.panjabdigilib.org

੧੧੨੫ ਈ. ਵਿਚ ਪਹੁੰਚਿਆ ।[5] ਪੰਜਾਬ ਵਿਚ ਪਹੁੰਚ ਕੇ ਉਸ ਦਾ ਪੱਕਾ ਟਿਕਾਣਾ ਮੁਲਤਾਨ ਦੀ ਜੂਹ ਵਿਚਲੇ ਇਕ ਪਿੰਡ ਖੋਤੀਵਾਲ[6] ਵਿਚ ਹੋਇਆ ।

ਇਸ ਸ਼ਰਨਾਰਥੀ ਪਰਿਵਾਰ ਨੂੰ ਏਥੇ ਰਹਿੰਦਿਆਂ ਅੱਧੀ ਸਦੀ ਦੇ ਕਰੀਬ ਸਮਾਂ ਲੰਘ ਚੁੱਕਾ ਸੀ, ਜਦੋਂ ਕਾਜ਼ੀ ਜੀ ਦੇ ਇਕ ਸੁਪੁੱਤਰ ਜਮਾਲੁਦ ਦੀਨ ਸੁਲੇਮਾਨ ਦੇ ਘਰ 'ਮਸਊਦ' ਦਾ ਜਨਮ ਹੋਇਆ ।

ਇਸ ਤੋਂ ਸਪਸ਼ਟ ਹੈ ਕਿ ਮਸਊਦ ਇਲਾਕੇ ਦੀ ਦੇਸੀ ਬੋਲੀ ਵਿਚ ਬੜੀ ਆਸਾਨੀ ਨਾਲ ਬੋਲਣ, ਪੜ੍ਹਣ ਤੇ ਲਿਖਣ ਦੇ ਸਮਰਥ ਸੀ । ਵੱਡਾ ਹੋ ਕੇ ਜਦੋਂ 'ਮਸਊਦ' ਚਿਸ਼ਤੀ ਸੂਫੀਆਂ ਦੀ ਸੰਪ੍ਰਦਾਇ ਵਿਚ ਸ਼ਾਮਿਲ ਹੋ ਗਿਆ ਤਾਂ, ਸੰਪ੍ਰਦਾਇ ਦੀ ਪ੍ਰਥਾ ਅਨੁਸਾਰ, ਮੁਰਸ਼ਦ ਨੇ ਉਸ ਨੂੰ 'ਫ਼ਰੀਦੁਦ ਦੀਨ' ਲਕਬ ਪ੍ਰਦਾਨ ਕੀਤਾ, ਜਿਸ ਦੇ ਅਰਥ ਹਨ: ਦੀਨ ਦਾ ਸਭ ਤੋਂ ਵੱਡਾ ਤੇ ਅਦੁੱਤੀ ਮੋਤੀ ।

ਇਸ ਨਵੇਂ ਨਾਮ-ਕਰਨ ਉਪਰੰਤ, ਸਾਹਿੱਤ, ਇਤਿਹਾਸ ਤੇ ਲੋਕ-ਸਿਮਰਤੀ ਵਿਚ ਮਸਊਦ ਦਾ ਇਹੀ 'ਫ਼ਰੀਦੁਦ ਦੀਨ' ਨਾਂ, ਜਾਂ ਇਸ ਦਾ ਸੰਖਪਿਤ ਰੂਪ 'ਫ਼ਰੀਦ' ਹੀ ਜੀਉਂਦਾ ਰਿਹਾ ਹੈ ਤੇ 'ਮਸਊਦ' ਲੋਪ ਹੋ ਗਿਆ ਹੈ ।

ਗੁਰੂ ਗ੍ਰੰਥ ਸਾਹਿਬ ਦੇ ਸਲੋਕਾਂ ਵਿਚ ਵੀ ਇਹੀ 'ਫਰੀਦ' ਨਾਂ ਹੀ ਤਖ਼ੱਲੁਸ ਵਜੋਂ ਵਰਤਿਆ ਮਿਲਦਾ ਹੈ ।

ਮਸਊਦ ਨੂੰ ਧਰਮ-ਵਿਦਿਆ ਵਿਚ ਪ੍ਰਬੀਨ ਬਣਾਉਣ ਲਈ ਮਾਪਿਆਂ ਨੇ ਮੁਲਤਾਨ ਦੇ ਇਕ ਮਸੀਤੀ ਮਦਰਸੇ ਵਿਚ ਦਾਖ਼ਲ ਕਰਵਾਇਆ ।

ਇਸੇ ਮਦਰਸੇ ਵਿਚ ਉਸ ਦੀ ਮੁਲਾਕਾਤ ਚਿਸ਼ਤੀ ਸੰਪ੍ਰਦਾਇ ਦੇ ਉਸ ਵੇਲੇ ਦੇ ਮੁਖੀ, ਖ਼ਾਜਾ ਕੁਤਬੁਦ ਦੀਨ ਬਖ਼ਤਯਾਰ ਕਾਕੀ ਨਾਲ ਹੋਈ, ਜਿਸ ਪਿੱਛੋਂ ਛੇਤੀ ਹੀ, ਆਪ ਦੇ ਅੰਗ-ਸੰਗ ਰਹਿਣ ਲਈ, ਉਹ ਦਿੱਲੀ ਪਹੁੰਚ ਗਿਆ । ਕਾਕੀ ਜੀ ਦਾ ਪੱਕਾ ਟਿਕਾਣਾ ਦਿੱਲੀ ਵਿਚ ਸੀ ।

ਦਿੱਲੀ ਵਿਚ, ਖਾਣ ਪਹਿਨਣ ਵੱਲੋਂ ਬੇਪਰਵਾਹ ਹੋ ਕੇ, ਫ਼ਰੀਦ ਨੇ ਕਰੜੀ ਤਪਸਿਆ ਵਾਲਾ ਰਾਹ ਧਾਰਨ ਕੀਤਾ, ਕਈ ਤਰ੍ਹਾਂ ਦੇ ਚਿੱਲੇ ਕੱਟੇ ਅਤੇ ਨਮਾਜ਼ ਤੇ ਰੋਜ਼ੇ ਆਦਿ ਦੀ ਸ਼ਰਈ ਸਾਧਨਾ ਨੂੰ ਦ੍ਰਿੜ੍ਹਤਾ ਨਾਲ ਨਿਭਾਉਣਾ ਸ਼ੁਰੂ ਕੀਤਾ ।

ਇਨ੍ਹਾਂ ਦਿਨਾਂ ਵਿਚ ਉਸ ਨੂੰ ਕੁਰਾਨ ਤੋਂ ਛੁੱਟ ਇਸਲਾਮ ਤੇ ਸੂਫੀਵਾਦ ਦੇ ਹੋਰ ਬਹੁਤ ਸਾਰੇ ਰੂੜ੍ਹੀ-ਗ੍ਰੰਥਾਂ ਦੇ ਡੂੰਘੇ ਤੇ ਵਿਸਤ੍ਰਿਤ ਅਧਿਐਨ ਦਾ ਅਵਸਰ ਮਿਲਿਆ ।

ਆਮ ਤਪੀਸ਼ਰਾਂ ਵਾਂਗ ਫ਼ਰੀਦ ਨੇ ਸਰੀਰ ਦੇ ਸਾਧਣ ਨੂੰ, ਬਿਰਤੀ ਤੇ ਬੁੱਧੀ ਦੇ ਸਾਧਣ ਤੋਂ ਤੋੜ ਕੇ ਅਲਗੋਂ ਭਿੰਨ ਕ੍ਰਿਆ ਨਾ ਬਣਨ ਦਿੱਤਾ, ਜਿਸ ਕਰਕੇ ਉਸ ਦੀ ਅਧਿਆਤਮਿਕ-ਪ੍ਰਾਪਤੀ ਤੇ ਵਿਦਵਤਾ ਦਾ ਉਸ ਦੀ ਨਿਮਰਤਾ ਨਾਲ ਅਨਜੋੜ ਪੈਦਾ ਨਾ ਹੋਇਆ ਤੇ ਨਾ ਹੀ ਉਸ ਦੇ ਕਰੜੇ ਤੇ ਕਠੋਰ ਤਪ ਨੇ ਉਸ ਦੇ ਮਨ ਦੀ ਕੋਮਲਤਾ ਤੇ ਬੋਲ ਦੀ ਮਧੁਰਤਾ ਨਾਲ ਕੋਈ ਵਿਰੋਧ ਖੜ੍ਹਾ ਕੀਤਾ ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਮੁਰਸ਼ਦ ਦੇ ਜੀਉਂਦੇ-ਜੀ ਉਸ ਦੀ ਸੋਭਾ ਕਾਕੀ ਜੀ ਦੀ ਦਰਗਾਹ ਦੀਆਂ ਕੰਧਾਂ ਪਾਰ ਕਰ ਗਈ ਤੇ ਲੋਕਾਂ ਨੂੰ ਉਸ ਦੇ ਰੂਹਾਨੀ ਗੌਰਵ, ਸ਼ੁਭ-ਚਿੰਤਨ ਤੇ ਮਿਠ-ਬੋਲਣ ਨੇ ਏਨਾ ਮੋਹਿਆ ਕਿ ਉਸ ਦੀ ਅੱਲ 'ਗੰਜਿ ਸ਼ਕਰ' ਜਾਂ 'ਸ਼ਕਰ ਗੰਜ' (ਸ਼ੱਕਰ ਦਾ ਖ਼ਜ਼ਾਨਾ) ਪੈ ਗਈ ।[7]

ਸ਼ੇਖ਼ ਕੁਤਬੁਦ ਦੀਨ ਬਖ਼ਤਯਾਰ ਕਾਕੀ ਨੇ ਆਪਣੇ ਅੰਤ ਸਮੇਂ ਬਾਬਾ ਫ਼ਰੀਦ ਨੂੰ ਆਪਣਾ ਉੱਤਰ-ਅਧਿਕਾਰੀ ਥਾਪ ਕੇ ਉਸ ਦੀ ਯੋਗਤਾ ਤੇ ਪ੍ਰਮੁਖਤਾ ਉੱਤੇ ਪਰਵਾਨਗੀ ਦੀ ਮੁਹਰ ਲਾ ਦਿੱਤੀ ।

ਦਿੱਲੀ ਸ਼ਹਿਨਸ਼ਾਹੀ ਸ਼ਹਿਰ ਸੀ । ਦੰਭ, ਭੇਖ, ਕੁਟਿਲਤਾ, ਗਹਿਮਾ ਗਹਿਮੀ, ਫੂੰ-ਫਾਂ, ਅੜ੍ਹਕ-ਮੜ੍ਹਕ ਤੇ ਉਦਰ-ਪੂਰਤੀ ਇਸ ਸ਼ਹਿਰ ਦੇ ਨਿੱਤ ਦੇ ਵਿਹਾਰ ਸਨ, ਜਿਵੇਂ ਕਿ ਹਰ ਸ਼ਹਿਨਸ਼ਾਹੀ ਸ਼ਹਿਰ ਦੇ ਹੁੰਦੇ ਹਨ, ਪਰ ਬਾਬਾ ਫ਼ਰੀਦ ਦੀ ਜੀਵਨ-ਵਿਧੀ ਵਿਚ ਇਨ੍ਹਾਂ ਦੀ ਕੋਈ ਥਾਂ ਨਹੀਂ ਸੀ ।

ਨਿਰਸੰਦੇਹ, ਉਨ੍ਹਾਂ ਨੇ ਆਪਣੇ ਆਪ ਨੂੰ ਸਵਾਲ ਕੀਤਾ ਹੋਵੇਗਾ, "ਦਿੱਲੀ ਦੇ ਧਨਾਢ ਵਪਾਰੀਆਂ, ਜੀ-ਹਜ਼ੂਰੀਏ ਕਰਮਚਾਰੀਆਂ, ਨਿਰਦਈ

---

੫. ਉਹੀ, ਸਫ਼ਾ ੧੮੩ ।

੬. ਬਾਬਾ ਫ਼ਰੀਦ ਨਾਲ ਸੰਬੰਧ ਰੱਖਣ ਵਾਲੀਆਂ ਅਨੇਕ ਫ਼ਾਰਸੀ, ਉਰਦੂ, ਅੰਗ੍ਰੇਜ਼ੀ, ਪੰਜਾਬੀ ਤੇ ਹਿੰਦੀ ਪੁਸਤਕਾਂ ਵਿਚ ਇਸ ਪਿੰਡ ਦੇ ਬੜੇ ਅਜੀਬ ਅਜੀਬ ਨਾਮਾਂਤਰ ਮਿਲਦੇ ਹਨ ਪਰ ਸ਼ੁੱਧ ਨਾਮ 'ਖੋਤੀਵਾਲ' ਹੀ ਹੈ, ਜੋ ਹੁਣ 'ਚਾਵਲੀ ਮਸ਼ਾਇਖ਼' ਕਰਕੇ ਵੀ ਪ੍ਰਸਿੱਧ ਹੈ । ਜਵਾਹਰਿ ਫ਼ਰੀਦੀ ਵਿਚ 'ਚਾਵਲੀ ਮਸ਼ਾਇਖ਼' ਵਾਲੇ ਨਾਮ-ਸੰਸਕਾਰ ਦੀ ਲੋਕ-ਕਥਾ ਵੀ ਦਿੱਤੀ ਹੋਈ ਹੈ (ਸਫ਼ਾ ੧੮੪) ।

੭. ਜਦੋਂ ਮਿੱਟੀ ਦੀ ਡਲੀ ਨਾਲ ਰੋਜ਼ਾ ਖੋਲ੍ਹਿਆਂ ਮੂੰਹ ਵਿਚ ਖੰਡ ਵਰਗਾ ਸੁਆਦ ਆਇਆ ਤਾਂ ਖ਼ਾਜਾ ਕੁਤਬੁਦ ਦੀਨ ਕਾਕੀ ਨੇ ਅਸੀਸ ਦਿੱਤੀ "...ਜਾਓ ਸ਼ੱਕਰ ਵਾਂਗ ਸਦਾ ਮਿੱਠੇ ਰਹੋਗੇ । ਇਹੀ ਕਾਰਨ ਹੈ ਕਿ ਜਨਾਬ ਦੁਨੀਆਂ ਦੇ ਸ਼ੇਖ਼ਾਂ ਦੇ ਸ਼ੇਖ਼ ਫ਼ਰੀਦੁਲ ਹੱਕ ਵਦ ਦੀਨ (ਅੱਲਹ ਉਨ੍ਹਾਂ ਦੇ ਪਿਆਰੇ ਭੇਤ ਨੂੰ ਪਵਿੱਤਰ ਰੱਖੇ) 'ਸ਼ੱਕਰ ਵਸਾਉਣ ਵਾਲਾ ਪੀਰ' (ਸ਼ੱਕਰ ਬਾਰ) ਜਾਂ 'ਸ਼ੱਕਰ ਦਾ ਖ਼ਜ਼ਾਨਾ' (ਗੰਜਿ ਸ਼ਕਰ) ਕਹਿੰਦੇ ਹਨ...।" ਸੀਅਰੁਲ ਔਲੀਆ, ਸਫ਼ਾ ੭੫ ।

Digitized by Panjab Digital Library | www.panjabdigilib.org

ਅਧਿਕਾਰੀਆਂ, ਅਧਰਮੀ ਧਰਮ-ਸ਼ਾਸਤ੍ਰੀਆਂ ਤੇ ਰੱਤ-ਪੀਣੇ ਹਾਕਮਾਂ ਨੂੰ ਮੇਰੀ ਬਹੁਤੀ ਲੋੜ ਹੈ ਕਿ ਨਿਰਸਾਧਨ, ਨਿਰੱਖਰ, ਉੱਜਡ ਪਰ ਸਿੱਧੜ ਪੇਂਡੂਆਂ ਨੂੰ, ਜਿਨ੍ਹਾਂ ਵਿਚੋਂ ਉੱਠ ਕੇ ਮੈਂ ਇਹ ਸਾਰੀ ਪ੍ਰਾਪਤੀ ਕੀਤੀ ਹੈ ਤੇ ਜਿਨ੍ਹਾਂ ਵੱਲ ਸਹਿਨਸ਼ੀਲ ਤੇ ਹਿਤਕਾਰੀ ਦ੍ਰਿਸ਼ਟੀ ਦੀ ਮੈਂ ਆਪਣੇ ਮੁਰਸ਼ਦ ਪਾਸੋਂ ਸਿਖਲਾਈ ਲਈ ਹੈ ?"

ਬਾਬਾ ਸਾਹਿਬ ਨੂੰ, ਫ਼ੈਸਲਾ ਕਰਨ ਵਿਚ ਦੇਰ ਨਹੀਂ ਲੱਗੀ ਹੋਣੀ ਕਿਉਂਕਿ ਪੀਰੀ ਦੇ ਆਸਣ ਉਤੇ ਬੈਠਣ ਦੇ ਕੁੱਝ ਚਿਰ ਪਿਛੋਂ ਹੀ ਆਪ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ 'ਅਜਵਰਧਨ'[8] ਨੂੰ ਬਣਾ ਲਿਆ ।

'ਅਜਵਰਧਨ' ਇਕ ਪੁਰਾਣੀ ਪਰ ਬੇਰੌਣਕ ਵਸਤੀ ਸੀ, ਜਿਥੋਂ ਦੇ ਲੋਕ ਬਾਬਾ ਸਾਹਿਬ ਦੇ ਆਪਣੇ ਪਿੰਡ ਖੋਤੀਵਾਲ ਵਰਗੇ ਤੇ ਜਿਨ੍ਹਾਂ ਦੀ ਬੋਲੀ ਉਨ੍ਹਾਂ ਦੀ ਆਪਣੀ ਪੇਂਡੂ ਬੋਲੀ ਵਰਗੀ ਸੀ ।

ਇਹੀ ਅਜਵਰਧਨ, ਪਿੱਛੋਂ, ਬਾਬਾ ਜੀ ਦੇ ਸੰਪਰਕ ਕਰਕੇ, 'ਪਾਕ ਪਟਨ' ਅਖਵਾਇਆ ।

ਚਿਸ਼ਤੀ ਸੰਪ੍ਰਦਾਇ ਦੇ ਸਾਰੇ ਪ੍ਰਮਾਣਿਕ ਗ੍ਰੰਥਾਂ, ਜਿਵੇਂ **ਫ਼ਵਾਇਦੁਲ ਫ਼ੁਵਾਦ** (੧੩੦੮-੧੩੨੨), **ਖ਼ੈਰੁਲ ਮਜਾਲਿਸ** (੧੩੫੪-੫੫) ਤੇ **ਸੀਅਰੁਲ ਔਲੀਆ** (੧੩੫੬ ਤੋਂ ਪਿੱਛੋਂ) ਤੋਂ, ਜਿਨ੍ਹਾਂ ਦੇ ਆਧਾਰ ਉਤੇ ਇਹ ਸੰਖਿਪਤ ਪੇਪਰ ਤਿਆਰ ਕੀਤਾ ਗਿਆ ਹੈ, ਪਤਾ ਲਗਦਾ ਹੈ ਕਿ ਉਸ ਵੇਲੇ ਨੀਲੀਬਾਰ ਵਿਚ ਜਾਦੂ ਟੂਣੇ ਕਰਨ ਵਾਲੇ ਜੋਗੀਆਂ ਦਾ ਬੜਾ ਜ਼ੋਰ ਸੀ।

ਇਸ ਬਾਰ ਵਿਚ ਬਾਬਾ ਫ਼ਰੀਦ ਦੇ ਪ੍ਰਵੇਸ਼ ਨੂੰ ਜੋਗੀਆਂ ਨੇ ਆਪਣੇ ਅਧਿਕਾਰ-ਖੇਤਰ ਉਤੇ ਆਕ੍ਰਮਣ ਸਮਝਿਆ । ਪਰ ਜਿਉਂ ਜਿਉਂ ਬਾਬਾ ਫ਼ਰੀਦ ਦਾ ਸਰਲ, ਨਿੱਘਾ ਤੇ ਮਾਨਵ-ਹਿਤੈਸ਼ੀ ਬਿੰਬ ਲੋਕਾਂ ਵਿਚ ਉੱਘੜਦਾ ਗਿਆ, ਤਿਉਂ ਤਿਉਂ ਜੋਗੀਆਂ ਦਾ ਵਿਰੋਧ ਵਧਦਾ ਤੇ ਪ੍ਰਭਾਵ ਘਟਦਾ ਗਿਆ । ਏਥੋਂ ਤਕ ਕਿ ਬਾਰ ਦੇ ਘਰ ਘਰ ਵਿਚ 'ਫ਼ਰੀਦ' 'ਫ਼ਰੀਦ' ਹੋਣ ਲਗ ਪਿਆ ।

ਬਾਬਾ ਫ਼ਰੀਦ ਹਿੰਦੋਸਤਾਨ ਦੀਆਂ ਸਰਹੱਦਾਂ ਤੋਂ ਬਾਹਰ ਨਹੀਂ ਸਨ ਗਏ । ਤੁਰ ਫਿਰ ਕੇ ਪ੍ਰਚਾਰ ਕਰਨ ਦੀ ਥਾਂ ਉਨ੍ਹਾਂ ਦਾ ਚਿਤ ਇਕੋ ਥਾਂ ਟਿਕ ਕੇ ਸੰਜਮੀ ਜੀਵਨ ਬਿਤਾਉਣ ਤੇ ਇਸੇ ਅਨੁਸਾਰ ਮੁਰੀਦਾਂ ਦੇ ਜੀਵਨ ਢਾਲਣ ਉੱਤੇ ਵਧੇਰੇ ਟਿਕਦਾ ਸੀ ।

ਖ਼ੈਰੁਲ ਮਜਾਲਿਸ ਅਨੁਸਾਰ ਬਾਬਾ ਜੀ ਦੀਆਂ ਦੋ ਤਿੰਨ ਸੁਪਤਨੀਆਂ ਸਨ ।[9]

ਸੀਅਰੁਲ ਔਲੀਆ ਅਨੁਸਾਰ ਇਨ੍ਹਾਂ ਦੇ ਘਰ ਪੰਜ ਸਪੁੱਤਰ ਤੇ ਤਿੰਨ ਸੁਪੁੱਤਰੀਆਂ ਹੋਈਆਂ ।[10]

ਸਭ ਤੋਂ ਵੱਡਾ ਲੜਕਾ, ਖ਼ਾਜਾ ਨਸੀਰੁਦ ਦੀਨ, ਵਾਹੀ ਕਰਦਾ ਸੀ । ਦੂਜਾ, ਸ਼ਿਹਾਬੁਦ ਦੀਨ, ਘਰ ਦੀ ਤੇ ਪਿਤਾ ਦੀ ਦੇਖ-ਭਾਲ ਕਰਦਾ ਸੀ । ਖ਼ਾਜਾ ਬਦਰੁਦ ਦੀਨ ਸੁਲੇਮਾਨ, ਤੀਜਾ ਸੁਪੁੱਤਰ, ਆਪਣੇ ਪਿਤਾ ਦੇ ਪਿਛੋਂ ਉਨ੍ਹਾਂ ਦਾ ਬਿੰਦੀ ਵਾਰਿਸ ਤੇ ਗੱਦੀਦਾਰ ਬਣਿਆ । ਚੌਥਾ, ਖ਼ਾਜਾ ਨਿਜ਼ਾਮੁਦ ਦੀਨ, ਪਿਤਾ ਦਾ ਸਭ ਤੋਂ ਲਾਡਲਾ ਪੁੱਤਰ, ਸਿਪਾਹੀ ਸੀ ਤੇ ਸਭ ਤੋਂ ਛੋਟਾ, ਖ਼ਾਜਾ ਯਅਕੂਬ, ਮੌਜੀ ਠਾਕਰ ਸੀ ।

ਸੁਪੁੱਤਰੀਆਂ ਦੇ ਨਾਂ ਸਨ : ਬੀਬੀ ਮਸਤੂਰਹ, ਬੀਬੀ ਸ਼ਰੀਫ਼ਹ, ਜੋ ਜਵਾਨੀ ਵਿਚ ਹੀ ਵਿਧਵਾ ਹੋ ਗਈ ਸੀ, ਤੇ ਬੀਬੀ ਫ਼ਾਤਿਮਹ, ਜਿਸ ਦਾ ਵਿਆਹ ਬਾਬਾ ਜੀ ਦੇ ਇਕ ਅਨਿੰਨ ਭਗਤ ਤੇ ਖ਼ਲੀਫ਼ੇ ਮੌਲਾਨਾ ਬਦਰੁਦ ਦੀਨ ਇਸਹਾਕ ਨਾਲ ਹੋਇਆ ਸੀ ।

ਬਾਬਾ ਫ਼ਰੀਦ ਕੁਰਾਨ ਸ਼ਰੀਫ਼ ਦੇ ਸ਼ੁੱਧ ਉਚਾਰਣ ਦੇ ਮਾਹਰ; ਸ਼ਬਦਾਰਥ ਤੇ ਭਾਵਾਰਥ ਦੇ ਭੇਤੀ ਵਿਦਵਾਨ; ਏਕਾਂਤ-ਵਾਸ ਤੇ ਸਿਮਰਨ ਦੇ ਸ਼ੌਕੀ; ਸ਼ਰਈ ਕਰਮ-ਕਾਂਡ ਦੇ ਵਿਧੀ-ਵਤ ਸਾਧਕ, ਹਰ ਪ੍ਰਕਾਰ ਦੇ ਪ੍ਰਦਰਸ਼ਨ ਤੋਂ ਕੰਨੀ ਕਤਰਾਉਣ ਵਾਲੇ ਅਤੇ ਇਸਲਾਮ ਤੇ ਚਿਸ਼ਤੀ ਸੰਪ੍ਰਦਾਇ ਦੇ ਸ਼ਾਂਤਮਈ ਵਾਧੇ ਦੇ ਇੱਛਕ ਸੂਫ਼ੀ ਸਨ ।

ਆਪ ਦੇ ਡੇਰੇ ਵਿਚ ਲੰਗਰ ਸਦਾ ਤਿਆਰ ਰਹਿੰਦਾ ਸੀ, ਜਿੱਥੋਂ ਉਹ ਆਪ ਵੀ ਖਾਂਦੇ ਸਨ ਤੇ ਆਏ ਗਏ ਨੂੰ ਵੀ ਖਵਾਉਂਦੇ ਸਨ । ਲੰਗਰ ਦਾ ਤੋਰਾ, ਆਮ ਤੌਰ ਉੱਤੇ ਆਸ ਪਾਸ ਦੇ ਜੰਗਲ ਦੀ ਕੁਦਰਤੀ ਉਪਜ, ਜਿਵੇਂ ਕਰੇਲੇ, ਡੇਲੇ, ਪੀਲੂ ਅਤੇ ਜੁਆਰ ਆਦਿ ਨਾਲ ਤੁਰਦਾ ਸੀ ।

---

੮. ਪੁਸਤਕਾਂ ਵਿਚ ਇਸ ਪਿੰਡ ਦੇ ਵੀ ਅਨੇਕ ਨਾਮਾਂਤਰ ਮਿਲਦੇ ਹਨ । ਸਭ ਤੋਂ ਵਧ ਪ੍ਰਚਲਿਤ ਨਾਂ 'ਅਜੋਧਨ' ਹੈ, ਪਰ ਸ੍ਰੀ ਗੁਰਚਰਨ ਸਿੰਘ ਸੈਂਹਸਰਾ, ਜੋ ਕਾਫ਼ੀ ਦੇਰ ਇਸ ਇਲਾਕੇ ਵਿਚ ਰਹਿੰਦੇ ਰਹੇ ਹਨ, ਨਿਸਚਿਤ ਹਨ ਕਿ ਪਿੰਡ ਦਾ ਨਾਂ 'ਅਜਵਰਧਨ' ਹੈ ।

੯. ਮੌਲਾਨਾ ਹਮੀਦ ਸ਼ਾਇਰ ਕਲੰਦਰ, 'ਖ਼ੈਰੁਲ ਮਜਾਲਿਸ' (ਉਰਦੂ ਅਨੁਵਾਦ : 'ਸਿਰਾਜੁਲ ਮਜਾਲਿਸ', ਗ਼ੁਲਾਮ ਅਹਮਦ ਖ਼ਾਨ ਬਿਰੀਆਨ), ਜਾਮਿਅਹ ਮਿੱਲੀਅਹ ਪ੍ਰੈਸ, ਦਿਹਲੀ । ਪੰਝੀਵੀਂ ਗੋਸ਼ਟ, ੧੯੨੮, ਸਫ਼ਾ ੬੨ । ('ਸੀਅਰੁਲ ਔਲੀਆ', ਸਫ਼ਾ ੭੩-੭੪ ਵਿਚ ਸ਼ਾਇਦ ਇਹੋ ਹਵਾਲਾ ਇਸ ਤਰ੍ਹਾਂ ਬਿਆਨ ਕੀਤਾ ਹੋਇਆ ਹੈ : "ਸ਼ੈਖ਼ ਨਸੀਰੁਦ ਦੀਨ ਮਹਮੂਦ, ਉਨ੍ਹਾਂ ਉਤੇ ਅੱਲਹ ਦੀ ਰਹਮਤ ਹੋਵੇ, ਹਜ਼ਰਤ ਸ਼ੈਖ਼ਾਂ ਦੇ ਸੁਲਤਾਨ (ਸ਼ੈਖ਼ ਨਿਜ਼ਾਮੁਦ ਦੀਨ ਔਲੀਆ) ਦੇ ਹਵਾਲੇ ਨਾਲ ਦੱਸਦੇ ਹਨ ਕਿ ਦੁਨੀਆ ਦੇ ਸ਼ੈਖ਼ਾਂ ਦੇ ਸ਼ੈਖ਼ ਫ਼ਰੀਦੁਲ ਹੱਕ-ਵਦ-ਦੀਨ ਦੇ ਘਰ ਵਿਚ ਬਹੁਤ ਸਾਰੀਆਂ ਸੁਪਤਨੀਆਂ ਸਨ...।"

੧੦. ਸਫ਼ੇ ੧੯੨-੧੯੭ ਤੇ ੧੯੭-੧੯੯ ।

Digitized by Panjab Digital Library | www.panjabdigilib.org

ਪੈਸਾ ਇਕੱਠਾ ਕਰਨ ਜਾਂ ਜਾਇਦਾਦ ਬਣਾਉਣ ਵਲ ਬਾਬਾ ਜੀ ਦਾ ਉੱਕਾ ਕੋਈ ਧਿਆਨ ਨਹੀਂ ਸੀ । ਏਥੋਂ ਤਕ ਕਿ **ਸੀਅਰੁਲ ਔਲੀਆ** ਵਿਚ ਸ਼ੈਖ਼ ਨਿਜ਼ਾਮੁਦ ਦੀਨ ਔਲੀਆ ਫ਼ਰਮਾਉਂਦੇ ਹਨ ਕਿ,

"ਆਪਣੇ ਅੰਤਲੇ ਦਿਨਾਂ ਵਿਚ ਆਪ ਦਾ ਹੱਥ ਏਨਾ ਤੰਗ ਸੀ ਤੇ ਆਪ ਦੀ ਗ਼ਰੀਬੀ ਇਸ ਹਦ ਤਕ ਵਧ ਗਈ ਸੀ...ਕਿ ਉਨ੍ਹਾਂ ਦਿਨਾਂ ਵਿਚ ਮੈਂ ਇਕ ਰਾਤ ਵੀ ਢਿੱਡ ਭਰ ਕੇ ਰੋਟੀ ਨਹੀਂ ਸੀ ਖਾ ਸਕਿਆ ।"[11]

ਫ਼ਵਾਇਦੁਲ ਫ਼ੁਵਾਦ ਦੀ ੩੧ ਮਾਰਚ ੧੩੧੯ ਦੀ ਗੋਸ਼ਟ ਵਿਚ ਹਜ਼ਰਤ ਨਿਜ਼ਾਮੁਦ ਦੀਨ ਔਲੀਆ ਇਉਂ ਦੱਸਦੇ ਹਨ :

"ਜੋ ਵੀ ਰੁਪਿਆ ਪੈਸਾ ਆਪ ਦੇ ਪਾਸ ਆਉਂਦਾ, ਉਹ ਸਾਰਾ ਖ਼ਰਚ ਕਰ ਦੇਂਦੇ । ਏਥੋਂ ਤਕ ਕਿ ਅੰਤ ਸਮੇਂ ਖੱਫਣ ਤੇ ਨਗੋਏ ਦਾ ਪ੍ਰਬੰਧ ਕਰਨਾ ਵੀ ਔਖਾ ਹੋ ਗਿਆ...ਆਪ ਦੀ ਕਬਰ ਲਈ ਕੱਚੀਆਂ ਇੱਟਾਂ ਕਿਤੋਂ ਨਾ ਜੁੜੀਆਂ, ਇਸ ਲਈ ਘਰ ਦਾ ਦਰਵਾਜ਼ਾ ਤੋੜਿਆ ਗਿਆ ਤੇ ਉਸ ਵਿੱਚੋਂ ਇੱਟਾਂ ਕੱਢ ਕੇ ਕਬਰ ਵਿਚ ਵਰਤੀਆਂ ਗਈਆਂ ।"[12]

ਸੀਅਰੁਲ ਔਲੀਆ ਵਿਚ ਇਕ ਹੋਰ ਘਟਨਾ ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਮਿਲਦਾ ਹੈ :

"ਸੁਲਤਾਨ ਗਿਆਸੁਦ ਦੀਨ, ਜੋ ਉਸ ਸਮੇਂ ਸੁਲਤਨਤ ਦਾ ਵਜ਼ੀਰ ਸੀ ਤੇ ਉਲਗ ਖ਼ਾਨ ਦੇ ਖ਼ਿਤਾਬ ਨਾਲ ਪ੍ਰਸਿੱਧ ਸੀ...(ਤੇ) ਸੁਲਤਾਨ ਨਾਸਿਰੁਦ ਦੀਨ ਦੀ ਥਾਂ ਆਪ ਬਾਦਸ਼ਾਹ ਬਣਨਾ ਚਾਹੁੰਦਾ ਸੀ...ਕਾਫ਼ੀ ਸਾਰੀ ਚਾਂਦੀ ਤੇ ਚਾਰ ਪਿੰਡਾਂ ਦਾ ਪਟਾ ਲੈ ਕੇ ਦੁਨੀਆ ਦੇ ਸ਼ੈਖ਼ਾਂ ਦੇ ਸ਼ੈਖ਼ (ਅਰਥਾਤ ਬਾਬਾ ਫ਼ਰੀਦ) ਦੀ ਸੇਵਾ ਵਿਚ ਹਾਜ਼ਰ ਹੋਇਆ...ਸ਼ੈਖ਼ ਜੀ ਨੇ ਪੁੱਛਿਆ 'ਇਹ ਕੀ ਹੈ ?'

ਉਲਗ ਖ਼ਾਨ ਨੇ ਬੇਨਤੀ ਕੀਤੀ, 'ਜੀ ਇਹ ਤਾਂ ਚਾਂਦੀ ਹੈ ਤੇ ਇਹ ਚਾਰ ਪਿੰਡਾਂ ਦਾ ਪਟਾ ਹੈ, ਜੋ ਖ਼ਾਸ ਆਪ ਜੀ ਵਾਸਤੇ ਲਿਆਇਆ ਹਾਂ ।'

ਦੁਨੀਆਂ ਦੇ ਸ਼ੈਖ਼ਾਂ ਦੇ ਸ਼ੈਖ਼ ਨੇ ਮੁਸਕਰਾ ਕੇ ਫ਼ਰਮਾਇਆ, "ਨਕਦੀ ਤਾਂ ਦਰਵੇਸ਼ਾਂ ਵਿਚ ਵੰਡਣ ਲਈ ਸਾਨੂੰ ਫੜਾ ਦਿਓ ਤੇ ਪਿੰਡਾਂ ਦੇ ਪਟੇ ਮੋੜ ਲਿਜਾਓ; ਇਨ੍ਹਾਂ ਦੇ ਇੱਛਕ ਹੋਰ ਬਥੇਰੇ ਹੋਣਗੇ...।"[13]

ਆਪ ਦੇ ਮੁਖਾਰਬਿੰਦ ਤੋਂ ਨਿਕਲੇ ਬਚਨ, ਜੋ **ਸੀਅਰੁਲ ਔਲੀਆ** ਰਾਹੀਂ ਸਾਡੇ ਤਕ ਪਹੁੰਚੇ ਹਨ, ਆਪ ਦੇ ਵਿਚਾਰਾਂ ਦੇ ਕਾਫ਼ੀ ਨਿਰਮਲ ਦਰਪਣ ਹਨ ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਫ਼ਰੀਦ-ਬਾਣੀ ਨਾਲ ਇਨ੍ਹਾਂ ਬਚਨਾਂ ਦੀ ਤੁਲਨਾ ਦੀ ਲੋੜ ਪ੍ਰਤੱਖ ਹੈ ।

ਅਸੀਂ ਏਥੇ ਥਾਂ ਦੀ ਥੁੜ੍ਹ ਕਰਕੇ, ਨਮੂਨੇ ਦੇ ਕੁਝ ਬਚਨ ਹੀ ਦੇ ਰਹੇ ਹਾਂ :

੧. ਸੱਤ ਸੌ ਬਜ਼ੁਰਗਾਂ ਨੂੰ ਚਾਰ ਸਵਾਲ ਪੁੱਛੇ ਗਏ; ਸਭ ਦੇ ਜਵਾਬ ਇੱਕੋ ਸਨ :

ਪਹਿਲਾ : ਸਭ ਤੋਂ ਵਧ ਅਕਲਮੰਦ ਕੌਣ ਹੈ ?
ਉੱਤਰ : ਤਿਆਗੀ;
ਦੂਜਾ : ਸਭ ਤੋਂ ਵੱਡਾ ਕੌਣ ਹੈ ?
ਉੱਤਰ : ਜੋ ਬਦਲਦਾ ਨਹੀਂ;
ਤੀਜਾ : ਸਭ ਤੋਂ ਵੱਡਾ ਸੇਠ ਕੌਣ ਹੈ ?
ਉੱਤਰ ਸੀ : ਸੰਤੋਖੀ;
ਤੇ ਚੌਥਾ ਪ੍ਰਸ਼ਨ ਸੀ : ਸਭ ਤੋਂ ਵੱਡਾ ਮੁਥਾਜ ਕੌਣ ਹੈ ?
ਉੱਤਰ ਸੀ : ਸੰਤੋਖ ਦਾ ਤਿਆਗੀ ।

* * *

੨. ਜੇ ਹੈ ਤਾਂ ਗ਼ਮ ਨਹੀਂ, ਜੇ ਹੈ ਨਹੀਂ ਤਾਂ ਗ਼ਮ ਕਾਹਦਾ ?

* * *

੩. ਇਮਾਮ ਸ਼ਿਫ਼ਾਈ ਕਿਹਾ ਕਰਦੇ ਸਨ ਕਿ ਪੂਰੇ ਦਸ ਸਾਲ ਸੂਫ਼ੀਆਂ ਦੀ ਸ਼ਾਗਿਰਦੀ ਕਰਨ ਪਿੱਛੋਂ ਹੀ ਮੈਨੂੰ ਸਮੇਂ ਦੀ ਕਦਰ ਕਰਨ ਦੀ ਸੋਝੀ ਆਈ ।

* * *

---

੧੧. ਸਫ਼ਾ ੭੩ ।
੧੨. ਸਫ਼ਾ ੨੧੨ ।
੧੩. ਸਫ਼ਾ ੮੭ ।

Digitized by Panjab Digital Library | www.panjabdigilib.org

੪. ਆਪਣੇ ਕੰਮ ਵਿਚ ਜੁਟੇ ਰਹੋ; ਢਹਿੰਦੀ ਕਲਾ ਵਾਲੇ ਲੋਕਾਂ ਦੀਆਂ ਗੱਲਾਂ ਸੁਣਨ ਵਾਲੇ ਵਿਹਲੜ ਨਾ ਬਣੋ ।

* * *

੫. ਸੂਫ਼ੀ ਉਹ ਹੈ ਜਿਸ ਤੋਂ ਸਭ ਨੂੰ ਨਿਰਮਲਤਾ ਪ੍ਰਾਪਤ ਹੋਵੇ, ਨਾ ਕਿ ਮਲ ਜਾਂ ਕਾਲਖ ।

* * *

੬. ਜੇ ਮਹਾ ਪੁਰਖ ਬਣਨ ਦੀ ਇੱਛਾ ਹੈ ਤਾਂ ਬਾਦਸ਼ਾਹਾਂ ਵੱਲ ਨਾ ਝਾਕੋ ।

* * *

੭. ਨਵਾਂ ਨਕੋਰ ਕਪੜਾ ਪਹਿਨਣਾ ਖੱਫਣ ਪਹਿਨਣ ਦੇ ਤੁੱਲ ਹੈ ।

* * *

੮. ਆਲਿਮ (ਵਿਦਵਾਨ) ਸਭ ਤੋਂ ਉੱਚੇ ਹਨ ਪਰ ਫ਼ਕੀਰ ਲੋਕ ਉਚਿਆਂ ਤੋਂ ਵੀ ਉੱਚੇ ।

* * *

੯. ਧੰਨ ਹੈ ਉਹ ਮਨੁੱਖ ਜਿਸ ਦੀ ਆਪਣੀ ਕਾਣ, ਹੋਰਨਾਂ ਦੀਆਂ ਕਾਣਾਂ ਨੂੰ ਨੰਗਿਆਂ ਕਰਨ ਤੋਂ ਵਰਜਦੀ ਹੈ ।

* * *

੧੦. ਤਨ ਦੀ ਮੰਗ ਪੂਰੀ ਨਾ ਕਰੋ ਕਿਉਂ ਜੋ ਉਸ ਦਾ ਵਾਤ ਬੜਾ ਚੌੜਾ ਹੈ ।

* * *

੧੧. ਮੌਤ ਨੂੰ ਕਿਸੇ ਵੇਲੇ ਤੇ ਕਿਸੇ ਥਾਂ ਨਾ ਭੁੱਲੋ ।

* * *

੧੨. ਅੰਦਰ ਨੂੰ ਬਾਹਰ ਨਾਲੋਂ ਸੁਥਰਾ ਤੇ ਵਧੀਆ ਰੱਖੋ ।

* * *

੧੩. ਜਿਸ ਚੀਜ਼ ਦੇ ਭੇੜ ਉਤੇ ਦਿਲ ਹੁੰਗਾਰਾ ਭਰੇ, ਉਸ ਦਾ ਖ਼ਿਆਲ ਛੇਤੀ ਛੱਡ ਦਿਓ ।

* * *

੧੪. ਨਿਆਂ ਵਿਚ ਹੀ ਤੇਜ-ਪ੍ਰਤਾਪ ਹੈ ।

* * *

੧੫. ਜੋ ਤੁਹਾਥੋਂ ਡਰਦਾ ਹੈ, ਉਸ ਤੋਂ ਭੈ ਖਾਓ ।

* * *

੧੬. ਪ੍ਰਾਹੁਣਿਆਂ ਨਾਲ ਓਪਰਾਪਨ ਨਾ ਵਰਤੋ ।

* * *

੧੭. ਜੇ ਤੂੰ ਨੀਚ ਤੇ ਬਦਨਾਮ ਨਹੀਂ ਹੋਣਾ ਚਾਹੁੰਦਾ ਤਾਂ ਲੜਾਈ ਕਿਸੇ ਨਾਲ ਨਾ ਕਰ ।

* * *

੧੮. ਜੇ ਸਾਰੀ ਦੁਨੀਆ ਦਾ ਵੈਰ ਸਹੇੜਨਾ ਚਾਹੁੰਦੇ ਹੋ ਤਾਂ ਹੰਕਾਰੀ ਬਣੋ ।

* * *

੧੯. ਧਰਮ ਦੀ ਰਾਖੀ ਵਿਦਿਆ ਨਾਲ ਕਰੋ ।

* * *

੨੦. ਜੇ ਆਦਰ-ਮਾਣ ਦੀ ਇੱਛਾ ਹੈ ਤਾਂ ਗਰੀਬ ਗੁਰਬਾ ਦੇ ਵਿਚਾਲੇ ਬੈਠੋ ।

* * *

੨੧. ਜੇ ਸੁਖ ਸ਼ਾਂਤੀ ਚਾਹੁੰਦੇ ਹੋ ਤਾਂ ਈਰਖਾ ਛੱਡ ਦਿਓ ।

* * *

Digitized by Panjab Digital Library | www.panjabdigilib.org

੨੨. ਆਪ ਦੀ ਇਕ ਅਰਬੀ ਰੁਬਾਈ ਦਾ ਅਨੁਵਾਦ :

"ਜੇ ਕੇਵਲ ਇੱਛਾ ਕਰਨ ਨਾਲ ਵਿਦਿਆ-ਪ੍ਰਾਪਤੀ ਹੋ ਜਾਂਦੀ ਤਾਂ ਦੁਨੀਆ ਵਿਚ ਕੋਈ ਮੂੜ੍ਹ ਨਹੀਂ ਸੀ ਰਹਿ ਸਕਦਾ।
ਆਲਸ ਤੇ ਅਲਗ਼ਰਜ਼ੀ ਛੱਡ ਸੁੱਟੋ
ਕਿਉਂ ਜੋ ਆਲਸੀਆਂ ਤੇ ਅਲਗ਼ਰਜ਼ਾਂ ਨੂੰ ਹੀ ਪਰਲੋਕ ਦੀ ਨਮੋਸ਼ੀ ਝੱਲਣੀ ਪਵੇਗੀ।"

ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਸੇਖ ਫਰੀਦ ਕੇ' ਸਿਰਲੇਖ ਹੇਠ ਬਾਬਾ ਫ਼ਰੀਦ ਦੇ ੧੧੨ ਸਲੋਕ ਤੇ ੪ ਸ਼ਬਦ, ਦੋ ਸ਼ਬਦ ਰਾਗ ਆਸਾ ਵਿਚ (ਸੇਖ ਫਰੀਦ ਜੀਉ ਕੀ ਬਾਣੀ : ਦਿਲਹੁ ਮੁਹਬਤਿ ਜਿਨ...' ਤੇ 'ਬੋਲੈ ਸੇਖ ਫਰੀਦੁ ਪਿਆਰੇ...') ਤੇ ਦੋ ਰਾਗ ਸੂਹੀ ਵਿਚ (ਬਾਣੀ ਸੇਖ ਫਰੀਦ ਜੀ ਕੀ : ਤਪਿ ਤਪਿ ਲੁਹਿ ਲੁਹਿ...' ਤੇ 'ਬੇੜਾ ਬੰਧਿ ਨ ਸਕਿਓ...') ਮਿਲਦੇ ਹਨ।

ਇਸ ਥੋੜ੍ਹੀ ਜਿਹੀ ਬਾਣੀ ਦੇ ਲੇਖਕ ਦੀ ਸ਼ਨਾਖ਼ਤ ਬਾਰੇ ਪੰਜਾਬੀ ਜਗਤ ਵਿਚ ਕਾਫ਼ੀ ਤਿੱਖਾ ਵਿਵਾਦ ਚੱਲਦਾ ਰਿਹਾ ਹੈ, ਬਲਕਿ ਅਜੇ ਵੀ ਹੈ।

ਬਹੁਤ ਕਰਕੇ ਤਿੰਨ ਮਤ ਹੀ ਸਾਹਮਣੇ ਆਉਂਦੇ ਰਹੇ ਹਨ :

(੧) ਇਹ ਬਾਣੀ ਸ਼ੈਖ਼ ਫ਼ਰੀਦੁਦ ਦੀਨ ਮਸਊਦ ਗੰਜਿ ਸ਼ਕਰ ਦੀ ਹੈ;
(੨) ਇਹ ਬਾਣੀ ਗੰਜਿ ਸ਼ਕਰ ਦੇ ਯਾਰ੍ਹਵੇਂ ਉੱਤਰ-ਅਧਿਕਾਰੀ ਦੀਵਾਨ ਸ਼ੈਖ਼ ਇਬਰਾਹੀਮ 'ਸਾਨੀ ਫ਼ਰੀਦ', 'ਸਾਲਿਸ ਫ਼ਰੀਦ', 'ਬਾਲਾ ਰਾਜਾ', ਸ਼ੈਖ਼ ਬ੍ਰਹਮ', 'ਸ਼ਾਹ ਬ੍ਰਹਮ' ਦੀ ਹੈ;[14]
(੩) ਇਹ ਬਾਣੀ ਦੋਹਾਂ ਦੀ ਜਾਂ ਕਈਆਂ ਦੀ ਰਲੀ ਮਿਲੀ ਹੈ।

ਇਸ ਸੰਬੰਧ ਵਿਚ ਇਨ੍ਹਾਂ ਸਤਰਾਂ ਦੇ ਲੇਖਕ ਦੀ ਹੁਣ ਤੱਕ ਦੀ ਖੋਜ ਦਾ ਸਾਰੰਸ਼ ਇਹ ਹੈ ਕਿ ਇਹ ਰਚਨਾ ਮੂਲ ਤੌਰ ਉਤੇ ਸ਼ੈਖ਼ ਫ਼ਰੀਦੁਦ ਦੀਨ ਗੰਜਿ ਸ਼ਕਰ ਦੀ ਹੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਤੋਂ ਪਹਿਲਾਂ ਇਸ ਵਿਚ ਵਾਧੂਈ ਹਸਤਾਖੇਪਾਂ ਦੀ ਸੰਭਾਵਨਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧ ਵਿਚ ਕਿਸੇ ਠੀਕ ਨਿਰਣੇ ਉਤੇ ਪੁੱਜਣ ਲਈ ਅਜੇ ਸਾਡੇ ਪਾਸ ਸਾਰੇ ਸਾਧਨਾਂ ਦੀ ਅਣਹੋਂਦ ਹੈ।[15]

ਜੋ ਵਿਦਵਾਨ ਗੁਰੂ ਗ੍ਰੰਥ ਸਾਹਿਬ ਵਿਚਲੀ ਫਰੀਦ-ਬਾਣੀ ਨੂੰ ਸ਼ੈਖ਼ ਇਬਰਾਹੀਮ ਦੀ ਜਾਂ ਰਲੀ ਮਿਲੀ ਰਚਨਾ ਸਮਝਦੇ ਹਨ, ਉਨ੍ਹਾਂ ਬਾਰੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਹੈਰਾਨੀ ਜ਼ਰੂਰ ਹੁੰਦੀ ਹੈ ਕਿ ਉਨ੍ਹਾਂ ਨੇ ਅਜੇ ਤਕ ਆਪਣੀ ਖੋਜ ਦਾ ਮੂੰਹ ਇਬਰਾਹੀਮ ਦੀ ਥਾਂ ਕਾਸਤੀਵਾਲ (ਜ਼ਿਲਾ ਗੁਰਦਾਸਪੁਰ) ਦੇ 'ਗੁੱਦੜ ਫ਼ਰੀਦ' ਵੱਲ ਕਿਉਂ ਨਹੀਂ ਮੋੜਿਆ, ਜੋ ਸ਼ੈਖ਼ ਇਬਰਾਹੀਮ ਦਾ ਪ੍ਰਮੁਖ ਖ਼ਲੀਫ਼ਾ[16], ਗੁਰੂ ਨਾਨਕ ਸਾਹਿਬ ਦਾ ਸਮਕਾਲੀ, ਕਰਤਾਰਪੁਰ ਵਾਲੇ ਡੇਰੇ ਦੇ ਨੇੜੇ ਦਾ ਵਸਨੀਕ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ਪਹਿਲਾਂ ਦਾ ਸੂਫ਼ੀ ਸੀ ਅਤੇ ਜਿਸ ਦੀ ਸੁੰਦਰ ਤੇ ਵਿਸ਼ਾਲ ਦਰਗਾਹ ਦੇ ਖੰਡਰ ਕਾਸਤੀਵਾਲ ਵਿਚ ਹੁਣ ਵੀ ਵੇਖੇ ਜਾ ਸਕਦੇ ਹਨ।

---

੧੪. ਇਹ ਸਾਰੀਆਂ ਅੱਲਾਂ 'ਜਵਾਹਰਿ ਫ਼ਰੀਦੀ' ਦੇ ਸਫ਼ਾ ੩੧੩ ਤੋਂ ਲਈਆਂ ਗਈਆਂ ਹਨ ('ਜਵਾਹਰਿ ਫ਼ਰੀਦੀ' ਅਨੁਸਾਰ ਬਾਬਾ ਫ਼ਰੀਦ ਦੇ ਬਿੰਦੀ ਉੱਤਰ-ਅਧਿਕਾਰੀਆਂ ਦੀ ਸੂਚੀ ਇਉਂ ਹੈ : (੧) ਬਦਰੁਦ ਦੀਨ ਸੁਲੇਮਾਨ (੨) ਅਲਾਉਦ ਦੀਨ 'ਮੌਜਿ ਦਰਿਆ' (੩) ਮੁਇੱਜ਼ੁਦ ਦੀਨ (੪) ਮੁਹੱਮਦ ਫ਼ਜ਼ੈਲ (੫) ਮੁਨੱਵਰ ਸ਼ਾਹ (੬) ਨੂਰੁਦ ਦੀਨ ਯੂਨਿਸ (੭) ਬਹਾਉਦ ਦੀਨ ਹਾਰੂਨ (੮) ਅਹਮਦ ਸ਼ਾਹ (੯) ਅਤਾ ਉੱਲਹ (੧੦) ਸ਼ੈਖ਼ ਮੁਹੱਮਦ, ਤੇ (੧੧) ਸ਼ੈਖ਼ ਇਬਰਾਹੀਮ।

੧੫. ਵਿਸਤਾਰ ਲਈ ਵੇਖੋ ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੧ ਵਿਚ ਲੇਖਕ ਦਾ ਲੇਖ 'ਬਾਬਾ ਫ਼ਰੀਦ' (ਸਫ਼ੇ ੩੪੮-੩੮੯)।

੧੬. 'ਜਵਾਹਰਿ ਫ਼ਰੀਦੀ,' ਸਫ਼ਾ ੩੧੪।

Digitized by Panjab Digital Library | www.panjabdigilib.org

ਐਸ. ਐਸ. ਕੋਹਲੀ

ਫਰੀਦ-ਬਾਣੀ ਵਿਚ ਸ਼ਰੀਅਤ ਦੇ ਤੱਤ

ਮੁਸਲਮਾਨਾਂ ਦੇ ਧਰਮ-ਮਾਰਗ ਨੂੰ ਸ਼ਰੀਅਤ ਕਿਹਾ ਜਾਂਦਾ ਹੈ। ਇਸ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ : ੧. ਏਤਿਕਾਦਾਤ, ੨. ਅਦਾਬ, ੩. ਇਬਾਦਾਤ, ੪. ਮੁਆਮਲਾਤ ਅਤੇ ੫. ਉਕੂਬਾਤ। ਰੱਬ, ਉਸ ਦੇ ਫ਼ਰਿਸ਼ਤਿਆਂ, ਕਤੇਬਾਂ, ਪੈਗ਼ੰਬਰਾਂ, ਕਿਆਮਤ ਦੇ ਦਿਨ ਅਤੇ ਰੱਬੀ ਹੁਕਮਾਂ ਵਿਚ ਵਿਸ਼ਵਾਸ ਰਖਣਾ ਏਤਿਕਾਦਾਤ ਵਿਚ ਸ਼ਾਮਲ ਹੈ। ਅਦਾਬ ਕੁਰਾਨ ਅਤੇ ਹਦੀਸਾਂ ਅਨੁਸਾਰ ਦੱਸੇ ਸਾਰੇ ਸਦਾਚਾਰਕ ਗੁਣਾਂ ਦੇ ਗ੍ਰਹਿਣ ਕਰਨ ਉਤੇ ਬਲ ਦਿੰਦਾ ਹੈ। ਇਨ੍ਹਾਂ ਸਦਾਚਾਰਕ ਗੁਣਾਂ ਵਿਚ ਇਖ਼ਲਾਸ (ਸੁਹਿਰਦਤਾ), ਤਵੱਕਲ (ਰੱਬ ਉਤੇ ਭਰੋਸਾ), ਤਵਾਜ਼ੂ (ਨਿਮ੍ਰਤਾ), ਤਫਵੀਜ਼ (ਵੈਰਾਗ), ਕਸਰੁਲ ਅਮਲ (ਘੱਟ ਤੋਂ ਘੱਟ ਆਸ ਰਖਣੀ), ਜ਼ੁਹਦ ਫ਼ੀਦ-ਦੁਨੀਆ (ਸੰਸਾਰ ਦਾ ਤਿਆਗ), ਨਸੀਹਾ (ਨਸੀਹਤ), ਕਨਾਹ (ਸੰਤੋਖ), ਸਖ਼ਾਵਾਹ (ਉਦਾਰਤਾ), ਹੁੱਬ (ਪ੍ਰੀਤ), ਸਬਰ ਆਦਿਕ ਗਿਣੇ ਜਾਂਦੇ ਹਨ। ਇਬਾਦਾਤ ਵਿਚ ਰੱਬੀ ਇਬਾਦਤ ਨਾਲ ਸਬੰਧਤ ਇਨ੍ਹਾਂ ਪੰਜ ਵਿਸ਼ੇਸ਼ ਕਰਮਾਂ ਦੀਆਂ ਸਭ ਗੱਲਾਂ ਸ਼ਾਮਲ ਹਨ : ੧. ਕਲਮਾ ਪੜ੍ਹਨਾ ੨. ਨਮਾਜ਼ ੩. ਜ਼ਕਾਤ ੪. ਰੋਜ਼ੇ ਅਤੇ ੫. ਹੱਜ। ਮੁਆਮਲਾਤ ਵਿਚ ਮਨੁੱਖ ਦੇ ਮਨੁੱਖ ਵਲ ਲੋੜੀਂਦੇ ਕਰਤੱਵ ਸ਼ਾਮਲ ਹਨ। ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ : ਮੁਖ਼ਾਸਮਾਤ (ਵਾਦ ਵਿਵਾਦ), ਮੁਨਾਕਹਾਤ (ਵਿਵਾਹ ਸਬੰਧੀ) ਅਤੇ ਅਮਾਨਾਤ (ਅਮਾਨਤਾਂ)। ਉਕੂਬਾਤ ਕੁਰਾਨ ਅਤੇ ਹਦੀਸਾਂ ਵਿਚ ਬਿਆਨੇ ਦੰਡਾਂ ਨੂੰ ਕਿਹਾ ਗਿਆ ਹੈ। ਇਹ ਦੰਡ ਜਾਂ ਸਜ਼ਾਵਾਂ ਚੋਰੀ, ਜ਼ਨਾਹਕਾਰੀ, ਨਿੰਦਾ, ਕੁਫ਼ਰ, ਸ਼ਰਾਬ-ਨੋਸ਼ੀ ਆਦਿ ਲਈ ਹਨ।

ਸ਼ਰ੍ਹਾ ਅਨੁਸਾਰ ਤੁਰਨ ਨੂੰ 'ਮਸ਼ਰੂ' ਜਾਂ 'ਰਵਾ' ਕਹਿੰਦੇ ਹਨ ਅਤੇ ਇਸ ਦੇ ਉਲਟ ਚਲਣ ਨੂੰ 'ਗ਼ੈਰੁਲ ਮਸ਼ਰੂ' ਜਾਂ 'ਨਾ-ਰਵਾ' ਕਿਹਾ ਜਾਂਦਾ ਹੈ। ਜਿਹੜਾ ਮਾਰਗ ਮਸ਼ਰੂ ਜਾਂ ਰਵਾ ਹੈ, ਉਸ ਦੇ ਵੀ ਅਗੋਂ ਭਿੰਨ ਭਿੰਨ ਪੰਜ ਦਰਜੇ ਹਨ। ਪਹਿਲਾ **ਫਰਜ਼** ਹੈ, ਜਿਸ ਬਾਰੇ ਕੋਈ ਸ਼ਕ ਦੀ ਗੁੰਜਾਇਸ਼ ਨਹੀਂ ਹੋ ਸਕਦੀ ਅਤੇ ਜਿਸ ਨੂੰ ਨਿਭਾਉਣਾ ਹਰ ਮੋਮਨ ਦਾ ਕਰਤੱਵ ਹੈ। ਦੂਜਾ **ਵਾਜਿਬ** ਹੈ, ਜਿਸਦੀ ਬੰਦਸ਼ ਵੀ ਜ਼ਰੂਰੀ ਮੰਨੀ ਗਈ ਹੈ। ਤੀਜਾ **ਸੁੰਨਾਹ** ਹੈ ਜਿਸਨੂੰ ਮੁਹੰਮਦ ਸਾਹਿਬ ਨੇ ਆਪ ਵੀ ਪ੍ਰਵਾਨ ਕੀਤਾ। ਚੌਥਾ **ਮੁਸਤਾਹੱਬ** ਹੈ, ਜਿਸਨੂੰ ਪੈਗੰਬਰ ਅਤੇ ਉਨ੍ਹਾਂ ਦੇ ਯਾਰਾਂ ਨੇ ਕਦੇ ਨਿਭਾਇਆ ਅਤੇ ਕਦੇ ਛਡ ਦਿਤਾ। ਪੰਜਵੇਂ ਨੂੰ **ਮੁਬਾਹ** ਕਹਿੰਦੇ ਹਨ ਜਿਸਦਾ ਨਿਭਾਉਣਾ ਵੀ ਯੋਗ ਹੈ, ਪਰ ਜਿਸਨੂੰ ਛੱਡਿਆ ਵੀ ਜਾ ਸਕਦਾ ਹੈ।

ਸ਼ਰੀਅਤ ਦਾ ਅਮਲ ਬਾਹਰਮੁਖੀ ਹੈ। ਇਹ ਮਨੁੱਖ ਦਾ ਰੱਬ ਅਤੇ ਮਨੁੱਖ ਨਾਲ ਬਾਹਰਮੁਖੀ ਸੰਬੰਧ ਜੋੜਦੀ ਹੈ। ਇਹ ਧਰਮ-ਗ੍ਰੰਥਾਂ ਅਨੁਸਾਰ ਨਿਯਤ ਕੀਤੇ ਕਾਰਜਾਂ ਦੀ ਪੂਰਤੀ ਤਕ ਸੀਮਿਤ ਹੈ। ਅੰਤਰਮੁਖੀ ਸੰਬੰਧਾਂ ਨਾਲ ਇਸਦਾ ਕੋਈ ਵਾਸਤਾ ਨਹੀਂ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਰੀਅਤ ਕੇਵਲ ਬਹਿਰੰਗ ਅਤੇ ਲੌਕਿਕ ਸਾਧਨਾ ਹੈ ਅਤੇ ਅੰਤ੍ਰਿਂਗ ਅਤੇ ਅਨੁਰਾਗ ਸਾਧਨਾ ਨਾਲ ਇਸ ਦਾ ਕੋਈ ਨਾਤਾ ਨਹੀਂ। ਇਹੋ ਕਾਰਨ ਹੈ ਕਿ ਦਰਵੇਸ਼ ਅਤੇ ਫਕੀਰ ਸ਼ਰੀਅਤ ਨੂੰ ਹੀ ਕਾਫ਼ੀ ਨਹੀਂ ਸਮਝਦੇ। ਇਹ ਸੂਫ਼ੀਆਂ ਦੇ ਮਾਰਗ ਦਾ ਕੇਵਲ ਆਰੰਭ ਹੈ। ਉਹ ਇਸਨੂੰ ਲੰਘ ਕੇ ਤਰੀਕਤ, ਮਾਰਫ਼ਤ ਅਤੇ ਹਕੀਕਤ ਵਲ ਸਹਿਜੇ ਸਹਿਜੇ ਨਿਰੰਤਰ ਸਾਧਨਾਂ ਨਾਲ ਵਧਦੇ ਜਾਂਦੇ ਹਨ। ਉਹ ਅੰਤਰਮੁਖੀ ਹੋ ਜਾਂਦੇ ਹਨ ਅਤੇ ਇਸੇ ਕਰਕੇ ਆਪਣੇ ਬਚਨਾਂ ਵਿਚ ਬਾਹਰਮੁਖੀ ਸਾਧਨਾਂ ਵਲ ਘੱਟ ਸੰਕੇਤ ਕਰਦੇ ਹਨ।

੧. ਏਤਿਕਾਦਾਤ ਵਿਚੋਂ ਫ਼ਰੀਦ ਬਾਣੀ ਵਿਚ ਰੱਬ ਅਤੇ ਉਸਦੇ ਫ਼ਰਿਸ਼ਤਿਆਂ ਵਿਚ ਡੂੰਘਾ ਵਿਸ਼ਵਾਸ਼ ਪ੍ਰਗਟ ਹੁੰਦਾ ਹੈ। ਰੱਬ ਦੀ ਰਜ਼ਾ ਬੜੀ ਪ੍ਰਬਲ ਹੈ। ਦਰਿਆਵਾਂ ਦੇ ਵਹਿਣ ਵੀ ਉਸਦੀ ਇੱਛਾ ਤੋਂ ਬਿਨਾਂ ਨਹੀਂ ਬਦਲਦੇ :

ਜਿਧਰਿ ਰਬ ਰਜਾਇ ਵਹਣੁ ਤਿਦਾਊ ਗਉ ਕਰੇ।

ਰੱਬ ਖ਼ਾਲਿਕ ਅਤੇ ਰਾਜ਼ਿਕ ਹੈ। ਉਸਦੀ ਕਿਰਪਾ ਨਾਲ ਸਾਨੂੰ ਖਾਣ ਨੂੰ ਅੰਮ੍ਰਿਤ ਭੋਜਨ ਮਿਲਦਾ ਹੈ :

ਫਰੀਦਾ ਰਬੁ ਖਜੂਰੀ ਪਕੀਆਂ ਮਾਖਿਉਂ ਨਈ ਵਹੰਨਿ।

ਕਿਹੜਾ ਅਕ੍ਰਿਤਘਣ ਅਜਿਹੇ ਰਬ ਨੂੰ ਭੁਲਾ ਸਕਦਾ ਹੈ ? ਪਰ ਜਿਹੜੇ ਭੁਲਾ ਦਿੰਦੇ ਹਨ, ਉਹਨਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਰੱਬ ਨੇ ਉਨ੍ਹਾਂ ਨੂੰ ਨਹੀਂ ਭੁਲਾਇਆ :

ਜੇ ਤੈਂ ਰਬੁ ਵਿਸਾਰਿਆ ਤ ਰਬਿ ਨ ਵਿਸਾਰਿਓਹਿ।

ਉਨ੍ਹਾਂ ਉਤੇ ਰੱਬ ਦਾ ਕਹਿਰ ਨਾਜ਼ਲ ਹੁੰਦਾ ਹੈ। ਉਹ ਸਾਰੀ ਆਯੂ ਝੂਰਦਿਆਂ ਹੀ ਗੁਜ਼ਾਰ ਦਿੰਦੇ ਹਨ :

ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ।

Digitized by Panjab Digital Library | www.panjabdigilib.org

ਰੱਬ ਬੜਾ ਬੇਪਰਵਾਹ ਹੈ। ਜਿਹੜੀ ਗੱਲ ਸਾਡੇ ਚਿਤ ਚੇਤੇ ਵਿਚ ਵੀ ਨਹੀਂ ਹੁੰਦੀ, ਉਹ ਵੀ ਵਾਪਰ ਸਕਦੀ ਹੈ :

ਜੋ ਮਨਿ ਚਿਤਿ ਨ ਚੇਤੇਸਨਿ ਸੇ ਗਾਲੀ ਰਬ ਕੀਆਂ।

ਪਰਵਰਦਗਾਰ, ਅਪਾਰ, ਅਗੰਮ ਅਤੇ ਬੇਅੰਤ ਰੱਬ ਨੂੰ ਹਿਰਦੇ-ਖੇਤਰ ਵਿਚੋਂ ਲਭਿਆ ਜਾ ਸਕਦਾ ਹੈ, ਬਾਹਰੋਂ ਨਹੀਂ। ਇਸੇ ਲਈ ਸੂਫ਼ੀ ਫ਼ਰੀਦ ਅੰਦਰਵੰਨੇ ਹੋ ਜਾਂਦਾ ਹੈ :

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।

ਰੱਬ ਵਰਗੀ ਉਸਨੂੰ ਕੋਈ ਹੋਰ ਮਿੱਠੀ ਚੀਜ਼ ਨਹੀਂ ਲਗਦੀ :

ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ।

ਸੂਫ਼ੀ ਫ਼ਰੀਦ ਪ੍ਰੇਮ ਵਿਚ ਮੁਗਧ ਹੈ, ਸਾਈਂ ਦੇ ਰੰਗ ਵਿਚ ਰਤਾ ਦਰਵੇਸ਼ ਹੈ। ਭਾਵੇਂ ਪ੍ਰਭੂ ਦਰ ਦੀ ਦਰਵੇਸ਼ੀ ਗਾਖੜੀ ਹੈ, ਪਰ ਉਸ ਕੋਲ ਰੁੱਖਾਂ ਦੀ ਜੀਰਾਂਦ ਹੈ। ਸੂਫ਼ੀ ਤਾਂ :

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ।

ਸੂਫ਼ੀ ਫ਼ਰੀਦ ਅਲਹ ਲਈ ਸਹੁ, ਪਿਰ, ਬੇਲੀ, ਸਜਣ, ਸਾਹਿਬ, ਸੁਹਾਗ, ਸਾਈਂ, ਕੰਤ, ਪਿਆਰ ਦੇ ਸੂਚਕ ਸ਼ਬਦ ਵਰਤਦਾ ਹੈ ਅਤੇ ਉਸਦੇ ਪਿਆਰ ਲਈ ਦਰਵੇਸੀ, ਪਿਰਹੜੀ, ਨੇਹੁ, ਪ੍ਰੀਤਿ, ਮੁਹਬਤਿ, ਇਸ਼ਕ।

ਫ਼ਰਿਸ਼ਤਿਆਂ ਵਿਚੋਂ ਫ਼ਰੀਦ-ਬਾਣੀ ਵਿਚ ਅਜ਼ਰਾਈਲ ਜਾਂ ਮੌਤ ਦੇ ਫ਼ਰਿਸ਼ਤੇ ਦਾ ਜ਼ਿਕਰ ਕਈ ਵਾਰੀ ਆਇਆ ਹੈ। ਦੁਨੀਆ ਨੂੰ ਝੂਠਾ ਅਤੇ ਅਸਾਰ ਕਿਹਾ ਗਿਆ ਹੈ, ਕਿਉਂਕਿ ਜਿੰਦ-ਵਹੁਟੀ ਨੂੰ ਮੌਤ ਰੂਪੀ ਲਾੜੇ ਨੇ ਇਕ ਦਿਨ ਪਰਣਾ ਕੇ ਲੈ ਜਾਣਾ ਹੈ। ਚੰਗੇ ਅਮਲਾਂ ਤੋਂ ਬਿਨਾਂ ਹੋਰ ਕਿਸੇ ਚੀਜ਼ ਨੇ ਕੰਮ ਨਹੀਂ ਆਉਣਾ। ਇਉਂ ਕਹਿ ਕੇ ਫ਼ਰੀਦ ਜੀ ਨੇ ਪ੍ਰਾਣੀ ਨੂੰ ਪ੍ਰਭੂ-ਪਿਆਰ ਵਲ ਪ੍ਰੇਰਿਆ ਹੈ। ਉਨ੍ਹਾਂ ਦਾ ਬਚਨ ਹੈ :

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ॥
ਮਲਕਲਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥
ਤਿਨਾ ਪਿਆਰਿਆਂ ਭਾਈਆਂ ਅਗੈ ਦਿਤਾ ਬੰਨਿ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥

ਮਲਕਲਮਉਤ ਜਾਂ ਮੌਤ ਦੇ ਫ਼ਰਿਸ਼ਤੇ ਨੂੰ ਨਿਰਾ ਮਲਕ ਵੀ ਕਿਹਾ ਹੈ ਜਿਵੇਂ :

੧. ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।
ਮਲਕੁ ਜਿ ਕੰਨੀ ਸੁਣੀਦਾ ਮੁਹੁ ਦਿਖਾਲੇ ਆਇ।
੨. ਫਰੀਦਾ ਦਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।

ਅਜ਼ਰਾਈਲ ਸ਼ਬਦ ਦੀ ਵਰਤੋਂ ਹੇਠ ਲਿਖੇ ਸ਼ਲੋਕ ਵਿਚ ਮਿਲਦੀ ਹੈ :

ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ।

ਏਤਿਕਾਦਾਤ ਵਿਚੋਂ ਕਿਆਮਤ ਦਾ ਦਿਨ ਵੀ ਇਕ ਵਿਸ਼ਵਾਸ ਹੈ। ਇਸ ਦਿਨ ਤਕ ਰੂਹਾਂ ਕਬਰਾਂ ਦੇ ਸਿਰ੍ਹਾਣੇ ਰਹਿਣਗੀਆਂ :

ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ।

ਇਸ ਦਿਨ ਰੂਹਾਂ ਫਿਰ ਸਰੀਰ ਧਾਰਨ ਕਰਨਗੀਆਂ ਅਤੇ ਅੱਲ੍ਹਾ ਮੀਆਂ ਦੀ ਕਚਹਿਰੀ ਵਿਚ ਮੋਮਨਾਂ ਅਤੇ ਕਾਫ਼ਿਰਾਂ ਦੇ ਅਮਲਾਂ ਨੂੰ ਵਾਚ ਕੇ ਉਨ੍ਹਾਂ ਬਾਰੇ ਫ਼ੈਸਲਾ ਸੁਣਾਇਆ ਜਾਏਗਾ। ਇਸ ਅੰਤਲੇ ਦਿਨ ਹਜ਼ਰਤ ਮੁਹੰਮਦ ਆਪ ਮੋਮਨਾਂ ਲਈ ਵਕਾਲਤ ਕਰਨਗੇ। ਮੋਮਨਾਂ ਅਤੇ ਕਾਫ਼ਿਰਾਂ ਦੋਹਾਂ ਨੂੰ ਇਕ ਪੁਲ ਉਤੋਂ ਲੰਘਣਾ ਪਵੇਗਾ। ਇਸ ਪੁਲ ਦਾ ਨਾਂ 'ਅਲ-ਸਿਰਾਤ' ਜਾਂ 'ਪੁਲ ਸਿਰਾਤ' ਹੈ। 'ਪੁਲ ਸਿਰਾਤ' ਸ਼ਬਦ ਵਿਗੜ ਕੇ ਪੰਜਾਬੀ ਵਿਚ 'ਪੁਰਸਲਾਤ' ਹੋ ਗਿਆ। ਫ਼ਰੀਦ-ਬਾਣੀ ਵਿਚ ਇਸ ਪੁਲ ਦਾ ਜ਼ਿਕਰ ਆਇਆ ਹੈ, ਜਿਹੜਾ ਕਿ ਵਾਲ ਤੋਂ ਵੀ ਸੂਖਮ ਅਤੇ ਤਲਵਾਰ ਦੀ ਧਾਰ ਤੋਂ ਵੀ ਤਿੱਖਾ ਹੈ :

Digitized by Panjab Digital Library | www.panjabdigilib.org

੧. ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ।
੨. ਵਾਟ ਹਮਾਰੀ ਖਰੀ ਉਡੀਣੀ ।
ਖੰਨਿਅਹੁ ਤਿਖੀ ਬਹੁਤ ਪਿਈਣੀ ।
ਉਸ ਊਪਰਿ ਹੈ ਮਾਰਗ ਮੇਰਾ ।
ਸੇਖ ਫਰੀਦਾ ਪੰਥ ਸਮਾਰਿ ਸਵੇਰਾ ।

ਮੋਮਨ ਤਾਂ ਇਹ ਪੁਲ ਟੱਪ ਕੇ ਸੱਜੇ ਪਾਸੇ ਜੰਨਤ ਵਲ ਚਲੇ ਜਾਣਗੇ, ਪਰ ਕਾਫ਼ਰ ਖੱਬੇ ਪਾਸੇ ਵਲ ਮੁੜ ਕੇ ਦੋਜ਼ਖ਼ ਦੀ ਅੱਗ ਵਿਚ ਸੁੱਟੇ ਜਾਣਗੇ । ਫ਼ਰੀਦ-ਬਾਣੀ ਵਿਚ ਇਸ ਦੋਜ਼ਖ਼ ਦਾ ਵੀ ਜ਼ਿਕਰ ਮਿਲਦਾ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ।
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਹਾਹਾ ।
ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ ।
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ।

ਅਸਲ ਵਿਚ ਕਿਆਮਤ ਵਾਲੇ ਦਿਨ ਹਰ ਬਸ਼ਰ ਦੇ ਅਮਲਾਂ ਦਾ ਲੇਖਾ ਹੋਵੇਗਾ :

ਲੇਖਾ ਰਬ ਮੰਗੇਸੀਆ ਤੂ ਆਹੋ ਕੇਰ੍ਹੇ ਕੰਮਿ ।

ਮੰਦੇ ਅਮਲਾਂ ਵਾਲਿਆਂ ਨੂੰ ਸਜ਼ਾ ਮਿਲੇਗੀ, ਜਿਸ ਦੀਆਂ ਮਿਸਾਲਾਂ ਫ਼ਰੀਦ-ਬਾਣੀ ਵਿਚ ਮਿਲਦੀਆਂ ਹਨ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ।
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ।
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ।

ਸਜ਼ਾ ਤੋਂ ਬਚਣ ਲਈ ਅਤੇ ਸਾਈਂ ਦੇ ਦਰਬਾਰ ਵਿਚ ਇੱਜ਼ਤ ਪਾਉਣ ਲਈ ਨਿਰਾਰਥਕ ਕੰਮ ਸਭ ਛਡ ਦੇਣੇ ਚਾਹੀਦੇ ਹਨ :

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ।
ਮਤ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ।

੨. ਆਦਾਬ ਅਨੁਸਾਰ ਵਰਣਿਤ ਕਈ ਸਦਾਚਾਰਕ ਗੁਣਾਂ ਦਾ ਜ਼ਿਕਰ ਫ਼ਰੀਦ-ਬਾਣੀ ਵਿਚ ਆਇਆ ਹੈ । ਸੁਹਿਰਦਤਾ ਤਾਂ ਓੜਕ ਦੀ ਹੈ । ਕਿਸੇ ਦਾ ਹਿਰਦਾ ਦੁਖਾਣ ਨਾਲ ਹਿਰਦੇ ਅੰਦਰ ਬੈਠਾ ਰੱਬ ਜ਼ਰੂਰ ਨਾਰਾਜ਼ ਹੋ ਜਾਵੇਗਾ :

ਇਕੁ ਫਿਕਾ ਨ ਗਲਾਇ ਸਭਨਾ ਮੈ ਸਚਾ ਧਣੀ ।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।

ਨਿੰਮ੍ਰਤਾ ਵੀ ਓੜਕ ਦੀ ਹੈ । ਸਾਈਂ ਨੂੰ ਲੱਭਣ ਲਈ ਰਸਤੇ ਦੀ ਘਾਹ ਬਣਨਾ ਪੈਂਦਾ ਹੈ :

੧. ਫਰੀਦਾ ਥੀਉ ਪਵਾਹੀ ਦਭੁ । ਜੇ ਸਾਂਈ ਲੋੜਹਿ ਸਭ ।
੨. ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ।
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ।

ਫਰੀਦ ਰੱਬ ਉਤੇ ਪੂਰਨ ਭਰੋਸਾ ਰਖਦਾ ਹੈ ਅਤੇ ਕੇਵਲ ਉਸੇ ਕੋਲੋਂ ਹੀ ਖ਼ੈਰ ਮੰਗਦਾ ਹੈ :

ਤੇਰੀ ਪਨਹ ਖੁਦਾਇ ਤੂ ਬਖਸੰਦਗੀ ।
ਸੇਖ ਫਰੀਦੈ ਖੈਰ ਦੀਜੈ ਬੰਦਗੀ ।

ਸੰਸਾਰਕ ਦੁਖਾਂ ਨੂੰ ਵੇਖ ਕੇ ਫ਼ਰੀਦ ਦੇ ਮਨ ਵਿਚ ਵੈਰਾਗ ਉਤਪੰਨ ਹੁੰਦਾ ਹੈ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ।
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ।

ਕਨਾਇਤ ਅਥਵਾ ਸੰਤੋਖ ਵੀ ਫ਼ਕੀਰੀ ਜੀਵਨ ਦਾ ਗਹਿਣਾ ਹੈ :

੧. ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ।
ਜਿਨਾਂ ਖਾਧੀ ਚੋਪੜੀ ਘਣੇ ਸਹਿਨਗੇ ਦੁਖ ।

Digitized by Panjab Digital Library | www.panjabdigilib.org

੨. ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ।
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ।

ਉਦਾਰਤਾ ਦਾ ਗੁਣ ਫ਼ਰੀਦ ਬਾਣੀ ਵਿਚ ਇਉਂ ਪ੍ਰਗਟ ਹੋਇਆ ਹੈ :

੧. ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆ ।
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ।

੨. ਮਤਿ ਹੋਦੀ ਹੋਇ ਇਆਣਾ, ਤਣ ਹੋਦੇ ਹੋਇ ਨਿਤਾਣਾ ।
ਅਣਹੋਦੇ ਆਪੁ ਵੰਡਾਏ, ਕੋ ਐਸਾ ਭਗਤ ਸਦਾਏ ।

ਸਬਰ ਬਾਰੇ ਫ਼ਰੀਦ-ਬਾਣੀ ਵਿਚ ਇਕੱਠੇ ਤਿੰਨ ਸ਼ਲੋਕ ਮਿਲਦੇ ਹਨ, ਜਿਹੜੇ ਜੀਵਨ ਵਿਚ ਇਸ ਦੀ ਮਹਾਨਤਾ ਨੂੰ ਪ੍ਰਗਟ ਕਰਦੇ ਹਨ :

ਸਬਰ ਮੰਝ ਕਮਾਣ ਏ ਸਬਰ ਕਾ ਨੀਹਣੋ ।
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ।
ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ।
ਹੋਨਿ ਨਜੀਕ ਖੁਦਾਇ ਦੈ ਭੇਤੁ ਨ ਕਿਸੈ ਦੇਨਿ ।
ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ।
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ।

ਫਰੀਦ-ਬਾਣੀ ਵਿਚ ਅਦਾਬ ਦੇ ਲਗਭਗ ਸਭ ਗੁਣਾਂ ਦਾ ਜ਼ਿਕਰ ਆਇਆ ਹੈ ।

੩. ਇਬਾਦਾਤ ਦੇ ਪੰਜ ਵਿਸ਼ੇਸ਼ ਕਰਮਾਂ ਵਿਚੋਂ ਫ਼ਰੀਦ-ਬਾਣੀ ਵਿਚ ਨਮਾਜ਼ ਬਾਰੇ ਵਿਚਾਰ ਮਿਲਦੇ ਹਨ । ਦਿਨ ਵਿਚ ਪੰਜ ਨਮਾਜ਼ਾਂ ਪੜ੍ਹਨਾ ਹਰ ਮੋਮਨ ਦਾ ਫ਼ਰਜ਼ ਹੈ । ਨਮਾਜ਼ ਪੜ੍ਹਨ ਤੋਂ ਪਹਿਲਾਂ ਵਜ਼ੂ ਕਰਨਾ ਜ਼ਰੂਰੀ ਹੈ । 'ਵਜ਼ੂ' ਨੂੰ ਪੰਜਾਬੀਆ ਕੇ 'ਉਜੂ' ਕਿਹਾ ਗਿਆ ਹੈ । ਮੋਢੇ ਉਤੇ ਮੁਸਲਾ ਚੁੱਕਣ ਅਤੇ ਦਿਲ ਵਿਚ ਵੈਰ-ਵਿਰੋਧ, ਈਰਖਾ ਆਦਿ ਦੀ ਭਾਵਨਾ ਰਖਣਾ ਇਹ ਫ਼ਕੀਰ ਨੂੰ ਨਹੀਂ ਸੋਭਦਾ । ਜਿਹੜਾ ਨਮਾਜ਼ ਨਹੀਂ ਪੜ੍ਹਦਾ, ਉਹਨੂੰ 'ਕੁੱਤਾ' ਕਹਿ ਕੇ ਸੰਬੋਧਨ ਕੀਤਾ ਗਿਆ ਹੈ । ਨਮਾਜ਼ ਬਾਰੇ ਫ਼ਰੀਦ ਜੀ ਦੇ ਬਚਨ ਇਉਂ ਹਨ :

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ।
ਕਬਹੀ ਚਲਿ ਨ ਆਇਓ ਪੰਜੇ ਵਖਤ ਮਸੀਤਿ ।
ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ।
ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ।
ਜੋ ਸਿਰ ਸਾਂਈ ਨਾ ਨਿਵੈ ਸੋ ਸਿਰ ਕੀਜੈ ਕਾਇ ।
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ।

ਸਵੇਰੇ ਅੰਮ੍ਰਿਤ ਵੇਲੇ ਉਠ ਕੇ ਨਮਾਜ਼ ਪੜ੍ਹਨ ਅਥਵਾ ਬੰਦਗੀ ਕਰਨ ਨੂੰ ਬਾਬਾ ਫ਼ਰੀਦ ਨੇ ਵਧੀਕ ਮਹੱਤਵ ਦਿਤਾ ਹੈ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ।

੪. ਰੱਬੀ-ਪ੍ਰੀਤ ਦੀ ਬਾਣੀ ਹੋਣ ਕਰਕੇ ਫ਼ਰੀਦ-ਬਾਣੀ ਵਿਚ ਮੁਆਮਲਾਤ ਬਾਰੇ ਕੁਝ ਨਹੀਂ ਮਿਲਦਾ, ਇਵੇਂ ਹੀ ਉਕੂਬਾਤ ਸੰਬੰਧੀ ਕੋਈ ਵਿਸ਼ੇਸ਼ ਕਥਨ ਨਹੀਂ ਮਿਲਦੇ । ਮੰਦੇ ਅਮਲਾਂ ਦੀ ਸਜ਼ਾ ਬਾਰੇ ਚੇਤੰਨ ਜ਼ਰੂਰ ਕੀਤਾ ਹੈ । ਜਿਹੜਾ ਵੀ ਮੰਦੇ ਅਮਲਾਂ ਦੇ ਟੋਏ ਟਿਬਿਆਂ ਨੂੰ ਲਾਹ ਕੇ ਮਨ ਨੂੰ ਮੈਦਾਨ ਕਰ ਲਵੇਗਾ, ਉਹ ਦੋਜ਼ਖ ਦੀ ਅਗਨੀ ਵਿਚ ਨਹੀਂ ਸੜੇਗਾ :

ਫਰੀਦਾ ਮਨ ਮੈਦਾਨੁ ਕਰਿ ਟੋਏ ਟਿਬੇ ਲਾਹਿ ।
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ।

ਨਿੰਦਾ ਇਕ ਬੁਰਾ ਅਮਲ ਹੈ । ਖਾਕ ਨੂੰ ਵੀ ਨਿੰਦਣਾ ਯੋਗ ਨਹੀਂ :

ਫਰੀਦਾ ਖਾਕ ਨ ਨਿੰਦੀਐ ਖਾਕੂ ਜੇਡੁ ਨ ਕੋਇ ।
ਜੀਵਦਿਆਂ ਪੈਰਾਂ ਤਲੈ ਮੁਇਆ ਉਪਰਿ ਹੋਇ ।

Digitized by Panjab Digital Library | www.panjabdigilib.org

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਫ਼ਰੀਦ-ਬਾਣੀ ਵਿਚ ਸ਼ਰੀਅਤ ਦੇ ਕਈ ਤੱਤ ਮਿਲਦੇ ਹਨ। ਜਿਨ੍ਹਾਂ ਦੀ ਤਕਦੀਰ ਚੰਗੀ ਹੈ ਅਰਥਾਤ ਭਾਗ ਚੰਗੇ ਹਨ, ਉਹ ਹੀ ਧਰਮ-ਮਾਰਗ ਉਤੇ ਚਲ ਸਕਣਗੇ ਅਤੇ ਜੋ ਸ਼ੈਤਾਨ ਦੇ ਪਿੱਛੇ ਲਗ ਤੁਰਨਗੇ, ਉਹ ਸੌ ਨਸੀਹਤਾਂ ਦੇਣ ਉਤੇ ਵੀ ਇਸ ਮਾਰਗ ਵਲ ਕਦਮ ਨਹੀਂ ਪੁੱਟਣਗੇ ਅਤੇ ਦੋਜ਼ਖ਼ ਦੇ ਭਾਗੀ ਬਣਨਗੇ :

ਫਰੀਦਾ ਕੂਕੇਦਿਆ ਚਾਗੇਦਿਆ ਮਤੀ ਦੇਦਿਆ ਨਿਤ।
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।

Digitized by Panjab Digital Library | www.panjabdigilib.org

ਮੂਲ ਲੇਖਕ : ਨਜ਼ਮ ਹੁਸੈਨ ਸਈਅਦ **ਫਾਰਸੀ ਅੱਖਰਾਂ ਤੋਂ ਲਿਪਿਆਂਤਰ : ਰਘੁਬੀਰ ਸਿੰਘ**

ਸ਼ਲੋਕ ਫਰੀਦ

"ਸ਼ਲੋਕ ਫਰੀਦ" ਵਿਚ ਬਾਰ੍ਹਵੀਂ ਤੇਰ੍ਹਵੀਂ ਸਦੀ ਦੀ ਰਚੀ ਕਿਹੜੀ ਏ ਤੇ ਪੰਦਰਵੀਂ ਸੋਲਵੀਂ ਸਦੀ ਦੀ ਕਿਹੜੀ ? ਇਹ ਨਿਤਾਰਾ ਅੱਜ ਏਸ ਕਰਕੇ ਔਖੇਰਾ ਜਾਪਦਾ ਏ ਪਈ ਜਿਨ੍ਹਾਂ ਸਿਆਣਿਆਂ ਦਾ ਇਹ ਕੰਮ ਸੀ ਉਹਨਾਂ ਇਹਨੂੰ ਨਹੀਂ ਨਬੇੜਿਆ। ਬਾਬਾ ਫਰੀਦ ਤੇ ਉਹਨਾਂ ਦੇ ਪਿਛਲੱਗ ਸ਼ਾਇਰਾਂ ਵਿਚ ਤ੍ਰੈ ਸੌ ਵਰ੍ਹਿਆਂ ਦੀ ਵਿਥ ਪਾਟਣ ਲਈ ਕੋਈ ਨਾਂ ਨਹੀਂ ਨਜ਼ਰ ਆਂਵਦਾ। ਫਰੀਦ ਗੰਜ ਸ਼ਕਰ ਦਾ ਆਪਣਾ ਨਾਂ ਇਕ ਸੂਫੀ ਸੰਤ ਦਾ ਨਾਂ ਏ ਜੀਹਦੇ ਦੁਆਲੇ ਲੋਕ-ਮੰਨਤਾ ਦੇ ਚਾਨਣ ਨੇ ਅਚਰਜ ਕਹਾਣੀਆਂ ਦਾ ਝੁੰਮਰ ਘੱਤਿਆ ਹੋਇਆ ਏ। ਪਰ ਏਸ ਝੁੰਮਰ ਦੀ ਲੋ ਉਹਨਾਂ ਦੇ ਸ਼ਾਇਰੀ ਵਾਲੇ ਮੁਹਾਂਦਰੇ ਉਤੇ ਪਲ ਦੇ ਪਲ ਈ ਪੈਂਦੀ ਏ ਅਤੇ ਵੇਖਣ ਵਾਲੇ ਲਈ ਹਨੇਰਾ ਹੋਰ ਗੂੜ੍ਹਾ ਕਰ ਜਾਂਦੀ ਏ। ਵੇਖਣ ਵਾਲਿਆਂ ਦੀ ਭੁੱਲ ਆਪਣੀ ਏ ਪਈ ਉਹ ਸ਼ਾਇਰੀ ਵਾਲੇ ਮੁਹਾਂਦਰੇ ਉਤੇ, ਅੱਖਰਾਂ ਤੇ ਬੋਲਾਂ ਉਤੇ, ਅੱਖ ਨਹੀਂ ਟਿਕਾਂਵਦੇ।

ਇਹ ਨਹੀਂ ਪਈ ਮੈਨੂੰ ਲੋਕ-ਮੰਨਤਾ ਦੀਆਂ ਕਹਾਣੀਆਂ ਬੇਗੁਣੀਆਂ ਲਗਦੀਆਂ ਹਨ ਜਾਂ ਮੈਨੂੰ ਉਹਨਾਂ ਵਿਚ ਤੇ ਸ਼ਾਇਰੀ ਵਿਚ ਕੋਈ ਜੋੜ ਨਹੀਂ ਦਿਸਦਾ। ਜਿਨ੍ਹਾਂ ਲੋਕਾਂ ਨੂੰ ਖਲਕਤ ਸੰਤ ਦੇ ਦਰਜੇ ਕਰਦੀ ਏ ਉਹਨਾਂ ਦੀਆਂ ਕਹਾਣੀਆਂ ਲੋਕਾਂ ਦੀਆਂ ਆਪਣੀਆਂ ਕਹਾਣੀਆਂ ਹੋਂਦੀਆਂ ਹਨ। ਉਹਨਾਂ ਦਿਆਂ ਅਚਰਜ ਕਾਰਿਆਂ ਦੇ ਚਰਚੇ ਹੇਠ ਸਾਡੀਆਂ ਆਪਣੀਆਂ ਰੀਝਾਂ ਤੇ ਡਰ ਕੱਜੇ ਹੋਂਦੇ ਹਨ। ਫਰੀਦ, ਨਾਨਕ, ਹੁਸੈਨ ਤੇ ਬੁਲ੍ਹੇ ਸ਼ਾਹ ਦੀਆਂ ਕਹਾਣੀਆਂ ਇੰਝ ਈ ਗਹੁ ਜੋਗੀਆਂ ਤੇ ਰਮਜ਼ ਰੱਤੀਆਂ ਹਨ ਜਿਵੇਂ ਹੀਰ ਤੇ ਰਾਂਝੇ ਦੀ ਕਹਾਣੀ, ਪੂਰਨ ਦੀ ਕਹਾਣੀ। ਆਖਣਾ ਇਹ ਸੀ ਪਈ ਵੇਖਣ ਵਾਲੇ ਨਾ ਕਹਾਣੀ ਨੂੰ ਥਾਂ ਸਿਰ ਕਰਕੇ ਬਿਆਨਦੇ ਹਨ ਤੇ ਨਾ ਸ਼ਾਇਰੀ ਨੂੰ। ਇਕ ਪੜ੍ਹਨ ਸੁਣਨ ਵਾਲੇ ਸ਼ੇਅਰ ਸੁਣ ਕੇ ਝਬਦੇ ਕਹਾਣੀ ਵਲ ਨੱਸ ਪੈਂਦੇ ਹਨ ਤੇ ਜਿਸ ਵੇਲੇ ਕਹਾਣੀ ਦੀ ਰਮਜ਼ ਗਵੇੜਨ ਦਾ ਵੇਲਾ ਆਂਵਦਾ ਏ ਤੇ ਮੁੜ ਸ਼ਿਅਰ ਵਲ ਪਰਤ ਜਾਂਦੇ ਹਨ ਤੇ ਗੱਲ ਦੋਹੀਂ ਪਾਸੇ ਨਹੀਂ ਸਿਰੇ ਚੜ੍ਹਦੀ। ਹਾਂ, ਪੜ੍ਹਨ ਸੁਣਨ ਵਾਲੇ ਨੂੰ ਇੰਝ ਲੱਗਦਾ ਏ ਪਈ ਸੂਫੀਆਂ ਸੰਤਾਂ ਦਾ ਕਿੱਸਾ ਕਰਕੇ ਉਹਨੇ ਸਵੱਲੇ ਭਾਅ ਕੁਝ ਗੁਣ ਖੱਟ ਖੜਿਆ ਏ। ਦੂਜੇ ਪੜ੍ਹਨ ਸੁਣਨ ਵਾਲੇ ਉਹ ਸਿਆਣੇ ਹਨ ਜਿਹੜੇ ਪੜ੍ਹਨ ਤੋਂ ਪਹਿਲਾਂ ਈ ਕੁਝ ਘੜੇ ਮਿਥੇ ਮਾਅਨੇ ਚਿੱਤ ਧਰੀ ਬੈਠੇ ਹੋਂਦੇ ਹਨ। ਇਹਨਾਂ ਦੀ ਸੋਚ ਦਾ ਮੁਹਾੜ ਸ਼ਲੋਕ ਫਰੀਦ ਦੇ 'ਸ਼ਰਿਹਾਂ' ਤੇ ਉਲਥਿਆਂ ਵਿਚ ਦਿਸਦਾ ਏ ਜਿਥੇ ਕਹਾਣੀ ਤੇ ਸ਼ੇਅਰ ਦੋਹਾਂ ਨੂੰ ਆਪਣੇ ਚਿੱਤ ਧਰੇ ਮਤਲਬ ਲਈ ਵਰਤਿਆ ਹੋਂਦਾ ਏ।

ਫਰੀਦ ਦੇ ਸ਼ਾਇਰੀ ਵਾਲੇ ਮੁਹਾਂਦਰੇ ਦਾ ਅਪਣਾ ਚਾਨਣ ਏਨਾ ਕੁ ਏ ਪਈ ਭਾਵੇਂ ਤ੍ਰੈ ਸੌ ਵਰ੍ਹਿਆਂ ਦੀ ਵਿੱਥ ਵਾਲੀ ਘੁੰਡੀ ਦਾ ਖੋਲ੍ਹਣ ਸਾਡੇ ਖੋਜਕਾਰਾਂ ਦੇ ਵੱਸ ਨਾ ਵੀ ਹੋਵੇ ਤਾਂ ਵੀ ਪੜ੍ਹਨ ਸੁਣਨ ਵਾਲੇ ਨੂੰ ਸ਼ਲੋਕ ਫਰੀਦ ਠੱਪ ਕੇ ਕਹਾਣੀਆਂ ਨਾਲ ਮਨ ਪਰਚਾਵਣ ਦੀ ਲੋੜ ਨਹੀਂ ਪੈਣੀ ਚਾਹੀਦੀ।

ਫਰੀਦ ਤੇ ਉਹਨਾਂ ਪਿਛੋਂ ਆਵਣ ਵਾਲਿਆਂ ਵਿਚਾਕਰ ਵਿੱਥ ਤ੍ਰੈ ਸੌ ਵਰ੍ਹੇ ਦੀ ਸੀ ਕਿ ਤ੍ਰੀਹਾਂ ਵਰ੍ਹਿਆਂ ਦੀ, ਪਰ ਜੇ ਪੰਜਾਬ ਸ਼ਿਅਰ ਰੀਤ ਦਾ ਸਮੁੱਚਾ ਮੁਹਾੜ ਵੇਖੀਏ ਤਾਂ "ਸ਼ਲੋਕ ਫਰੀਦ" ਕਾਫੀਆਂ ਤੇ ਕਿੱਸਿਆਂ ਵਿਚ ਓਪਰਾ ਨਹੀਂ ਜਾਪਦਾ।

ਸ਼ਿਅਰ ਰੀਤ ਕਿਸੇ ਗਿਣੇ ਮਿਥੇ ਕਾਨੂੰਨ ਦਾ ਨਾਂ ਨਹੀਂ ਜਿਹੜਾ ਸ਼ਾਇਰ ਦੀ ਅਟਕਲ ਉਤੇ ਲਾਗੂ ਹੋਏ। ਪੰਜਾਬੀ ਸ਼ਿਅਰ ਰੀਤ ਦਾ ਮੁਹਾੜ ਉਹ ਸਦੀਵੀ ਸੁਭਾਅ ਹਨ ਜਿਹੜੇ ਸਾਨੂੰ ਰੂਪ ਵਟਾਂਦੀਆਂ ਅਟਕਲਾਂ ਅੰਦਰ ਸਾਹ ਲੈਂਦੇ ਪਏ ਲੱਭਦੇ ਹਨ। ਫਰੀਦ ਦਾ ਸੰਬੰਧ ਸੋਲ੍ਹਵੀਂ ਸਦੀ ਵਿਚ ਸ਼ਾਹ ਹੁਸੈਨ ਨਾਲ, ਸਤਾਰ੍ਹਵੀਂ ਸਦੀ ਵਿਚ ਬੁਲ੍ਹੇ ਸ਼ਾਹ ਨਾਲ, ਅਠਾਰ੍ਹਵੀਂ ਵਿਚ ਸਚਲ ਸਰਮਸਤ ਨਾਲ ਤੇ ਉਨ੍ਹੀਵੀਂ ਵਿਚ ਗੁਲਾਮ ਫਰੀਦ ਨਾਲ ਇਹਨਾਂ ਸਦੀਵੀ ਸੁਭਾਵਾਂ ਰਾਹੀਂ ਬਣਿਆ ਏ। ਫਰੀਦ ਦਾ ਅਪਣਾ ਸੁਭਾਅ ਜੇ ਵੇਖੋ ਤੇ ਉਹ ਨਾ ਹੁਸੈਨ ਨਾਲ ਰਲਦਾ ਏ ਤੇ ਨਾ ਬੁਲ੍ਹੇ ਸ਼ਾਹ ਤੇ ਨਾ ਸਚਲ ਨਾਲ।

ਸ਼ਲੋਕ ਦੋਹੜਿਆਂ ਦਾ ਇਕੱਠ ਏ। ਫਰੀਦ ਦਾ ਦੋਹੜਾ ਮੇਲਵੀਆਂ ਤੁਕਾਂ ਦੀ ਦੋ-ਸਤਰੀ ਨਜ਼ਮ ਹੋਂਦੀ ਏ, ਆਪਣੇ ਆਪ ਵਿਚ ਪੂਰੀ ਤੇ ਰੱਜਵੀਂ (ਇਕ ਅੱਧੀ ਵਾਰ ਦੋ ਦੋਹੜਿਆਂ ਦੀ ਇਕ ਟੁਕੜੀ ਵੀ ਆਂਵਦੀ ਏ), ਹਰ ਸਤਰ ਵਿਚਕਾਰ ਇਕ ਸਾਹ ਦੀ ਅਟਕ ਹੋਂਵਦੀ ਏ ਜਿਹੜੀ ਮਾਅਨਿਆਂ ਨੂੰ ਦਮ ਦੇਂਵਦੀ ਏ, ਏਸ ਅਟਕ ਦਾ ਸੰਬੰਧ ਫਰੀਦ ਦੀ ਕਾਇਆਂ ਨਾਲ ਘਣਾ ਏ। ਫਰੀਦ ਦੀ ਆਵਾਜ਼ ਦਾ ਰੂਪ ਸਹਿਜਾ ਏ। ਆਵਾਜ਼ ਏਨੀ ਮਿੱਠੀ ਤੇ ਗੁੜ੍ਹੀ ਹੋਈ ਏ ਜਿਵੇਂ ਇਕੱਲਿਆਂ ਬਹਿ ਕੇ ਸੋਚੀਂ ਪੈਣ ਦੇ ਸਾਵੇਂ ਸੇਕ ਵਿਚੋਂ ਪਈ ਨਿਕਲਦੀ ਹੋਵੇ।

Digitized by Panjab Digital Library | www.panjabdigilib.org

ਆਮ ਸੁਣਿਆ ਦੋਹੜਾ ਏ :

ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ ।
ਗੁਨਹੀਂ ਭਰਿਆ ਮੈਂ ਫਿਰਾਂ ਲੋਕ ਕਹੈ ਦਰਵੇਸ ।

ਮਾਤਰਾਂ ਦੀ ਵੰਡ ਦਾ ਦੋਹੜੇ ਦੀ ਆਖਣੀ ਨਾਲ ਇੰਝ ਮੇਲ ਮਿਲਿਆ ਏ ਪਈ ਆਵਾਜ਼ ਕਿਤੋਂ ਵੀ ਚੁਭਦੀ ਨਹੀਂ । ਉਤੋਂ ਲਫਜ਼ ਵੀ ਉਚੇਚਾ ਕੋਰੇ ਵਰਤੇ ਹਨ ਜ਼ਿਨ੍ਹਾਂ ਨਾਲ ਤਾਲ ਦਾ ਸਿੱਧਾ ਰੂਪ ਵਧੇਰੇ ਸਿੱਧਾ ਜਾਪਦਾ ਏ । ਪਰ "ਲੋਕ ਕਹੈ ਦਰਵੇਸ" ਵਾਲੀ ਟੁਕੜੀ ਤੇ ਪੁੱਜ ਕੇ ਪਿਛਾਂਹ ਨੂੰ ਪਰਤੋਂ ਤੇ ਇੰਝ ਲਗਦਾ ਏ ਜਿਵੇਂ ਕੋਈ ਬੁਝਾਰਤ ਸੀ ਜਿਹੜੀ ਸਿੱਧ ਪੱਧਰੇ ਰੂਪ ਉਹਲੇ ਆਪਣਾ ਆਪ ਲੁਕਾ ਗਈ ਏ । ਕਪੜਾ ਜ਼ਾਹਰ ਦਾ ਪਰਦਾ ਹੋਂਵਦਾ ਏ । ਲੋਕ ਪਰਦੇ ਨੂੰ ਅਸਲ ਸਮਝਦੇ ਹਨ । ਏਸ ਕਰਕੇ ਜ਼ਾਹਰ ਬਾਤਨ ਇਕ ਕੀਤਾ ਤੇ ਚਟਿਆਈ ਦਾ ਰੂਪ ਛੱਡ ਕੇ ਕਾਲਖ ਮਲ ਕੇ ਜੱਗ ਦੇ ਸਾਹਵੇਂ ਹੋ ਗਏ । ਪਰ ਅਸਲ ਪਰਦਾ ਤੇ ਵੇਖਣ ਵਾਲੇ ਦੀ ਅੱਖ ਉਤੇ ਹੋਂਵਦਾ ਏ । ਵੇਖਣ ਵਾਲੇ ਪਹਿਲੋਂ ਜ਼ਾਹਰ ਨੂੰ ਅਸਲ ਸਮਝਦੇ ਸਨ, ਹੁਣ ਅਸਲ ਨੂੰ ਜ਼ਾਹਰ ਆਖਣ ਲੱਗ ਪਏ ਪਈ ਇਹ ਕਾਲਖ ਤੇ ਜੀ ਐਵੇਂ ਉਹਲਾ ਏ, ਜਿਹੜਾ ਸਾਨੂੰ ਭੁਲਾਵਣ ਲਈ ਦਰਵੇਸ਼ ਕੀਤੀ ਬੈਠਾ ਏ । ਮੁਕਦੀ ਗੱਲ ਇਹ ਪਈ ਵੇਖਣ ਤੇ ਕਰ ਵੇਖਣ ਦੀ ਵਿੱਥ ਕਿਸੇ ਹੀਲੇ ਨਹੀਂ ਮੇਲੀ ਜਾ ਸਕਦੀ । ਸੱਚ ਤੇ ਕੂੜ ਦੀਆਂ ਦੁਵੱਲੀਆਂ ਸ਼ਕਲਾਂ ਵਾਲੀ ਖੇਡ ਵਿਚ ਖੇਡਣ ਵਾਲੇ ਤੇ ਵੇਖਣ ਵਾਲੇ ਇਕੋ ਜਿਹੇ ਬੇਵਸੇ ਹਨ । ਫਰੀਦ ਦੇ ਬੋਲ ਵਿਚ ਇਕ ਹਿਰਖ ਵੰਨਾ ਹਾਸਾ ਏ । ਜਿਹੜਾ "ਕਾਲੇ" ਦਾ ਲਫਜ਼ ਦੁਹਰਾਵਣ ਨਾਲ ਗੂੜ੍ਹਾ ਹੋ ਗਿਆ ਏ । ਬੋਲਣ ਦਾ ਇਹ ਢੰਗ ਉਸ ਵੇਲੇ ਵਰਤੀਦਾ ਏ ਜਦੋਂ ਸੈਨਤ ਨਾਲ ਕੋਈ ਅਣਸੁਣਿਆ ਸੱਚ ਇਨਕਾਰੀਆਂ ਨੂੰ ਵਿਖਾਵਣਾ ਹੋਵੇ ।

ਫਰੀਦ ਦੀ ਆਵਾਜ਼ ਦੇ ਸਹਿਜੇ ਰੂਪ ਪਾਰੋਂ ਦੋਹੜਿਆਂ ਉਤੇ ਕਦੀ ਵਾਰੀ ਅਖਾਣਾਂ ਦਾ ਭੁਲੇਖਾ ਪੈਂਦਾ ਏ । ਅਖਾਣ ਚੱਜ ਕੁਚੱਜ ਨਿਖੇੜਦੇ ਹਨ । ਉਹਨਾਂ ਦੀ ਆਖਣੀ ਵਸੇਬੇ ਦੀ ਵਰਤੋਂ ਨੂੰ ਕੱਲੇ ਜੀ ਤਾਈਂ ਅਪੜਾਉਂਦੀ ਏ । ਜੀ ਦੀ ਵਾਪਰੀ ਨੂੰ ਵਸੇਬੇ ਦੇ ਮੂੰਹ ਨਹੀਂ ਕਰਾਂਵਦੀ । ਅਖਾਣ ਮਾਪਿਆਂ ਦੀ ਆਵਾਜ਼ ਸੁਣਾਂਦੇ ਹਨ । ਏਸੇ ਕਰਕੇ ਫਰੀਦ ਦੇ ਗੂੜ੍ਹਿਆਂ ਬੋਲਾਂ ਵਿਚੋਂ ਬਹੁਤਿਆਂ ਨੂੰ ਇਕ ਵਡੇਰਾ ਸਿਆਣਾ ਬੋਲਦਾ ਲੱਗਦਾ ਏ ਜਿਹੜਾ ਕਚਿਆਂ ਪਿੱਲਿਆਂ ਦੇ ਸਿਰ ਤੇ ਮੱਤ ਦਾ ਪੀਡਾ ਹੱਥ ਪਿਆ ਧਰਦਾ ਏ । ਫਰੀਦ ਬਾਰੇ ਏਸ ਭੁਲੇਖੇ ਦੇ ਪਸਾਰੇ ਵੇਖਣੇ ਹੋਣ ਤਾਂ ਸ਼ਲੋਕ ਫਰੀਦ ਦੀ ਕੋਈ ਛਪੀ ਸ਼ਰਹ ਪੜ੍ਹ ਲਓ । ਇਹ ਭੁਲੇਖਾ ਲਾਹੁਣਾ ਹੋਵੇ ਤਾਂ ਦੋਹੜਿਆਂ ਵਲ ਗਹੁ ਕਰ ਲਵੋ । ਦੋਹੜਾ ਜੇ:

ਫਰੀਦਾ ਗਲੀਏ ਚਿਕੜ ਦੂਰਿ ਘਰੁ ਨਾਲਿ ਪਿਆਰੇ ਨੇਹੁ ।
ਚਲਾਂ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ।

ਦੋਹੜੇ ਦੀਆਂ ਦੋਂਹ ਸਤਰਾਂ ਅੰਦਰ ਇਕ ਪੂਰੀ ਕਹਾਣੀ ਰਹੱਸ ਰੂਪ ਵਿਚ ਕੀਤੀ ਲੱਭਦੀ ਏ । ਏਸ ਕਹਾਣੀ ਵਿਚ ਆਵਾਜ਼ ਮੱਤ ਜਾਂ ਸਿਖਿਆ ਦੀ ਨਹੀਂ, ਹੱਡ ਵਰਤੀ ਦੀ ਆਵਾਜ਼ ਏ ਤੇ ਉਹ ਵੀ ਤੱਤੇ ਤਾਅ । ਕਰਨ ਨਾ ਕਰਨ, ਹੋਣ ਨਾ ਹੋਣ ਦੀਆਂ ਦਲੀਲਾਂ ਦੇ ਮੂੰਹ ਆਈ ਕੁੜੀ ਦੀ ਆਵਾਜ਼ । ਏਥੇ ਦੋਨਾਂ ਸਤਰਾਂ ਵਿਚ ਦਲੀਲਾਂ ਦੀ ਖਿੱਚ-ਤਾਣ ਲਫਜ਼ਾਂ ਨੂੰ ਕੇਹੇ ਸਾਵੇਂ ਤੋਲ ਤੋਲ ਕੇ ਵੰਡਦੀ ਏ । ਲਫਜ਼ਾਂ ਦੀਆਂ ਨਿੱਕੀਆਂ ਨਿੱਕੀਆਂ ਟੁਕੜੀਆਂ ਉਤੇ ਆਵਾਜ਼ ਖਲੋਂਦੀ ਤੇ ਖਲੋ ਕੇ ਸੋਚਾਂ ਦੀਆਂ ਘੁੰਮਣਘੇਰੀਆਂ ਵਿਚ ਗਵਾਚਦੀ ਜਾਪਦੀ ਏ । ਦੂਜੀ ਸਤਰ ਦੇ ਦੋਵੇਂ ਟੋਟੇ ਇੰਝ ਟਕਰੇ ਖਲੋਤੇ ਹਨ ਜਿਵੇਂ ਦੋ ਦਲੀਲਾਂ ਦੀ ਸਾਵੀਂ ਪਕੜ ਨਾਲ ਕੁੜੀ ਦੇ ਪੈਰ ਪਥਰਾ ਗਏ ਹੋਣ ਤੇ ਉਹ ਨਾ ਅੱਗੇ ਜਾਣ ਜੋਗੀ ਹੋਏ ਨਾ ਪਰਤਣ ਜੋਗੀ । ਪਰ ਚੁੱਪ ਚਾਣ ਦਾ ਇਹ ਵੱਟ ਜੀਹਦੇ ਪਿਛੇ ਦਲੀਲਾਂ ਦੀਆਂ ਆਰੀਆਂ ਦੀ ਸਵਾਹਰੀ ਰਗੜ ਹੋਵੇ ਬਹੁਤਾ ਚਿਰ ਨਹੀਂ ਜਰਿਆ ਜਾਂਦਾ । ਇਕ ਪਾਸੇ ਪੈਰ ਪਾਵਣਾ ਈ ਪੈਂਦਾ ਏ । ਲਾਗਦਾ ਦੋਹੜਾ ਏ :

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ।
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ।

ਕੁੜੀ ਅਗਾਂਹ ਵਲ ਪੈਰ ਚੁੱਕ ਕੇ ਚੁੱਪ ਚਾਣ ਦਾ ਵੱਟ ਤੁੜਿਆ ਏ । ਏਸ ਦੋਹੜੇ ਵਿਚ ਲਫਜ਼ਾਂ ਦੀਆਂ ਟੁਕੜੀਆਂ ਦਾ ਸਾਵਾਂ ਤੋਲ ਨਹੀਂ ਰਿਹਾ । 'ਭਿਜਉ', 'ਸਿਜਉ' 'ਵਰਸਉ' ਵਾਲੀਆਂ ਆਵਾਜ਼ ਦੀਆਂ ਸੱਟਾਂ ਦਲੀਲਾਂ ਦਾ ਜਾਦੂ ਭੰਨ ਛਡਿਆ ਏ ਤੇ ਅੰਦਰਲੇ ਆਦਮ ਦੇ ਛੱਕੇ ਖੋਲ੍ਹ ਦਿੱਤੇ ਹਨ । ਇਨ੍ਹਾਂ ਦੇ ਖੁਲ੍ਹਦਿਆਂ ਦੂਜਾ ਮਿਸਰਾ ਹੱਠ ਦਾ ਹੜ੍ਹ ਹੋ ਕੇ ਨਿਕਲਿਆ ਏ । ਦੇਖੋ "ਜਾਇ ਮਿਲਾ" ਵਿਚੋਂ ਉਘੜੀ ਆਵਾਜ਼ ਦੀ ਲਹਿਰ ਕਿਵੇਂ ਆਪ ਮੁਹਾਰੀ ਤੇ ਅਣਝੱਕ "ਸੱਜਣਾ" ਵਾਲੇ ਕੰਢੇ ਨਾਲ ਜਾ ਪਲਮਦੀ ਏ :

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ।

ਦੇਖੋ ਚਿੱਕੜ ਤੇ ਮੀਂਹ ਕਣੀ ਦੇ ਡਰ ਤੇ ਕੰਬਲੀ ਦੇ ਸੰਭਾਲੇ ਵਾਲੀਆਂ ਰਮਜ਼ਾਂ ਜਿਹੜੀਆਂ ਪਹਿਲੇ ਦੋਹੜੇ ਵਿਚ ਪੈਰਾਂ ਉਤੇ ਪਕੜ ਕਰਦੀਆਂ ਸਨ, ਏਥੇ ਪੈਰਾਂ ਨੂੰ ਅਗਾਂਹ ਵਧਾਣ ਦੀ ਵੰਗਾਰ ਬਣ ਗਈਆਂ ਹਨ । ਜਿੰਨੀ ਕੰਬਲੀ ਭਿੱਜੇ ਉੱਨੀ ਮਨ ਦੀ ਲਹਿਰ ਪਈ ਘਣੇਰੀ ਹੋਂਦੀ ਏ । ਕੰਬਲੀ ਬਾਹਰਲੇ ਰੂਪ ਦੀ ਰਮਜ਼ ਏ, ਉਹ ਰੂਪ ਜਿਹੜਾ ਜੱਗ ਦੀ ਵੇਖਣੀ ਬੰਦੇ ਦੀ ਕਾਇਆ ਉਤੇ ਉਛਾੜ ਕਰਕੇ ਪਾ ਦੇਂਦੀ ਏ । ਕੰਬਲੀ ਤੇ ਵਜੂਦ, ਉਛਾੜ ਤੇ ਅਸਲ ਕਾਇਆ ਦਾ ਨਿਖੇੜ ਤਦੋਂ ਈ ਕਰ ਸਕੀਦਾ ਏ ਜਦੋਂ ਅਪਣੀ ਅੱਖ ਜੱਗ ਵੇਖਣੀ ਕੋਲੋਂ ਵੱਖ

Digitized by Panjab Digital Library | www.panjabdigilib.org

ਹੋ ਕੇ ਆਪਣੇ ਆਪ ਨੂੰ ਦੇਖੇ। ਪਹਿਲੇ ਦੋਹੜੇ ਵਿਚ ਕੰਬਲੀ ਭਿੱਜ ਜਾਣ ਦਾ ਡਰ ਏਸੇ ਪਾਰੋਂ ਸੀ ਪਈ ਫਰੀਦ ਦੀ ਅੱਖ ਜੱਗ ਦੀ ਅੱਖ ਕੋਲੋਂ ਬਹੁਤੀ ਵੱਖਰੀ ਨਹੀਂ ਸੀ ਤੇ ਕੰਬਲੀ ਤੋਂ ਆਪਣੇ ਅਸਲੇ ਨੂੰ ਨਿਖੇੜ ਕੇ ਨਹੀਂ ਸੀ ਵੇਖਦੀ। ਦੂਜੇ ਦੋਹੜੇ ਵਿਚ ਪੁਜਦਿਆਂ ਇਹ ਨਿਖੇੜ ਹੋ ਗਿਆ ਤੇ ਵਜੂਦ ਹੱਥੀਂ ਕੰਬਲੀ ਨੂੰ ਚਿੱਕੜ ਤੇ ਵਾਛੜ ਵਿਚ ਰੋਲਦਾ ਆਪਣੀ ਤਰੰਗ ਵਿਚ ਅਗਾਂਹ ਵਲ ਤੁਰ ਪਿਆ। ਗਲੀ ਵਸੇਬੇ ਦੇ ਵਿਹਾਰ ਦੀ ਰਮਜ਼ ਏ। ਏਥੋਂ ਲੰਘਿਉਂ ਬਾਝ ਗੁਜ਼ਾਰਾ ਨਹੀਂ। ਮੀਂਹ ਯਾ ਰੁੱਤ ਸਮੇਂ ਦੇ ਨਿਤ ਵਗਦੇ ਰੋੜ੍ਹ ਦੀ ਨਿਸ਼ਾਨੀ ਏ। ਇਹਦੇ ਅੱਗੇ ਵੀ ਕਿਸੇ ਦੀ ਵਾਹ ਨਹੀਂ। ਇਹਨਾਂ ਦੋਨਾਂ ਦੀ ਪਕੜ ਵਿਚ ਰਹਿੰਦਿਆਂ ਵੀ ਉਸ ਤੋਂ ਛੁੱਟ ਜਾਣ ਵਾਲੇ ਵਿਰਲੇ ਉਹ ਹਨ ਜਿਨ੍ਹਾਂ ਕੰਬਲੀ ਨੂੰ ਵਜੂਦ ਤੋਂ ਵੱਖ ਕਰ ਸਿਆਣਿਆ। ਇਕ ਅਟਕਲ ਵਾਲੀ ਨਿੱਕੀ ਜਿਹੀ ਗੱਲ ਹੋਰ ਇਹਨਾਂ ਦੋਹੜਿਆਂ ਵਿਚ ਵੇਖਣ ਗੋਚਰੀ ਇਹ ਏ ਪਈ ਪਹਿਲੇ ਦੋਹੜੇ ਵਿਚ ਦਲੀਲਾਂ ਦਾ ਖੋਭਾ ਸੀ ਤੇ ਚਿੱਕੜ ਦੀ ਰਮਜ਼ ਵਰਤੀ, ਦੂਜੇ ਵਿਚ ਉਦਮ ਦੀ ਮੌਜ ਉਸਰਨੀ ਸੀ ਤੇ ਚਿੱਕੜ ਦੀ ਥਾਵੇਂ ਮੀਂਹ ਵਰ੍ਹਨ ਦੀ ਰਮਜ਼ ਲਿਆਂਦੀ।

"ਸ਼ਲੋਕ ਫਰੀਦ" ਦੇ ਦੋਹੜੇ ਮਾਅਨਿਆਂ ਦੀ ਏਡੀ ਵੰਨਗੀ ਸਹਾਰਦਿਆਂ ਵੀ ਆਪਣੇ ਮੱਠੇ ਟੋਰੇ ਵਾਲੀ ਆਣ ਨਹੀਂ ਛੱਡਦੇ। ਆਵਾਜ਼ ਵਿਚ ਜਿਹੜੀ ਸੁਚੱਜ ਦੀ ਗੁੜ੍ਹਤੀ ਏ ਉਹ ਅੰਦਰ ਦੀਆਂ ਹਲਨਾਂ ਵਿਚ ਵੀ ਨਹੀਂ ਗਵਾਚੀ। ਇਹ ਨਹੀਂ ਪਈ ਦੋ-ਪਟੀਏ ਦੋਹੜੇ ਦੇ ਆਪਣੇ ਸੱਚੇ ਵਿਚ ਈ ਕੋਈ ਅਜਿਹੀ ਉਚੇਚੀ ਗੱਲ ਹੋਂਦੀ ਏ ਜਿਹੜੀ ਆਵਾਜ਼ ਨੂੰ ਹਮੇਸ਼ ਈ ਇੰਜ ਸੰਭਾਲੀ ਰਖਦੀ ਏ। ਹੋਰਨਾਂ ਸ਼ਾਇਰਾਂ ਦੋਹੜੇ ਦੇ ਏਸੇ ਸੱਚੇ ਵਿਚੋਂ ਅਪਣੇ ਸੁਭਾਅ ਮੂਜਬ ਹੋਰ ਢਾਲਾਂ ਢਾਲੀਆਂ। ਬੁਲ੍ਹੇ ਸ਼ਾਹ ਦਾ ਦੋਹੜਾ ਵੇਖ ਲਓ :

ਪੀ ਸ਼ਰਾਬ ਅਤੇ ਖਾ ਕਬਾਬ ਹੇਠ ਬਾਲ ਹੱਡਾਂ ਦੀ ਅੱਗ।
ਬੁਲ੍ਹਿਆ ਭੰਨ ਘਰ ਰੱਬ ਦਾ, ਏਸ ਠੱਗਾਂ ਦੇ ਠੱਗ ਨੂੰ ਠੱਗ।

ਏਥੇ ਦੋਹੜੇ ਦਾ ਸੱਚਾ ਸ਼ਾਇਰ ਦੀ ਆਵਾਜ਼ ਦੇ ਉਛਾਲ ਨਾਲ ਤਿੜਕਦਾ ਜਾਪਦਾ ਏ। ਆਵਾਜ਼ ਦੀਆਂ ਅਟਕਾਂ ਏਥੇ ਹਜਾਂ ਹੋ ਕੇ ਲਫਜ਼ਾਂ ਦੀਆਂ ਟੁਕੜੀਆਂ ਨੂੰ ਇਕ ਦੂਜੇ ਨਾਲ ਪਈਆਂ ਭਿੜਾਉਂਦੀਆਂ ਹਨ। ਸ਼ਾਹ ਹੋਰਾਂ ਦੀ ਆਖਣੀ ਏਸ ਦੋਹੜੇ ਵਿਚ ਹੋਰ ਵੇਰਵੇ ਨਾਲ ਦੇਖ ਲਈਏ ਤਾਂ ਸ਼ਲੋਕ ਫਰੀਦ ਵਿਚ ਦੋਹੜਿਆਂ ਦਾ ਸੁਭਾਅ ਵੀ ਵਧੇਰੇ ਨਿੱਤਰ ਜਾਵੇ।

ਸ਼ਾਹ ਹੋਰੀਂ ਆਪਣੇ ਆਪ ਨੂੰ ਉਹਨਾਂ ਕਾਰਿਆਂ ਲਈ ਵੰਗਾਰਦੇ ਹਨ ਜਿਹੜੇ ਜੱਗ ਦੀ ਵੇਖਣੀ ਨਿੰਦਦੀ ਤੇ ਰੱਟਦੀ ਏ। ਤੇ ਪੀ, ਖਾ, ਬਾਲ, ਭੰਨ, ਠੱਗ ਦੀਆਂ ਸੈਨਤਾਂ ਅੰਦਰ ਨਿਰਾ ਕਰਨ ਦਾ ਅਮਰ ਈ ਨਹੀਂ ਕਰ ਵਰਤਣ ਦਾ ਹੁੱਲ ਵੀ ਏ। ਆਖਣ ਦੀਆਂ ਇਹ ਸੈਨਤਾਂ ਅਸਲੀ ਕਰਨ ਦੀਆਂ ਸੈਨਤਾਂ ਹਨ। ਹੱਡਾਂ ਦੀ ਅੱਗ ਉਤੇ ਜਿਹੜੇ ਮਾਸ ਦਾ ਕਬਾਬ ਚੜ੍ਹਨਾ ਏ ਉਹ ਆਪਣੇ ਈ ਵਜੂਦ ਦਾ ਮਾਸ ਏ ਤੇ ਸ਼ਰਾਬ ਆਪਣੇ ਈ ਜੁੱਸੇ ਦੀ ਰੱਤ ਏ, ਉਹ ਜੁੱਸਾ ਜਿਹੜਾ ਜਿੰਦ ਦਾ ਯਾ ਰੱਬ ਦਾ ਘਰ ਵੀ ਏ ਤੇ ਆਪਣੇ ਆਪ ਦਾ ਪਿੰਜਰਾ ਵੀ। ਸ਼ਾਹ ਹੋਰਾਂ ਨੂੰ ਹਯਾਤੀ ਦੇ ਵੰਨੋ ਵੰਨ ਰੂਪਾਂ ਦੀ ਅੰਦਰਲੀ ਇੱਕਤਾ ਦੀ ਘੁੰਡੀ ਅਪਣੇ ਵਜੂਦ ਵਿਚ ਈ ਦਿਸਦੀ ਏ ਪਰ ਨਾਲ ਆਪਣਾ ਵਜੂਦ ਈ ਏਸ ਇੱਕਤਾ ਤਾਈਂ ਪੁੱਜਣ ਤੋਂ ਡਕਦਾ ਵੀ ਏ। ਜੀਵਨ ਦੀ ਏਸ ਦੁਵੱਲ ਨੂੰ ਸ਼ਾਹ ਹੋਰੀਂ ਉਦਮ ਦੀ ਮੌਜ ਨਾਲ ਨਿਬੇੜਿਆਂ ਚਾਹੁੰਦੇ ਹਨ। ਜਿਹੜਾ ਉਦਮ ਫਰੀਦ ਦੇ ਦੋਹੜੇ ਵਿਚ ਕੰਬਲੀ ਦੇ ਭਿਜਣ ਸਿੱਜਣ ਨਾਲ ਜੰਮਦਾ ਏ ਉਹੋ ਏਥੇ ਸਰੀਰ ਦੇ ਬੰਨੇ ਭੰਨਣ ਨਾਲ ਜੰਮਦਾ ਏ। ਏਥੇ ਉਦਮ ਦੀ ਮੌਜ ਦੀ ਰਮਜ਼ ਇੰਝ ਸਮਝੋ ਜਿਵੇਂ ਸ਼ਰਾਬ ਦੇ ਝੱਲ ਤੇ ਵਾਸ਼ਨਾ ਦੀ ਹਨੇਰੀ ਅੱਗੇ ਲੱਗ ਕੇ ਕੋਈ ਕਿਸੇ ਦਾ ਘਰ ਭੰਨ ਕੇ ਅੰਦਰ ਜਾ ਵੜੇ। ਤੇ ਘਰ ਵਾਲਾ ਅਨਭੋਲ ਹੀ ਫੜਿਆ ਜਾਵੇ। ਬੰਦਾ ਆਪ ਈ ਜੀਵਨ ਦੀ ਇੱਕਤਾ ਵੀ ਸਾਂਭੀ ਬੈਠਾ ਏ ਪਰ ਆਪ ਈ ਜੀਵਨ ਦੇ ਦੁਵੱਲੇ ਰੂਪ ਦੀ ਤਸਵੀਰ ਵੀ ਏ। ਇੱਕਤਾ ਦੀ ਸਾਰ ਓਸ ਵੇਲੇ ਤੀਕਰ ਨਹੀਂ ਹੱਥ ਲੱਗਦੀ ਜਦ ਤੀਕਰ ਦੁਵੱਲ ਨੂੰ ਮੁਕਾ ਨਾ ਲਿਆ ਜਾਵੇ। ਹਯਾਤੀ ਦੀ ਏਸ ਗੰਭੀਰ ਖੇਡ ਨੂੰ ਸ਼ਾਹ ਹੋਰਾਂ ਆਪਣੀ ਕਲਾ ਰਾਹੀਂ ਇਕ ਦੋਹੜੇ ਵਿਚ ਖੇਡ ਵਿਖਾਇਆ ਏ। ਬੁਲ੍ਹੇ ਸ਼ਾਹ ਦੇ ਮਾਅਨੇ ਫਰੀਦ ਦਿਆਂ ਦੇ ਦੋਹੜਿਆਂ ਦਿਆਂ ਮਾਅਨਿਆਂ ਕੋਲੋਂ ਢੇਰ ਦੁਰਾਡੇ ਨਹੀਂ ਪਰ ਸੁਭਾਅ ਦੇ ਫਰਕ ਨਾਲ ਦੋਨਾਂ ਸ਼ਾਇਰਾਂ ਦੇ ਟੋਰੇ ਵੱਖ ਵੱਖ ਹੋ ਗਏ ਹਨ। ਦੋਹੜਾ ਜੀਂਹਦੇ ਵਿਚ ਫਰੀਦ ਧਿਆਨ ਦਾ ਨਿੱਘ ਪਾਲਿਆ ਸੀ ਜਦੋਂ ਬੁਲ੍ਹੇ ਸ਼ਾਹ ਦੇ ਹੱਥ ਗਿਆ ਤੇ ਭਾਂਬੜ ਬਣ ਗਿਆ। ਇਕ ਸਾਂਝ ਉਤਲਿਆਂ ਤ੍ਰੇਹਵਾਂ ਦੋਹੜਿਆਂ ਵਿਚ ਇਹ ਲੱਭਦੀ ਏ ਪਈ ਇਹਨਾਂ ਵਿਚ ਦੱਸੀ ਹੱਡ ਵਰਤੀ ਕੋਈ ਆਮ ਤੇ ਸਿੱਧ ਪੱਧਰੀ ਹੱਡ ਵਰਤੀ ਨਹੀਂ। ਰਮਜ਼ਾਂ ਦਿਆਂ ਪੇਚਾਂ ਤੇ ਪੱਖਾਂ ਦਾ ਵੀ ਕੋਈ ਓੜਕ ਨਹੀਂ ਪਰ ਫਿਰ ਵੀ ਆਖਣੀ ਵਿਚ ਜਜ਼ਬੇ ਦੀ ਇਕ ਧਾਰ ਅਜਿਹੀ ਸਿੱਧੀ ਤੇ ਅਜਿਹੀ ਤ੍ਰਿਖੀ ਏ ਜਿਹੜੀ ਹਰ ਪੱਧਰ ਤੇ ਪੜ੍ਹਨ ਸੁਣਨ ਵਾਲੇ ਉਤੇ ਕੁਝ ਨਾ ਕੁਝ ਕਾਟ ਕਰ ਕੇ ਈ ਹਟਦੀ ਏ।

ਫਰੀਦ ਦੀ ਆਵਾਜ਼ ਦੇ ਲਹਿਜੇ ਤੇ ਸਵਾਹਰੇ ਜਿਹੇ ਟੋਰੇ ਨੂੰ ਵੇਖ ਕਈਆਂ ਪੜ੍ਹਨ ਸੁਣਨ ਵਾਲਿਆਂ ਇਹ ਗਵੇੜਿਆ ਪਈ ਫਰੀਦ ਹਯਾਤੀ ਨੂੰ ਨਿੰਦਣ ਰੱਦਣ ਵਾਲਾ ਕੋਈ ਸਾਧੂ ਏ ਜਿਹੜਾ ਜੀਵਨ ਤੋਂ ਚਿੱਤ ਚਾਵਣ ਦੀ ਮੱਤ ਦੇਂਦਾ ਏ। ਅੱਜ ਦੇ ਕਈ ਭਲੇ ਲੋਕ ਫਰੀਦ ਦੇ ਅਜਿਹੇ ਅੰਗਰੇਜ਼ੀ ਉਰਦੂ ਉਲਥੇ ਕਰਦੇ ਹਨ ਜਿਹੜੇ ਉਮਰਖਿਆਮ ਦਿਆਂ ਅੰਗਰੇਜ਼ੀ ਉਲਥਿਆਂ ਵਾਲੀ ਭਾਅ ਮਾਰਦੇ ਹਨ। ਪਰ ਇਹਨਾਂ ਲੋਕਾਂ ਦਾ ਵੀ ਦੋਸ਼ ਨਹੀਂ। ਇਹਨਾਂ ਵਡਿਆਂ ਕੋਲੋਂ ਸੁਣਿਆ ਹੋਇਆ ਏ ਪਈ ਸੂਫੀ ਸ਼ਾਇਰੀ ਉਹ ਏ ਜਿਹੜੀ ਤਿਆਗ ਦਾ ਦਰਸ ਦੇਵੇ। ਭਲੇ ਲੋਕ

Digitized by Panjab Digital Library | www.panjabdigilib.org

ਗੱਲ ਨੂੰ ਬਿਆਨਣ ਦਾ ਕੰਮ ਤੇ ਕਰਦੇ ਈ ਨਹੀਂ ਉਹਨਾਂ ਦਾ ਕੰਮ ਤੇ ਹੋ ਗੁਜ਼ਰਿਆਂ ਦੀਆਂ ਵਰ੍ਹੇ ਗੰਢਾਂ ਭੁਗਤਾਵਣ ਤੇ ਦਿਨਾਂ ਦਿਹਾਰਾਂ ਉਤੇ ਅਖਬਾਰਾਂ ਦੇ ਡੰਗ ਟਪਾਵਣ ਹੀ ਹੋਂਦਾ ਏ ਯਾ ਦੇਸ਼ ਦੇ 'ਕਲਚਰ' ਬਾਰੇ ਕਢਿਆ ਸਰਕਾਰੀ ਖੁਲਾਸਿਆਂ ਦਾ ਭਾਰ ਸਾਵਾਂ ਕਰਨਾ। ਸੂਫ਼ੀ ਸ਼ਾਇਰੀ ਬਾਰੇ ਉਤੇ ਦਸਿਆ ਗਵੇੜ ਚਿਰੋਕਣਾ ਏ। ਤੇ ਕਾਰਨ ਇਹਦਾ ਇਹ ਏ ਪਈ ਜਿਹੜਿਆਂ ਸਿਆਣਿਆਂ ਹੱਥਾਂ ਏਸ ਗੱਲ ਦਾ ਨਿਤਾਰਾ ਕਰਨਾ ਸੀ ਉਹ ਆਪੇ ਈ ਭੁੱਲੀਂ ਪੈ ਗਏ। ਲਾਜਵੰਤੀ ਰਾਮਾ ਕ੍ਰਿਸ਼ਨਾ ਤੋਂ ਸ਼ਰੀਫ ਕੁੰਜਾਹੀ ਤੀਕਰ ਸੂਫ਼ੀ ਸ਼ਾਇਰੀ ਬਾਰੇ ਜਿੰਨਾ ਕੁਝ ਵੀ ਨਵਿਆਂ ਪਰਖਕਾਰਾਂ ਲਿਖਿਆ ਉਹ ਉਤੇ ਦੱਸੇ ਗਵੇੜ ਨੂੰ ਪਕਿਆਂ ਈ ਕਰਦਾ ਗਿਆ। ਸੋਚਾਂ ਭਾਵੇਂ ਪੁਰਾਣੀਆਂ ਈ ਹੋਣ ਹਰ ਸਮੇਂ ਦੇ ਸੱਚੇ ਨਵੇਂ ਹੁੰਦੇ ਹਨ। ਤੇ ਹਰ ਜੱਗ ਅਗਲਿਆਂ ਦੀ ਸ਼ਾਇਰੀ ਨੂੰ ਅਪਣਿਆਂ ਸੱਚਿਆਂ ਰਾਹੀਂ ਸਿਆਣਦਾ ਤੇ ਅਪਣਾਵੰਦਾ ਏ। ਪਰਖਕਾਰਾਂ ਦਾ ਕੰਮ ਇਹ ਹੁੰਦਾ ਏ ਪਈ ਉਹ ਅਗਲਿਆਂ ਦੀ ਕਿਰਤ ਨੂੰ ਨਵਿਆਂ ਸੱਚਿਆਂ ਦੇ ਸਾਹਵੇਂ ਕਰਕੇ ਪੜ੍ਹਨ ਸੁਣਨ ਵਾਲਿਆਂ ਨੂੰ ਧਿਆਨ ਕਰਾਂਵਦੇ ਰਹਿਣ। ਡਾਕਟਰ ਲਾਜਵੰਤੀ ਹੋਰਾਂ ਤੇ ਨਵਿਆਂ ਸੱਚਿਆਂ ਨੂੰ ਮੂੰਹ ਈ ਨਾ ਧਰਿਆ। ਸ਼ਰੀਫ ਕੁੰਜਾਹੀ ਹੋਰਾਂ ਦਾ ਲੇਖ (ਸੂਫ਼ੀਆਂ ਦੀ ਸ਼ਾਇਰੀ-"ਝਾਤੀਆਂ") ਢੇਰ ਧਿਆਨ ਜੋਗਾਂ ਏ ਕਿਉਂ ਜੇ ਇਹਦੇ ਵਿਚ ਸੂਫ਼ੀ ਸ਼ਾਇਰੀ ਬਾਰੇ ਜਿਹੜੇ ਵਿਚਾਰ ਦੱਸੇ ਗਏ ਹਨ ਉਹ ਕਲਾ ਪਰਖ ਦੇ ਇਕ ਪੂਰੇ ਪੱਕੇ ਅਜੋਕੇ ਪੰਧ ਵਿਚੋਂ ਉਸਰੇ ਹਨ। ਲਿਖਿਆ ਏ :

"ਅਪਣੇ ਤੌਰ ਤਰੀਕਿਆਂ ਵਿਚ ਵੱਖ ਵੱਖ ਹੁੰਦਿਆਂ ਵੀ ਸੂਫ਼ੀਆਂ ਦੇ ਸਾਰੇ ਟੋਲੇ ਇਕ ਗੱਲ ਵਿਚ ਸਾਂਝੇ ਦਿਸਦੇ ਨੇ ਤੇ ਉਹ ਉਹਨਾਂ ਦਾ ਦੁਨੀਆਂ ਦੇ ਜੰਜਾਲਾਂ ਤੋਂ ਪਰਾਂਹ ਰਹਿਣਾ ਏ। ਜਦ ਤਕ ਇਨਸਾਨੀ ਇਲਮ ਇਆਣਾ ਸੀ ਲੋਕ ਇਹਨਾਂ ਗੱਲਾਂ ਨੂੰ ਸੁਣ ਕੇ ਸਿਰ ਮੱਥੇ ਰੱਖਦੇ ਰਹੇ ਜੇ। ਦੁਨੀਆਂ ਦੇ ਜੰਜਾਲਾਂ ਤੋਂ ਦੂਰ ਦੂਰ ਨੱਸਣ ਵਾਲੇ ਏਸ ਗੱਲੇ ਨਸਦੇ ਨੇ ਜੇ ਇਹਨਾਂ ਫਾਹੀਆਂ ਵਿਚ ਪੈ ਕੇ ਰੱਬ ਦਾ ਧਿਆਨ ਨਹੀਂ ਰਹਿੰਦਾ......ਪਰ ਅੱਜ ਕਿਸੇ ਨੂੰ ਇਹ ਗੱਲ ਸਮਝਾਣੀ ਔਖੀ ਨਹੀਂ ਜੇ ਕਿਸੇ ਹੁਜਰੇ ਦੇ ਅੰਦਰ ਰੱਬ ਰੱਬ ਕਰਨ ਵਾਲਾ ਵੀ ਢਿੱਡ ਭਰਨ ਲਈ ਦੋ ਵੇਲੇ ਨਾ ਸਹੀ ਇਕ ਵੇਲੇ ਇਕ ਗੁੱਲੀ ਜੇ ਖਾਂਦਾ ਏ ਤਾਂ ਵੀ ਉਸ ਦਿਨ ਗੁੱਲੀ ਲਈ ਕਿਸੇ ਹੋਰੀ ਨੂੰ ਜ਼ਰੂਰ ਵਧ ਕੰਮ ਕਰਨ ਤੇ ਮਜ਼ਬੂਰ ਕਰ ਰਹਿਆ ਏ।"

ਏਸ ਗੱਲ ਤੇ ਆਵਣ ਤੋਂ ਪਹਿਲਾਂ ਸ਼ਰੀਫ ਕੁੰਜਾਹੀ ਹੋਰਾਂ ਉਹਨਾਂ ਢੇਰ ਸਾਰਿਆਂ ਵਿਚਾਰਾਂ ਨੂੰ ਥੋੜਾ ਥੋੜਾ ਪੜਚੋਲਿਆ ਏ ਜਿਹੜੇ ਸੂਫ਼ੀ ਪੰਥ ਦੇ ਨਾਂ ਹੇਠ ਨਸ਼ਰ ਹੋਏ। ਤੇ ਦਸਿਆ ਇਹ ਪਈ ਸੂਫ਼ੀਆਂ ਦੀ ਸੋਚ ਵਸੇਬੇ ਤੇ ਵੇਲੇ ਦੀਆਂ ਔਕੜਾਂ ਨਜਿੱਠਣ ਦਾ ਯਾ ਇਹਨਾਂ ਔਕੜਾਂ ਕੋਲੋਂ ਖਹਿੜਾ ਛੁਡਾਵਣ ਦਾ ਇਕ ਢੰਗ ਸੀ। ਤੇ ਅੱਜ ਬੰਦਾ ਇਹਨਾਂ ਔਕੜਾਂ ਨੂੰ ਮੁਢੋਂ ਮੁਕਾਵਣ ਦਾ ਯਤਨ ਪਿਆ ਕਰਦਾ ਏ। ਏਸ ਪਾਸੋਂ ਸੂਫ਼ੀ ਸੋਚ ਦਾ ਅੱਗੇ ਵਾਲਾ ਦਰਜਾ ਨਹੀਂ ਕੀਤਾ ਜਾ ਸਕਦਾ। ਸ਼ਰੀਫ ਕੁੰਜਾਹੀ ਹੋਰਾਂ ਇਹ ਲੇਖ ਦੂਜੀ ਜਗਤ ਲਾਮ ਦੇ ਕੁਝ ਚਿਰ ਮਗਰੋਂ ਲਿਖਿਆ ਸੀ। ਬੰਦੇ ਦੇ ਯਤਨ ਤੇ ਇਲਮ ਦਿਆਂ ਸਾਰਿਆਂ ਪੱਖਾਂ ਬਾਰੇ ਅੱਜ ਵੀ ਉੱਨੇ ਯਕੀਨ ਨਾਲ ਗੱਲ ਕੀਤੀ ਜਾ ਸਕਦੀ ਏ ਕਿ ਨਹੀਂ—ਇਹ ਝੇੜਾ ਏਥੇ ਨਹੀਂ ਛੋਂਹਦਾ। ਪਰ ਏਨਾ ਮੰਨਣਾ ਪੈਂਦਾ ਏ ਪਈ ਸ਼ਰੀਫ ਕੁੰਜਾਹੀ ਹੁਰਾਂ ਦੀ ਗੱਲ ਵਿਚ ਆਪਣੇ ਸੁਭਾ ਦੀ ਇਕ ਵੱਡੀ ਸਚਾਈ ਏ ਜੀਹਦੇ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਵੇਖਣ ਵਾਲੀ ਗੱਲ ਏਨੀ ਏ ਪਈ ਏਸ ਸਚਾਈ ਦਾ ਵੱਡੀ 'ਸੂਫ਼ੀ' ਸ਼ਾਇਰੀ ਨਾਲ ਕਿੰਨਾ ਕੁ ਸੰਬੰਧ ਬਣਦਾ ਏ। ਤੇ ਸ਼ੇਖ ਫਰੀਦ ਤੋਂ ਸਚਲ ਤੇ ਗੁਲਾਮ ਫਰੀਦ ਤਾਈਂ ਵਡੇਰਿਆਂ ਪੰਜਾਬੀ ਸੂਫ਼ੀ ਸ਼ਾਇਰਾਂ ਦੀ ਸ਼ਾਇਰੀ ਕਿੰਨੀ ਕੁ "ਹੁਜਰੇ ਅੰਦਰ ਰੱਬ ਰੱਬ ਕਰਨ" ਦੀ ਸ਼ਾਇਰੀ ਏ ? ਏਸ ਗੱਲ ਦਾ ਜਵਾਬ ਏਸ ਵੇਰਵੇ ਵਿਚ ਜੇ ਪਈ ਜੀਵਨ ਦੇ ਸਾਰੇ ਪਸਾਰ ਦਾ ਗਿਆਨ ਕਰਨ ਦੀ ਕੀ ਲੋੜ ਏ ਤੇ ਇਹ ਗਿਆਨ ਹੁਜਰੇ ਵਿਚ ਬਹਿ ਕੇ ਰੱਬ ਰੱਬ ਕਰਨ ਤੋਂ ਕਿੰਨਾ ਕੁ ਦੁਰਾਡਾ ਏ।

ਫਰੀਦ ਦਾ ਦੋਹੜਾ ਏ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।
ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ।

ਏਥੇ ਬਿਰਹਾ ਓਸ ਮੁਢਲੀ ਲਗਨ ਦਾ ਨਾਂ ਏ ਜਿਹੜੀ ਬੰਦੇ ਨੂੰ ਅੱਖ ਉਘਾੜਦਿਆਂ ਈ ਆਪਣੇ ਆਪ ਤੇ ਆਪਣੇ ਦੁਆਲੇ ਨੂੰ ਤੇ ਦੋਨਾਂ ਦੇ ਸੰਬੰਧ ਨੂੰ ਸਮਝਣ ਲਈ ਖਿੰਡਣ ਲੱਗ ਪੈਂਦੀ ਏ ਤੇ ਅੱਖਾਂ ਮੇਟਣ ਤਾਈਂ ਨਹੀਂ ਛੱਡਦੀ। ਕਿਸੇ ਦਾ ਕਿਸੇ ਸੋਚ ਤੇ ਰੂਹ ਆਂਵਦਾ ਏ ਕਿਸੇ ਦਾ ਕਿਸੇ ਤੇ। ਇਹ ਲਗਨ ਬੰਦੇ ਦੇ ਸਾਰੇ ਇਲਮ ਤੇ ਲਗਨ ਦੀ ਨੀਂਹ ਏ। ਏਸ ਲਗਨ ਨੂੰ ਫਰੀਦ "ਸੁਲਤਾਨ" ਦੇ ਦਰਜੇ ਕੀਤਾ ਏ ਜੀਹਦਾ ਜੀਵਨ ਦੀ ਪੂਰੀ ਕਹਾਣੀ ਵਿਚ ਹੁਕਮ ਚਲਦਾ ਏ ਤੇ ਜਿਹੜੀ "ਰੱਬ ਦਾ ਪਰਛਾਵਾਂ" ਵੀ ਏ। ਏਸ ਲਗਨ ਤੋਂ ਵਾਂਝੇ ਵਜੂਦ ਨੂੰ ਫਰੀਦ ਮਸਾਣ ਆਖਿਆ ਏ। ਸੁਲਤਾਨ ਤੇ ਮਸਾਣ ਦਿਆਂ ਲਫਜ਼ਾਂ ਵਿਚ ਤੁਕ ਦੀ ਸਾਂਝ ਤਾਂ ਹੈ ਪਰ ਜਿੰਨੀ ਸੁਲਤਾਨ ਦੇ ਲਫਜ਼ ਅੰਦਰ ਜਜ਼ਬੇ ਦੀ ਚੜ੍ਹਤਲ ਏ ਉੱਨਾ ਹੀ ਮਸਾਣ ਦੇ ਲਫਜ਼ ਤੇ ਰੂਹ ਕਿਰਦਾ ਏ ਤੇ ਆਵਾਜ਼ ਸੁੰਝੀ ਹੋ ਜਾਂਦੀ ਏ। ਲਗਨ ਲਹਿਰ ਦਾ ਹੋਵਣ ਜੀਵਨ ਏ ਤੇ ਨਾ ਹੋਵਣ ਮੌਤ। ਇਹ ਮੁਢਲੀ ਰਮਜ਼ ਏ ਜਿਹਨੂੰ ਹੋਰਨਾਂ ਸੂਫ਼ੀ ਰਮਜ਼ਾਂ ਵਾਂਗ ਸਿੱਧੀ ਪੱਧਰੀ ਗੱਲ ਸਮਝਣ ਨਾਲ ਇਹ ਭੁਲੇਖਾ ਪੈਂਦਾ ਏ ਪਈ ਸੂਫ਼ੀ ਸੋਚ ਹਰ ਵੇਲੇ ਮੌਤ ਵਿਚ ਅੜੀ ਰਹਿੰਦੀ ਸੀ। ਫਰੀਦ ਦੀ ਕਿਰਤ ਵਿਚ ਜਿਥੇ ਮੌਤ, ਹਯਾਤੀ ਰਮਜ਼ਾਂ ਬਣੀਆਂ ਉਥੇ ਬੰਦੇ ਦਾ ਸਰੀਰ ਏਸ ਸਾਰੀ ਰਮਜ਼ ਰੱਤੀ ਖੇਡ ਦਾ ਅਖਾੜਾ ਬਣ ਗਿਆ।

Digitized by Panjab Digital Library | www.panjabdigilib.org

ਕੂੜ ਤੇ ਸੱਚ, ਜ਼ਾਹਰ ਤੇ ਬਾਤਨ, ਦੁਵੱਲ ਤੇ ਇਕੱਲ ਹਰ ਗੱਲ ਦਾ ਨਿਤਾਰਾ ਸਰੀਰ ਵਾਲੀ ਰਮਜ਼ ਰਾਹੀਂ ਹੋਂਦਾ ਏ। ਦੋਹੜਾ ਵੇਖੋ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ।
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ।

ਥੋੜਾ ਜਿਹਾ ਗਹੁ ਕਰੀਏ ਤੇ ਸਹੀ ਹੋ ਜਾਂਦਾ ਏ ਪਈ ਏਥੇ ਫਰੀਦਾ ਮੌਤ ਨੂੰ ਮੂੰਹ ਧਰ ਕੇ ਗੱਲ ਜੀਵਨ ਦੀ ਕੀਤੀ ਏ। ਨ੍ਹਾਤੀ ਧੋਤੀ ਸੋਧੀ ਸੰਵਾਰੀ ਲੋਥ ਵੇਖੀਏ ਤਾਂ ਨਚਿੰਤ ਨੀਂਦਰ ਮਾਣਦੀ ਜਾਪਦੀ ਏ। ਏਸ ਜ਼ਾਹਰ ਹੇਠ ਅਸਲ ਗੱਲ ਉਹ ਹੋਂਦੀ ਏ ਜਿਹੜੀ ਦੂਜੀ ਪੱਟੀ ਵਿਚ ਆਈ ਏ। ਜਿਹੜਾ ਬੁੱਤ ਜ਼ਾਹਰ ਹਾਲ ਜਿਉਂਦਾ ਤੇ ਸਾਂਭਿਆ ਸੋਧਿਆ ਦਿਸਦਾ ਏ ਅੰਦਰੂਨ ਉਹ ਦਿਉਂ ਵੀ ਜਿੰਦ ਦੀ ਅਸਲ ਸੁਗੰਧ ਉਡ ਗਈ ਹੋਵੇ। ਏਥੇ ਜਿੰਦ ਨੂੰ ਸੁਗੰਧ ਆਖਿਆ ਏ ਤੇ ਪਹਿਲੀ ਪੱਟੀ ਵਾਲੀ ਉਸ ਬਾਹਰਲੀ ਸੁਗੰਧ ਨਾਲ ਟਕਰਾਇਆ ਏ ਜਿਹੜੀ ਲੋਥ ਨੂੰ ਕਫਨੇਰ ਕੇ ਲਾਂਵਦੇ ਹਨ। ਇਹ ਵੀ ਵੇਖੋ ਪਈ "ਰਹੀ ਸੁ ਬੇੜੀ ਹਿੰਙੁ ਦੀ" ਵਾਲਾ ਟੋਟਾ "ਗਈ ਕਥੂਰੀ ਗੰਧੁ" ਵਾਲੇ ਟੋਟੇ ਅੱਗੇ ਕੇਡਾ ਹੌਲਾ ਤੇ ਖੋਖਲਾ ਲਗਦਾ ਏ। ਹਿੰਗ ਤੇ ਸੁਗੰਧ ਦੋਵੇਂ ਬੰਦੇ ਦੇ ਸਰੀਰ ਅੰਦਰ ਹੋਂਦੇ ਹਨ। ਇਕ ਹੋਰ ਦੋਹੜਾ ਇੰਝ ਟੁਰਦਾ ਏ :

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆਂ ਮਿਲੈ ਨਾ ਭਾਉ।
ਜਿੰਨ੍ਹਾਂ ਨੈਣ ਨੀਦ੍ਰਾਵਲੇ ਤਿਨ੍ਹਾਂ ਮਿਲਣੁ ਕੁਆਉ।

ਉਤਲੇ ਦੋਹੜੇ ਦੀ ਕਥੂਰੀ ਗੰਧ ਵਾਲੀ ਰਮਜ਼ ਏਥੇ ਮੁੜ ਲਿਆਂਦੀ ਏ ਤੇ ਸੌਣ ਵਾਲੀ ਵੀ। ਏਥੇ ਕਸਤੂਰੀ ਉਹ ਸ਼ੈ ਏ ਜਿਹੜੀ ਬੰਦੇ ਦੇ ਜੁੱਸੇ ਵਿਚ ਜਿੰਦ ਏ, ਜਿਹੜੀ ਹਯਾਤੀ ਦਾ ਸਤ ਏ। ਰਾਤ ਉਹ ਹਨੇਰਾ ਏ ਜੀਹਦੇ ਇਕ ਰੂਪ ਵਿਚ ਜ਼ਾਹਰ ਦੇ ਸਾਰੇ ਨਿਖੜਵੇਂ ਮੁਹਾਂਦਰੇ ਗਵਾਚ ਜਾਂਦੇ ਹਨ। ਜੀਹਦੀ ਕਾਲੀ ਕੁੱਖ ਵਿਚੋਂ ਹਯਾਤੀ ਦੀ ਸੁਗੰਧ ਪੁੰਗਰਦੀ ਏ, ਜਿਹੜਾ ਡਿੱਠੀ ਦਾ ਮੂੰਹ ਕੱਜ ਕੇ ਅਣਡਿਠੀ ਦੀ ਤਾਂਘ ਬੰਦੇ ਦੇ ਵਜੂਦ ਵਿਚ ਖਿੜਾਉਂਦਾ ਏ। ਪਰ ਰਾਤ ਦੀ ਸੁਗੰਧ ਉਹਨਾਂ ਦੇ ਵੰਡੇ ਈ ਆਉਂਦੀ ਏ ਜਿਹੜੇ ਜਗਰਾਤੇ ਜਾਲਦੇ ਹਨ। ਕਸਤੂਰੀ ਵਾਲੀ ਗੰਧ ਢੇਰ ਜਚਾਵੀਂ ਏ। ਇਹਦੇ ਕਾਲੇ ਰੰਗ ਨੂੰ ਰਾਤੀਂ ਵੇਖਿਆ ਨਹੀਂ ਜਾ ਸਕਦਾ। ਬੱਸ ਇਹਦੀ ਲਹਿਰ ਹਨੇਰੇ ਵਿਚੋਂ ਉਘੜ ਕੇ ਜਾਗਦੀਆਂ ਰੂਹਾਂ ਅੰਦਰ ਅਣਬੁਝੀ ਜਾ ਵੜਦੀ ਏ।

"ਸ਼ਲੋਕ ਫਰੀਦ" ਦਿਆਂ ਬਹੁਤਿਆਂ ਦੋਹੜਿਆਂ ਵਿਚ ਜਿਹੜਾ ਬੰਦੇ ਦੇ ਸਰੀਰ ਦੀ ਰਮਜ਼ ਨੂੰ ਕਿਸੇ ਨਾ ਕਿਸੇ ਰੰਗ ਵਿਚ ਵਰਤਿਆ ਗਿਆ ਏ ਉਸ ਤੋਂ ਇਹ ਵੀ ਸਹੀ ਹੋਂਦਾ ਏ ਪਈ ਫਰੀਦ ਦੀਆਂ ਗੱਲਾਂ ਵਿਚ ਹੱਡ-ਵਰਤੀ ਦਾ ਰਸ ਢੇਰ ਸੰਘਣਾ ਏ ਤੇ ਉਹਦੀ ਹੱਡ-ਵਰਤੀ ਅਸਲ ਤਨ ਝਾਗੀ ਏ। ਜਿਹੜੀਆਂ ਰਾਤਾਂ ਸੁਗੰਧੋਂ ਸੱਖਣੀਆਂ ਹਨ ਉਹਨਾਂ ਵਿਚ ਤਨ ਯਾਰਾਂ ਦਾ ਰੂਪ ਵੇਖੋ :

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸਿ।
ਧਿਗੁ ਤਿਨ੍ਹਾਂ ਦਾ ਜੀਵਿਆ ਜਿਨਾ ਵਿਡਾਣੀ ਆਸ।

ਯਾ ਇਹ ਦੋਹੜਾ ਵੀ :

ਅਜੁ ਨਾ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਏ।

ਏਥੇ ਰਾਤ ਨਾਲ ਸਰੀਰ ਦੇ ਟਾਕਰੇ ਦਾ ਹੋਰ ਰੂਪ ਵਿਖਾਇਆ ਏ। ਏਥੇ ਪਿੰਡਾ ਸੁਗੰਧ ਦੀ ਸਿਕ ਦੇ ਸੇਕ ਵਿਚ ਧੁਖਦਾ ਤੇ ਮੜਕਦਾ ਏ ਜਿਵੇਂ ਕੰਤ ਮਿਲਾਵੇ ਬਾਝੋਂ ਨਾਰ ਦੇ ਅੰਗ। ਦੋਨਾਂ ਦੋਹੜਿਆਂ ਵਿਚ ਪਹਿਲੀ ਪੱਟੀ ਵਿਛੋੜੇ ਦੇ ਦੁੱਖ ਦੀ ਇਕ ਸ਼ਕਲ ਵਿਖਾਉਂਦੀ ਏ ਤੇ ਦੂਜੀ ਪੱਟੀ ਏਸੇ ਦੁੱਖ ਦੀ ਹਾਥ ਲੈ ਕੇ ਇਹਦੇ ਬੇਅੰਤ ਡੂੰਘ ਵਲ ਸੈਨਤ ਮਾਰਦੀ ਏ। ਸਰੀਰ ਨੂੰ ਇਕ ਹੋਰ ਰਮਜ਼ ਦੇ ਰੂਪ ਅੰਦਰ ਵੇਖੋਂ :

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ।
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਏ।

ਏਥੇ ਸਰੀਰ ਨੂੰ ਘੜਿਆਲ ਆਖਿਆ ਏ। ਸਮੇਂ ਦਾ ਵਿਹਾਗ ਘੜਿਆਲ ਉਤੇ ਸੱਟਾਂ ਬਣ ਕੇ ਵਰ੍ਹਦਾ ਏ ਇੰਜ ਹੀ ਹਰ ਜਿਉਂਦਾ ਸਰੀਰ ਅਪਣੇ ਆਪ ਉਤੇ ਸਮੇਂ ਨੂੰ ਸਹਾਰਦਾ ਤੇ ਮਿਣਦਾ ਏ। ਸੁੰਞੀ ਰਾਤ ਅੰਦਰ ਘੜਿਆਲ ਦੀਆਂ ਕੂਕਾਂ ਬੰਦੇ ਦੇ ਆਪਣੇ ਸਰੀਰ ਦੀਆਂ ਕੂਕਾਂ ਹਨ। ਘੜਿਆਲ ਦਾ ਜਗਰਾਤਾ ਸੁਗੰਧ ਦੀ ਉਡੀਕ ਵਾਲੇ ਜਗਰਾਤੇ ਕੋਲੋਂ ਕੁਝ ਹਟਵਾਂ ਜਿਹਾ ਤਾਂ ਹੋ ਜਾਂਦਾ ਏ ਪਰ ਹੈ ਉਸੇ ਦਾ ਈ ਇਕ ਢੇਰ ਗੂੜ੍ਹਾ ਰੂਪ। ਫਰੀਦ ਦੀ ਕਿਰਤ ਵਿਚ ਬੰਦੇ ਦੇ ਵਜੂਦ ਦੀ ਗੁੱਝੀ ਪੀੜ ਦੀ ਕਹਾਣੀ ਦੇ ਇਹ ਦੋ ਸਿਰੇ ਹਨ। ਇਹ ਦੋਵੇ ਸਿਰੇ ਮਿਲ ਵੀ ਜਾਂਦੇ ਹਨ :

ਕੂਕ ਫਰੀਦਾ ਕੂਕ ਤੂੰ ਜਿਵੇਂ ਰਾਖਾ ਜਵਾਰ*।
ਜਬ ਲਗ ਟਾਂਡਾ ਨਾ ਗਿਰੇ ਤਬ ਲਗ ਕੂਕ ਪੁਕਾਰ।

*ਇਹ ਸ਼ਲੋਕ ਗੁਰੂ ਗਰੰਥ ਸਾਹਿਬ ਵਿਚ ਦਰਜ ਨਹੀਂ। (ਸੰਪਾਦਕ)

Digitized by Panjab Digital Library | www.panjabdigilib.org

ਘੜਿਆਲ ਵਾਲੀ ਰਮਜ਼ ਵਿਚ ਜਿਹੜੀ ਗੱਲ ਗੁੱਝੀ ਸੀ ਪਈ ਘੜਿਆਲ ਨਿਰਾ ਸਮੇਂ ਦੇ ਵਿਹਾਗ ਦਾ ਲੇਖਾ ਨਹੀਂ ਕਰਦਾ ਬੰਦੇ ਨੂੰ ਚੌਕੰਨਿਆਂ ਵੀ ਕਰਦਾ ਏ, ਏਥੇ ਉਹ ਗੱਲ ਖੁਲ੍ਹ ਗਈ ਏ। ਏਥੇ ਬੰਦੇ ਨੇ ਆਪਣੀਆਂ ਕੂਕਾਂ ਨੂੰ ਸਮਝਣ ਤੇ ਸਮੇਂ ਨਾਲ ਨਜਿਠਣ ਦਾ ਯਤਨ ਕੀਤਾ ਏ। ਸਾਰੀਆਂ ਔਕੜਾਂ ਉਸ ਇਕ ਘੜੀ ਤੀਕਰ ਹੀ ਹਨ ਜਦੋਂ ਤਕ ਵਜੂਦ ਦਾ ਟਾਂਡਾ ਪੱਕ ਕੇ ਢਹਿ ਨਹੀਂ ਪੈਂਦਾ। ਜੀਵਨ ਦੀ ਖੇਡ ਵਿਚ ਮੌਤ ਤੋਂ ਪਹਿਲਾਂ ਕੋਈ ਵੀ ਪੁੱਗ ਨਹੀਂ ਸਕਦਾ। ਜਦ ਤੋੜੀ ਟਾਂਡਾ ਕੱਚਾ ਰਵ੍ਹੇ ਰਾਖੇ ਦਾ ਤ੍ਰਾਹ ਕੂਕਾਂ ਬਣ ਵੀ ਨਿਕਲਦਾ ਰਹਿੰਦਾ ਏ। ਕੂਕ ਦੇ ਲਫਜ਼ ਵਿਚ ਇਕ ਉਦਮ ਦੀ ਲਹਿਰ ਵੀ ਏ, ਜਿਹੜੀ ਦੱਸਦੀ ਏ ਪਈ ਫਰੀਦ ਸਮੇਂ ਦੇ ਵਿਹਾਗ ਨੂੰ ਸਮਝ ਸਿਆਣ ਕੇ ਕਬੂਲਿਆ ਏ। ਏਥੇ ਇਹ ਗੱਲ ਵੇਖਣ ਵਾਲੀ ਏ ਪਈ ਜਵਾਰ ਵਾਲੀ ਰਮਜ਼ ਵਿਚ ਵੀ ਵਜੂਦ ਦੇ ਹੀ ਦੋ ਰੂਪ ਦੱਸੇ ਗਏ ਹਨ। ਬੰਦਾ ਆਪ ਈ ਬਾਹਰੋਂ ਰਾਖਾ ਤੇ ਅੰਦਰੋਂ ਟਾਡਾ ਏ। ਇੰਝ ਇਹ ਰਮਜ਼ ਅੰਦਰ ਬਾਹਰ ਦੀ ਦੁਵੱਲ ਨੂੰ ਵੀ ਨਿਬੇੜ ਗਈ ਏ।

"ਸ਼ਲੋਕ ਫਰੀਦ" ਬਾਰੇ ਏਸ ਵੇਰਵੇ ਰਾਹੀਂ ਇਹ ਵੇਖਿਆ ਜਾ ਸਕਦਾ ਏ ਪਈ ਫਰੀਦ ਦਾ ਅਪਣਾ ਵੱਖਰਾ ਰੂਪ ਤੇ ਹੈ ਪਰ ਇਹ ਰੂਪ ਪੰਜਾਬੀ ਸ਼ੇਅਰ ਦਿਆਂ ਸਾਦਾ ਸੁਭਾਵਾਂ ਤੋਂ ਨਿਖੇੜਵਾਂ ਨਹੀਂ। ਏਸ ਕਰਕੇ ਫਰੀਦ ਦੀ ਕਿਰਤ ਕਿਸੇ ਵੀ ਸਦੀ ਵਿਚ ਰਚੀ ਗਈ ਹੋਵੇ, ਹੋਰਨਾਂ ਸ਼ਾਇਰਾਂ ਦੀ ਕਿਰਤ ਨਾਲੋਂ ਅਪਣਾ ਜੋੜ ਤੋੜਦੀ ਨਹੀਂ।

Digitized by Panjab Digital Library | www.panjabdigilib.org

ਸੰਤ ਸਿੰਘ ਸੇਖੋਂ

ਸ਼ੇਖ ਫਰੀਦ ਦੀ ਵੇਦਨਾ

ਸ਼ੇਖ਼ ਫ਼ਰੀਦ ਦਾ ਜੀਵਨ ਵ੍ਰਿਤ (੧੧੭੫-੧੨੬੫ ਈ.) ਉਸ ਸਮੇਂ ਵਿਚ ਪੈਂਦਾ ਹੈ ਜਦੋਂ ਇਸਲਾਮੀ ਜਗਤ ਦੀ ਅਗਵਾਈ ਅਰਬਾਂ ਤੋਂ ਖੁਸ ਕੇ ਤੁਰਕਾਂ ਦੇ ਹੱਥ ਚਲੀ ਗਈ ਸੀ। ਸ਼ੇਖ਼ ਫ਼ਰੀਦ ਤੁਰਕਾਂ ਦੀ ਨਿਕਟ ਸੰਬੰਧੀ ਅਫ਼ਗਾਨ ਜਾਤੀ ਵਿਚੋਂ ਸਨ। ਉਨ੍ਹਾਂ ਦਾ ਪਿੱਛਾ ਗਜ਼ਨੀ ਦਾ ਦੱਸਿਆ ਜਾਂਦਾ ਹੈ, ਤੇ ਹੋ ਸਕਦਾ ਹੈ ਉਹ ਤੁਰਕ ਜਾਤੀ ਦੀ ਕਿਸੇ ਸ਼ਾਖ ਵਿਚੋਂ ਹੀ ਹੋਣ। ਤੁਰਕਾਂ ਨੇ ਇਸਲਾਮੀ ਜਗਤ ਦੇ ਸੁਭਾਵ ਵਿਚ ਇਕ ਅਕਹਿ ਪਦਾਰਥ ਪਿਆਰ ਤੇ ਕਠੋਰਤਾ ਲਿਆ ਦਿਤੀ ਸੀ। ਆਪਣੀ ਅਦੁੱਤੀ ਸੈਨਿਕ ਤੇ ਰਾਜਸੀ ਸਫਲਤਾ ਦੇ ਬਾਵਜੂਦ ਅਰਬ ਜਾਤੀ ਦਾ ਇਹ ਸੁਭਾਵ ਨਹੀਂ ਸੀ, ਭਾਵੇਂ ਉਮਈ ਤੇ ਅਬਾਸੀ ਅਰਬ ਖ਼ਿਲਾਫ਼ਤਾਂ ਹਾਲੀ ਤਕ ਬਗਦਾਦ ਤੋਂ ਇਸਲਾਮੀ ਜਗਤ ਦੀ ਅਗਵਾਈ ਕਰਦੀਆਂ ਮੰਨੀਆਂ ਜਾਂਦੀਆਂ ਸਨ, ਵਾਸਤਵ ਵਿਚ ਤੁਰਕ ਲੋਕ ਉਜ਼ਬੇਕਿਸਤਾਨ, ਅਫ਼ਗਾਨਿਸਤਾਨ ਤੇ ਉੱਤਰੀ ਹਿੰਦੁਸਤਾਨ ਵਿਚ ਰਾਜ-ਸੱਤਾ ਪ੍ਰਾਪਤ ਕਰ ਕੇ ਬਗ਼ਦਾਦ ਦੀ ਅਰਬ ਖਿਲਾਫ਼ਤ ਦੀ ਬਹੁਤੀ ਪਰਵਾਹ ਨਹੀਂ ਕਰਦੇ ਸਨ। ਇਸ ਕਾਰਣ ਇਕ ਤੀਬਰ ਚੇਤਨਾ ਵਾਲੇ ਮੁਸਲਮਾਨ ਨੂੰ ਇਸਲਾਮੀ ਜਗਤ ਵਿਚ ਇਕ ਅਕਹਿ ਜਿਹਾ ਅਧਿਆਤਮਿਕ ਖੱਪਾ ਪੈ ਗਿਆ ਪ੍ਰਤੀਤ ਹੁੰਦਾ ਸੀ।

ਮੰਗੋਲਾਂ ਦੇ ਮੱਧ-ਏਸ਼ੀਆ ਵਿਚੋਂ ਧੱਕੇ ਹੋਏ ਤੁਰਕ ਅਰਬ ਅੱਬਾਸੀ ਖਿਲਾਫ਼ਤ ਦੇ ਦੇਸ, ਅਨਾਤੋਲੀਆ, ਵਿਚ ਆ ਵਸੇ ਸਨ ਤੇ ਕੁਝ ਈਰਾਨ ਦੇ ਉੱਤਰ ਵਿਚ, ਜਿਥੋਂ ਉਠ ਕੇ ਇਨ੍ਹਾਂ ਨੇ ਨਾਵੀਂ-ਦਸਵੀਂ ਈਸਵੀ ਸਦੀਆਂ ਵਿਚ ਬਲਖ਼, ਬਖ਼ਾਰਾ, ਕਾਬਲ ਵਿਚੋਂ ਬੁੱਧ ਧਰਮ ਨੂੰ ਖ਼ਤਮ ਕਰ ਕੇ ਇਸਲਾਮ ਮਤ ਸਥਾਪਿਤ ਕਰ ਦਿਤਾ ਸੀ। ਗਿਆਰ੍ਹਵੀਂ ਸਦੀ ਈਸਵੀ ਦੇ ਮੁੱਢ ਵਿਚ ਮਹਿਮੂਦ ਗ਼ਜ਼ਨਵੀ ਦੀ ਅਗਵਾਈ ਵਿਚ ਇਨ੍ਹਾਂ ਨੇ ਸਤਲੁਜ ਨਦੀ ਤੋਂ ਉੱਤਰ ਤੇ ਸਿੰਧ ਦੇ ਪੱਛਮ ਦੇ ਦੇਸ਼ ਉਤੇ ਇਸਲਾਮੀ ਤੁਰਕ ਰਾਜ ਸਥਾਪਿਤ ਕਰ ਦਿਤਾ ਸੀ। ਕੋਈ ਦੋ ਸਦੀਆਂ ਪਿਛੋਂ ਗ਼ੋਰ ਤੇ ਗ਼ਜ਼ਨੀ ਦੇ ਗ਼ੋਰੀ ਤੁਰਕ ਸੁਲਤਾਨ ਮੁਹਮਦ ਦੇ ਗੁਲਾਮ ਜਰਨੈਲ ਕੁਤਬੁਦੀਨ ਨੇ ਸੰਨ ੧੨੦੪ ਵਿਚ ਦਿੱਲੀ ਉਤੇ ਅਧਿਕਾਰ ਪ੍ਰਾਪਤ ਕਰ ਲਿਆ ਸੀ।

ਇਸ ਤਰ੍ਹਾਂ ਸ਼ੇਖ ਫਰੀਦ ਦੇ ਜਵਾਨ ਹੋਣ ਤਕ ਪੰਜਾਬ ਉਤੇ ਕੋਈ ਦੋ ਸੌ ਵਰ੍ਹੇ ਮੁਸਲਮਾਨਾਂ ਦਾ ਰਾਜ ਰਹਿ ਚੁਕਿਆ ਸੀ। ਮੁਲਤਾਨ ਦਾ ਸੂਬਾ ਜਿਹੜਾ ਉਦੋਂ ਸਿੰਧ ਦਾ ਭਾਗ ਸੀ ਨਾਵੀਂ ਸਦੀ ਵਿਚ ਹੀ ਅਰਬ ਜਰਨੈਲ ਕਾਸਿਮ ਨੇ ਜਿਤ ਲਿਆ ਸੀ, ਤੇ ਮਹਮੂਦ ਗ਼ਜ਼ਨਵੀ ਨੇ ਇਸ ਨੂੰ ਇਕ ਵਿਮਤੀ ਮੁਸਲਮਾਨ ਹਾਕਿਮ ਕਬਾਚਾ ਕੋਲੋਂ ਖੋਹਿਆ ਸੀ। ਪੱਛਮੀ ਪੰਜਾਬ ਦੇ ਬਹੁਤੇ ਲੋਕ ਇਸ ਦੋ ਸੌ ਸਾਲ ਦੇ ਸਮੇਂ ਵਿਚ ਮੁਸਲਮਾਨ ਹੋਏ ਹੋਣਗੇ, ਜਾਂ ਫਿਰ ਤੁਰਕਾਂ ਦੀ ਸਲਤਨਤ ਦੇ ਸਮੇਂ। ਮੁਗਲ ਸਮਿਆਂ ਤਕ ਇਸਲਾਮ ਦੀ ਤਬਲੀਗ਼ ਦੀ ਪ੍ਰਕ੍ਰਿਆ ਕੁਝ ਮੱਧਮ ਪੈ ਗਈ ਪ੍ਰਤੀਤ ਹੁੰਦੀ ਹੈ।

ਕਿਸੇ ਦੂਜੇ ਦੇਸ਼ ਨੂੰ ਜਿੱਤ ਕੇ ਆਪਣੇ ਅਧਿਕਾਰ ਹੇਠ ਰਖਣਾ ਕਿਸੇ ਵੀ ਵਿਜਈ ਲਈ ਚੋਖਾ ਔਖਾ ਕੰਮ ਹੁੰਦਾ ਹੈ। ਉਨ੍ਹਾਂ ਸਮਿਆਂ ਵਿਚ ਤਾਂ ਇਹ ਵਿਜੈ ਤੇ ਅਧਿਕਾਰ ਸਥਾਪਤੀ ਦੀ ਪ੍ਰਕ੍ਰਿਆ ਵਿਜਈ ਪਾਸੋਂ ਅੱਤ ਦੀ ਕਠੋਰਤਾ ਦੀ ਮੰਗ ਕਰਦੀ ਸੀ। ਤੇ ਤੁਰਕ ਵਿਜਈ ਮਹਮੂਦ ਤੋਂ ਲੈ ਕੇ ਅੰਤਿਮ ਤੁਗ਼ਲਕ ਸੁਲਤਾਨ ਤਕ ਅੱਤ ਦੇ ਕਠੋਰ ਹਾਕਿਮ ਸਨ। ਪਰ ਉਨ੍ਹਾਂ ਨੂੰ ਇਹ ਅਨੁਭਵ ਜ਼ਰੂਰ ਹੁੰਦਾ ਸੀ, ਕੁਝ ਸਾਧਾਰਣ ਮਾਨਵੀ ਚੇਤਨਾ ਅਧੀਨ ਤੇ ਕੁਝ ਇਸਲਾਮ ਦੇ ਮੂਲ ਆਦਰਸ਼ਾਂ ਅਧੀਨ, ਕਿ ਉਨ੍ਹਾਂ ਨੂੰ ਆਪਣੀ ਮੁਲਕਗੀਰੀ ਵਿਚ ਕਰੜੇ ਗੁਨਾਹ ਕਰਨੇ ਪਏ ਸਨ। ਇਸ ਲਈ ਉਨ੍ਹਾਂ ਦੀ ਚੇਤਨਾ ਵਿਚ ਗੁਨਾਹ ਦਾ ਅਨੁਭਵ ਬਹੁਤ ਤਿਖਾ ਹੁੰਦਾ ਸੀ।

ਪੰਜਾਬ ਤੇ ਉੱਤਰੀ ਹਿੰਦ ਵਿਚ ਸੂਫ਼ੀ ਫ਼ਕੀਰਾਂ ਦਾ ਉਦਗਮ ਇਸ ਗੁਨਾਹ ਦੇ ਅਨੁਭਵ ਦਾ ਹੀ ਇਕ ਪਰਿਣਾਮ ਸੀ। ਜਾਣੋ ਇਹ ਫ਼ਕੀਰ ਆਪਣੇ ਮਤ ਦੇ ਹਾਕਿਮਾਂ ਦੇ ਗੁਨਾਹਾਂ ਦਾ ਕਫ਼ਾਰਾ ਕਰਨ ਲਈ ਜਨਮਦੇ ਤੇ ਜੀਉਂਦੇ ਸਨ। ਉਨ੍ਹਾਂ ਦੇ ਮਤ ਦੇ ਸੁਲਤਾਨ ਤੇ ਹਾਕਿਮ ਉਨ੍ਹਾਂ ਦਾ ਆਦਰ ਮਾਨ ਕਰਦੇ ਸਨ ਤੇ ਉਨ੍ਹਾਂ ਦੀ ਬਜ਼ੁਰਗੀ ਅੱਗੇ ਸਿਰ ਨਿਵਾਂਦੇ ਸਨ, ਤੇ ਇਸ ਤਰ੍ਹਾਂ ਆਪਣੇ ਗੁਨਾਹਗਾਰ ਮਨ ਨੂੰ ਢਾਰਸ ਬਨ੍ਹਵਾਂਦੇ ਸਨ। ਪਰ ਇਸ ਤੋਂ ਵੀ ਵਧ ਸਾਧਾਰਣ ਦੁਖੀ ਜਨਤਾ ਨੂੰ ਅੱਤ ਭੀੜ ਸਮੇਂ ਇਨ੍ਹਾਂ ਫ਼ਕੀਰਾਂ ਪਾਸੋਂ ਹੀ ਮਨ ਦੀ ਸ਼ਾਂਤੀ ਮਿਲਦੀ ਸੀ। ਅਮੀਰ ਦਾ ਦੁਖਾਇਆ ਜਨ-ਸਾਧਾਰਣ ਪੀਰ ਪਾਸ ਆਪਣੀ ਪੀੜ ਨੂੰ ਮੱਠੀ ਕਰਵਾਣ ਜਾਂਦਾ ਸੀ। ਤੇ ਪੀਰ ਨੂੰ ਆਪਣੇ ਮੁਰੀਦ ਹਾਕਿਮ ਦੇ ਗੁਨਾਹ ਦੇ ਨਾਲ ਇਸ ਜਨ-ਸਾਧਾਰਣ ਦੀ ਪੀੜ ਨੂੰ ਵੀ ਆਪਣੇ ਉਤੇ ਲੈਣਾ ਪੈਂਦਾ ਸੀ। ਸ਼ੇਖ਼ ਫ਼ਰੀਦ ਦੀ ਵੇਦਨਾ ਇਨ੍ਹਾਂ ਸੰਸਕਾਰਾਂ ਤੋਂ ਹੀ ਉਤਪੰਨ ਹੋਈ ਦੇਖੀ ਜਾ ਸਕਦੀ ਹੈ।

Digitized by Panjab Digital Library | www.panjabdigilib.org

ਇਹ ਵੇਦਨਾ ਇਸ ਪ੍ਰਕਾਰ ਪਹਿਲਾਂ ਸ਼ੇਖ਼ ਫ਼ਰੀਦ ਦੇ ਗੁਨਾਹ ਦੀ ਪ੍ਰਤੀਤੀ ਦੀ ਅਭਿਵਿਅਕਤੀ ਬਣਦੀ ਹੈ, ਜਿਵੇਂ :

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸ ॥
ਗੁਨਹੀ ਭਰਿਆ ਮੈ ਫਿਰਾ ਲੋਕ ਕਹੈ ਦਰਵੇਸ ॥ ਸਲੋਕ ੬੧ ॥

ਫਰੀਦ ਆਪਣੇ ਆਪ ਨੂੰ ਦਰਵੇਸ਼ੀ ਦਾ ਹਾਣੀ ਨਹੀਂ ਪ੍ਰਤੀਤ ਕਰਦਾ ਤੇ ਆਖਦਾ ਹੈ :

ਫਰੀਦਾ ਦਰ ਦਰਵੇਸੀ ਗਾਖੜੀ ਚਲਾ ਦੁਨੀਆ ਭਤਿ ॥
ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥

ਜਦੋਂ ਕਿ ਸੱਚੀ ਦਰਵੇਸ਼ੀ ਵਿਚ ਮਨੁਖ ਦੀ ਅਵਸਥਾ ਇਹ ਹੋਣੀ ਚਾਹੀਦੀ ਹੈ :

ਫਰੀਦਾ ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥

ਝੂਠੇ ਫਕੀਰੀ ਪਾਜ ਬਾਰੇ ਫਰੀਦ ਦਾ ਕਥਨ ਹੈ :

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥

ਇਸ ਗੁਨਾਹਗਾਰੀ ਦਾ ਭਾਰ ਲਾਹੁਣ ਲਈ ਫ਼ਰੀਦ ਦੇ ਮਜ਼ਹਬ ਅਨੁਸਾਰ ਨਮਾਜ਼ ਪੜ੍ਹਨੀ ਬਹੁਤ ਜ਼ਰੂਰੀ ਹੈ । ਫ਼ਰੀਦ ਇਸ ਫ਼ਰਜ਼ ਵਿਚ ਕੋਤਾਹੀ ਲਈ ਮਨੁਖ ਨੂੰ ਤੇ ਆਪਣੇ ਆਪ ਨੂੰ ਬਹੁਤ ਧਿਰਕਾਰਦਾ ਹੈ :

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

ਇਸੇ ਲਈ ਉਹ ਆਪਣੇ ਆਪ ਨੂੰ ਚੇਤਾਵਨੀ ਵੀ ਕਰਦਾ ਹੈ :

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜਿ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੈ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

ਆਪਣੇ ਗੁਨਾਹਾਂ ਦੀ ਸਜ਼ਾ ਦਾ ਉਸ ਨੂੰ ਬੜਾ ਡਰ ਹੈ :

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਇਹ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲ ॥੩੯॥

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹਿ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥

ਇਸ ਗੁਨਾਹ ਦੀ ਪ੍ਰਤੀਤੀ ਫਰੀਦ ਤੋਂ ਘੋਰ ਨਿਰਾਸ਼ਾ ਵਿਚ ਇਥੋਂ ਤਕ ਅਖਵਾ ਦੇਂਦੀ ਹੈ :

ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥੭੬॥

ਸ਼ੇਖ਼ ਫ਼ਰੀਦ ਨੂੰ ਗੁਨਾਹਗਾਰੀ ਦੀ ਪ੍ਰਤੀਤੀ ਹੋਣ ਦਾ ਭਾਵ ਇਹ ਨਹੀਂ ਕਿ ਉਹ ਆਪ ਗੁਨਾਹਗਾਰ ਸੀ । ਇਸਦਾ ਭਾਵ ਤਾਂ ਇਹ ਹੈ ਕਿ ਉਸ ਨੂੰ ਆਪਣੀ ਸਹਧਰਮੀ ਸ਼ਾਸ਼ਕ ਤੇ ਸ਼ੋਸ਼ਕ ਸ਼੍ਰੇਣੀ ਦੇ ਗੁਨਾਹ ਆਪਣੇ ਗੁਨਾਹ ਪ੍ਰਤੀਤ ਹੁੰਦੇ ਸਨ, ਕਿਉਂਕਿ ਉਨ੍ਹਾਂ ਨੂੰ ਹਜ਼ਾਰ ਔਗੁਣਾਂ ਦੇ ਬਾਵਜੂਦ ਉਹ ਦੀਨ ਦਾ ਪ੍ਰਸਾਰ ਕਰਨ ਵਾਲੇ ਸਮਝਦੇ ਸਨ । ਇਨ੍ਹਾਂ ਫ਼ਕੀਰਾਂ ਨੇ ਆਪਣੇ ਸਹਧਰਮੀ ਅਮੀਰਾਂ ਦੇ ਗੁਨਾਹ ਜਾਣੋ ਆਪਣੇ ਉਤੇ ਲਏ ਹੋਏ ਸਨ ।

ਇਸ ਦਾ ਭਾਵ ਇਹ ਵੀ ਨਹੀਂ ਕਿ ਜਨ-ਸਾਧਾਰਣ ਵਿਚ ਗੁਨਾਹਗਾਰ ਕੋਈ ਨਹੀਂ ਸਨ । ਪਰ ਜਨ-ਸਾਧਾਰਣ ਦੀ ਗੁਨਾਹ ਕਰਨ ਦੀ ਸਮਰਥਾ ਇਤਨੀ ਵਧ ਨਹੀਂ ਸੀ ਹੋ ਸਕਦੀ ਕਿ ਪੀਰਾਂ ਫ਼ਕੀਰਾਂ ਨੂੰ ਉਨ੍ਹਾਂ ਬਾਰੇ ਬਹੁਤੇ ਫ਼ਿਕਰਮੰਦ ਹੋਣਾ ਪਵੇ ।

ਆਪਣੇ ਉਤੇ ਆਪਣੇ ਸਹਧਰਮੀ ਸ਼ਾਸ਼ਕਾਂ ਦੇ ਗੁਨਾਹਾਂ ਦੇ ਭਾਰ ਕਾਰਣ ਹੀ ਇਨ੍ਹਾਂ ਫ਼ਕੀਰਾਂ ਨੂੰ ਇਹ ਜੀਵਨ ਬਹੁਤ ਔਖਾ ਪ੍ਰਤੀਤ ਹੁੰਦਾ ਸੀ ।

Digitized by Panjab Digital Library | www.panjabdigilib.org

ਉਹ ਆਪਣੇ ਆਪ ਨੂੰ ਆਦਰਸ਼ ਰੂਪ ਨਾਲੋਂ ਟੁਟੇ ਹੋਏ ਅਨੁਭਵ ਕਰਦੇ ਸਨ। ਉਨ੍ਹਾਂ ਦੇ ਜੀਵਨ ਵਿਚ :

ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣਿ ਲੇਫੁ ॥੩੫॥

ਸੀ। ਇਸ ਵਿਚ ਮਨੁੱਖ ਦੀ ਦਸ਼ਾ ਇਹ ਸੀ :

ਫ਼ਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥

ਤੇ ਇਸ ਜੀਵਨ ਵਿਚ ਸ਼ੇਖ ਫ਼ਰੀਦ ਦੇ ਮਨ ਵਿਚ ਪਛਤਾਵਾ ਰਹਿੰਦਾ ਸੀ ਕਿ

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੯॥

ਇਸ ਜੀਵਨ ਦੀ ਤੁਛਤਾ ਦਾ ਅਨੁਭਵ ਤੇ ਇਸ ਦੇ ਆਦਰਸ਼ ਦੀ ਮਹਾਨਤਾ ਵਿਚ ਅੰਤਰ ਫ਼ਰੀਦ ਪਾਸੋਂ ਇਹ ਅਖਵਾਂਦਾ ਹੈ :

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਤਾ ਥੋੜਾ ਮਾਣੁ ਕਰੀ ॥੪॥
ਜੇ ਜਾਣਾ ਲੜੁ ਛਿਜਣਾ ਪੀਡੀ ਪਾਈ ਗੰਢਿ ॥
ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥

ਇਹ ਜੀਵਨ ਸ਼ੇਖ ਫ਼ਰੀਦ ਲਈ ਆਦਰਸ਼ ਨਾਲੋਂ ਵਿਛੜੇ ਹੋਣ ਦੀ ਪੀੜਾ ਹੈ। ਇਸ ਨੂੰ ਸ਼ੇਖ ਫ਼ਰੀਦ ਪਰਾਏ ਬਾਰ ਬੈਠਣ ਦੇ ਤੁਲ ਸਮਝਦਾ ਹੈ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥

ਨਾਲ ਹੀ ਜਿਨ੍ਹਾਂ ਨੂੰ ਰੱਬ ਤੋਂ ਬਿਨਾਂ ਕਿਸੇ ਹੋਰ ਪਾਸੇ ਦੀ ਝਾਕ ਹੁੰਦੀ ਹੈ, ਉਨ੍ਹਾਂ ਬਾਰੇ ਸ਼ੇਖ ਫ਼ਰੀਦ ਦਾ ਕਥਨ ਹੈ :

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸਿ ॥
ਧਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥

ਪਰ ਇਸ ਬਿਰਹੇ ਨੂੰ ਫ਼ਰੀਦ ਇਕ ਦਾਤ ਸਮਝਦਾ ਹੈ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥

ਵਿਛੋੜੇ ਬਿਰਹਾ ਦੇ ਜੀਵਨ ਨੂੰ ਸ਼ੇਖ ਫ਼ਰੀਦ ਦੁਹਾਗਣ ਦੇ ਜੀਵਨ ਨਾਲ ਟਕਰਾ ਕੇ ਇਸ ਤਰ੍ਹਾਂ ਵਰਣਨ ਕਰਦਾ ਹੈ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦॥

ਇਸ ਭਾਵ ਦੀ ਸੰਗਤ ਨਾਲ ਹੀ ਸ਼ੇਖ ਫ਼ਰੀਦ ਸੂਫ਼ੀ ਪਰੰਪਰਾ ਅਨੁਸਾਰ ਆਪਣੇ ਆਪ ਨੂੰ ਰੱਬ ਦੀ ਦੁਲਹਨ ਬਣਾਣ ਦਾ ਅਲੰਕਾਰ ਵਰਤਦਾ ਹੈ, ਤੇ ਰੱਬ ਦੇ ਘਰ ਨੂੰ ਸਾਹੁਰਾ ਘਰ ਤੇ ਇਸ ਦੁਨੀਆ ਨੂੰ ਪੇਕਾ ਘਰ ਆਖਦਾ ਹੈ। ਤੇ ਜਿਹੜਾ ਮਨੁਖ ਰੱਬ ਨਾਲੋਂ ਟੁਟਿਆ ਰਹਿੰਦਾ ਹੈ, ਉਸ ਦੀ ਅਵਸਥਾ ਦਾ ਵਰਣਨ ਇਉਂ ਕੀਤਾ ਹੈ :

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥

ਇਸ ਪਤੀ-ਪਤਨੀ ਦੇ ਅਲੰਕਾਰ ਨੂੰ ਹੋਰ ਵਿਸਤਾਰ ਨਾਲ ਵਰਤਿਆ ਗਿਆ ਹੈ। ਇਸ ਦੁਨੀਆਂ ਦੇ ਸ਼ਊਰ ਸਲੀਕੇ ਨੂੰ, ਰੱਬ ਨਾਲੋਂ ਟੁਟੀ ਹੋਈ ਅਵਸਥਾ ਵਿਚ ਇਸ ਪ੍ਰਕਾਰ ਵਿਅਰਥ ਦੱਸਿਆ ਹੈ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧ ॥੩੩॥

ਰੱਬ ਨਾਲ ਜੁੜੇ ਰਹਿਣ ਦਾ ਵੱਡਾ ਮੁੱਲ ਇਨ੍ਹਾਂ ਸ਼ਬਦਾਂ ਵਿਚ ਪਾਇਆ ਹੈ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥

Digitized by Panjab Digital Library | www.panjabdigilib.org

ਤੇ ਜਿਹੜੇ ਰੱਬ ਨਾਲ ਰੱਤੇ ਹੋਏ ਹਨ, ਉਨ੍ਹਾਂ ਦੀ ਅਵਸਥਾ ਇਸ ਤਰ੍ਹਾਂ ਦੀ ਹੁੰਦੀ ਹੈ ਕਿ :

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥

ਜਿਨ੍ਹਾਂ ਨੇ ਰੱਬ ਦੀ ਭਗਤੀ ਨਹੀਂ ਕੀਤੀ ਉਨ੍ਹਾਂ ਦੀ ਉਮਰ ਵਿਅਰਥ ਵਿਹਾਈ ਇਸ ਪ੍ਰਕਾਰ ਵਰਣਨ ਕੀਤੀ ਹੈ :

ਫਰੀਦਾ ਨੰਢੀ ਕੰਤ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੈ ਤੈ ਸਹ ਨ ਮਿਲੀਆਸੁ ॥੫੪॥

ਇਸ ਪ੍ਰਕਾਰ ਉਮਰ ਦੇ ਵਿਅਰਥ ਵਿਹਾ ਜਾਣ ਬਾਰੇ ਸ਼ੇਖ਼ ਫਰੀਦ ਦੀ ਵੇਦਨਾ ਬਹੁਤ ਦੁਖਮਈ ਹੈ, ਤੇ ਇਸ ਵਲ ਸੰਕੇਤ ਕਈ ਸਲੋਕਾਂ ਵਿਚ ਆਏ ਹਨ, ਜਿਵੇਂ :

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥
ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਦੀ ਵੰਨ ॥੧੧॥

ਪਰ ਸਾਈਂ ਨਾਲ ਪ੍ਰੀਤ ਪਾਣ ਦਾ ਵੇਲਾ ਮਰਦੇ ਦਮ ਤਕ ਨਹੀਂ ਵਿਹਾਂਦਾ :

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥

ਬਾਕੀ ਜੋਬਨ ਦੀ ਗੱਲ ਤਾਂ ਇਤਨੀ ਨਿਗੂਣੀ ਹੈ ਕਿ :

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥

ਤੇ ਇਸ ਤਰ੍ਹਾਂ ਬੁਢੇਪਾ ਆ ਜਾਣਾ ਇਕ ਦੁਖਾਂਤ ਬਣ ਜਾਂਦਾ ਹੈ :

ਬੁਢਾ ਹੋਆ ਸੇਖ ਫਰੀਦ ਕੰਬਣਿ ਲਗੀ ਦੇਹ ॥
ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥

ਇਸ ਕਾਰਣ ਫਰੀਦ ਆਪਣੇ ਆਪ ਨੂੰ ਜਨ-ਸਾਧਾਰਣ ਦੀ ਥਾਉਂ ਰਖ ਕੇ ਮੌਤ ਨੂੰ ਇਕ ਭਿਆਨਕ ਘਟਨਾ ਦਰਸਾਂਦਾ ਹੈ, ਜਿਸ ਤੋਂ ਮਨੁਖ ਨੂੰ ਡਰ ਖਾ ਕੇ ਹੀ ਇਸ ਜੀਵਨ ਵਿਚ ਬਦੀ ਤੋਂ ਬਚਣਾ ਚਾਹੀਦਾ ਹੈ :

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੈ ਭਾਂਡੈ ਰਾਖੀਐ ਕਿਚਰੁ ਤਾਂਈ ਨੀਰੁ ॥੯੯॥
ਫਰੀਦਾ ਮਹਲ ਨਿਖਸਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾਂ ਸੇ ਨਿਮਾਣੀਆਂ ਬਹਿਸਣ ਰੂਹਾਂ ਮਲਿ ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥

ਇਸ ਮੌਤ ਤੋਂ ਪਿਛੋਂ ਰੱਬ ਨਾਲੋਂ ਟੁਟੇ ਮਨੁਖ ਦੇ ਭਾਗ ਵਿਚ ਦੋਜ਼ਖ਼ ਆਉਂਦਾ ਹੈ ਜਿਸ ਨੂੰ ਸ਼ੇਖ਼ ਫਰੀਦ ਨੇ ਅੱਤ ਡਰਾਉਣਾ ਦੱਸਿਆ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ ॥
ਅਮਲਿ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥

Digitized by Panjab Digital Library | www.panjabdigilib.org

ਮਨੁੱਖ ਦੀ ਸਥਿਤੀ ਮੌਤ ਪ੍ਰਤੀ ਇਸ ਭਾਵੁਕ ਅਲੰਕਾਰ ਰਾਹੀਂ ਦਰਸਾਈ ਹੈ :

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇਸਨਿ ਸੋ ਗਾਲੀ ਰਬ ਕੀਆਂ ॥੯੯॥

ਮੌਤ ਦੇ ਸਾਮ੍ਹਣੇ ਮਨੁੱਖ ਦੀ ਸਮਰਥਾ ਕਿਤਨੀ ਨਿਗੂਣੀ ਹੈ, ਇਸ ਦਾ ਵਰਣਨ ਇਕ ਛੇ ਤੁਕਾਂ ਵਿਚ ਲਮਕਾਏ ਸਲੋਕ ਵਿਚ ਅਤਿ ਪ੍ਰਭਾਵਕ ਢੰਗ ਨਾਲ ਕੀਤਾ ਹੈ :

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥

ਮੌਤ ਦੀ ਅਟਲਤਾ ਤੇ ਮਨੁੱਖ ਲਈ ਕਿਸੇ ਹੋਰ ਆਸਰੇ ਦੀ ਅਣਹੋਂਦ ਨੂੰ ਅਤਿਅੰਤ ਸੁੰਦਰ ਸ਼ਬਦਾਂ ਵਿਚ ਇਸ ਪ੍ਰਕਾਰ ਬੰਨ੍ਹਿਆ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂਢੀਆਂ ਰਹਣੁ ਕਿਥਾਊ ਨਾਹਿ ॥੧੦੨॥

ਪਰ ਮੌਤ ਦੇ ਫਰਿਸ਼ਤੇ ਨੂੰ ਰੱਬ ਦੀ ਥਾਉਂ ਰਖ ਕੇ ਇਹ ਹੀ ਵੇਦਨਾ ਸਲੋਕਾਂ ਦੇ ਮੁੱਢ ਵਿਚ ਇਸ ਪ੍ਰਕਾਰ ਵਰਣਨ ਕੀਤੀ ਗਈ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥

ਇਸ ਦੁਨੀਆ ਦੇ ਮਨੁੱਖ ਨਾਲ ਨਾ ਨਿਭਾਣ ਦਾ ਦੁਖਾਂਤ ਹੀ ਮਨੁੱਖ ਦੀ ਵੇਦਨਾ ਹੈ, ਜਿਸ ਨੂੰ ਸ਼ੇਖ ਫ਼ਰੀਦ ਨੇ ਆਪਣੀ ਨਿਜੀ ਵੇਦਨਾ ਬਣਾ ਲਿਆ ਹੈ, ਜਿਵੇਂ :

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥

ਅੰਤ ਵਿਚ ਇਹ ਦੁਹਰਾ ਦੇਣਾ ਉਚਿਤ ਹੋਵੇਗਾ ਕਿ ਜੀਵਨ ਦੇ ਵਿਅਰਥ ਵਿਹਾਣ, ਪਿਆਰੇ ਰੱਬ ਨਾਲੋਂ ਵਿਛੋੜੇ, ਤੇ ਮੌਤ ਤੇ ਦੋਜ਼ਖ਼ ਦੇ ਡਰ ਦੀ ਵੇਦਨਾ ਸ਼ੇਖ ਫ਼ਰੀਦ ਦੀ ਨਿਰੋਲ ਨਿਜੀ ਵੇਦਨਾ ਨਹੀਂ । ਸ਼ੇਖ ਫ਼ਰੀਦ ਨੂੰ ਆਪਣੀ ਦੁਨੀਆ, ਆਪਣੇ ਸਮਾਜ, ਤੇ ਵਿਸ਼ੇਸ਼ ਕਰਕੇ ਇਸ ਸਮਾਜ ਦੀਆਂ ਪ੍ਰਚਾਲਕ ਸ਼ਕਤੀਆਂ ਵਿਚ ਪਾਪ ਤੇ ਗੁਨਾਹ ਦੀ ਹੋਂਦ ਦਾ ਦੁਖਮਈ ਇਹਸਾਸ ਹੈ । ਤੇ ਇਹ ਇਹਸਾਸ ਉਪਚਾਰਕ ਰੂਪ ਵਿਚ ਹੀ ਨਹੀਂ, ਨਿਜੀ ਤੇ ਅੰਤਰੀਵ ਰੂਪ ਵਿਚ ਸ਼ੇਖ ਫ਼ਰੀਦ ਦੀ ਆਤਮਾ ਨੂੰ ਹਰ ਵੇਲੇ ਕੁਹੰਦਾ ਹੈ । ਇਹ ਸ਼ੇਖ ਫ਼ਰੀਦ ਦੀ ਆਪਣੀ ਵੇਦਨਾ ਬਣ ਜਾਂਦਾ ਹੈ, ਤੇ ਸ਼ੇਖ ਫ਼ਰੀਦ ਪਾਸੋਂ ਉਸ ਦੇ ਗਿਰਦ, ਰਾਜ ਸਮਾਜ ਤੋਂ ਦੁਖੇ ਹੋਏ ਲੋਕਾਂ ਦੀ ਭੀੜ ਵਿਚ ਉਨ੍ਹਾਂ ਦੇ ਸਬਦਾਂ ਵਿਚ ਇਹ ਅਤਿ ਪ੍ਰਭਾਵਕ ਤੇ ਮਨ ਵਿੰਨ੍ਹਣ ਵਾਲੇ ਵੈਣ ਪੁਆਂਦਾ ਹੈ, ਜਿਵੇਂ ਕੋਈ ਤੀਬਰ ਚਿਤ ਮਨੁੱਖ ਆਪਣੇ ਗੁਆਂਢ ਵਿਚ ਕਿਸੇ ਤ੍ਰਾਸਦੀਜਨਕ ਮੌਤ ਨੂੰ ਦੇਖ ਕੇ ਬੇਵਸਾ ਹੋ ਕੇ ਆਪ ਵੀ ਉਨ੍ਹਾਂ ਦੇ ਦੁਖ ਤੇ ਰੁਦਨ ਵਿਚ ਭਾਗੀ ਬਣ ਜਾਂਦਾ ਹੈ ।

Digitized by Panjab Digital Library | www.panjabdigilib.org

ਆਤਮਜੀਤ ਸਿੰਘ

ਫਰੀਦ-ਬਾਣੀ ਵਿਚ ਧਰਮ ਸੰਚਾਰ ਜੁਗਤਾਂ : ਰੀਤੀ ਅਤੇ ਪੁਰਾਣ

ਫ਼ਰੀਦ-ਬਾਣੀ ਇਕ ਸੰਪੂਰਣ ਧਰਮ-ਜਗਤ ਨੂੰ ਪੇਸ਼ ਕਰਦੀ ਹੈ ਜੋ ਆਪਣੇ ਸੰਚਾਰ ਲਈ ਅਨੇਕ ਪ੍ਰਕਾਰ ਦੀਆਂ ਵਿਧੀਆਂ ਅਤੇ ਜੁਗਤਾਂ ਦੀ ਵਰਤੋਂ ਕਰਦਾ ਪ੍ਰਤੀਤ ਹੁੰਦਾ ਹੈ। ਸੰਚਾਰ ਕੇਵਲ ਸੂਚਨਾ ਪ੍ਰਸਾਰਨ ਦੀ ਹੀ ਇਕ ਵਿਧੀ ਨਹੀਂ, ਬਲਕਿ ਗਤੀਸ਼ੀਲ ਅਤੇ ਜੀਵੰਤ ਰਿਸ਼ਤਿਆਂ ਵਿਚ ਬੱਝੀ ਇਕ ਨਿਰੰਤਰ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਦਾ ਨਾਂ ਹੈ। ਸੰਚਾਰ ਮਨੁੱਖਤਾ ਦੀਆਂ ਅਤਿਅੰਤ ਅਨਿਵਾਰੀ ਸਰਗਰਮੀਆਂ ਵਿਚੋਂ ਇਕ ਹੈ ਅਤੇ ਮਨੁੱਖ ਆਪਣੀ ਪੂਰੀ ਤਰ੍ਹਾਂ ਵਿਕਸਿਤ ਅਤੇ ਜਟਿਲ ਸੰਚਾਰ-ਪ੍ਰਣਾਲੀ ਦੇ ਰਾਹੀਂ ਹੀ ਦੂਜੇ ਜੀਵਾਂ ਤੋਂ ਆਪਣੀ ਵੱਖਰੀ ਹੋਂਦ ਸਥਾਪਿਤ ਕਰਦਾ ਹੈ। ਮਨੁੱਖ ਧਰਮ-ਜਗਤ ਵਿਚ ਸੰਚਾਰ ਲਈ ਜਿਸ ਭਾਸ਼ਾ ਦੀ ਰਚਨਾ ਕਰਦਾ ਹੈ ਉਸਦੀ ਸੰਰਚਨਾ ਵਿਚ ਬਹੁਤ ਸਾਰੇ ਪਰਸਪਰ ਵਿਰੋਧੀ ਤੱਤ ਮਿਲੇ ਹੁੰਦੇ ਹਨ ਅਤੇ ਇਹ ਅਨੇਕ ਤਣਾਉਸ਼ੀਲ ਰਿਸ਼ਤਿਆਂ ਵਿਚ ਬਝ ਕੇ ਸੰਗਠਿਤ ਹੁੰਦੀ ਹੈ। ਧਰਮ ਵਿਚ ਆਮ ਤੌਰ ਤੇ ਕਿਸੇ ਪਾਰਗ੍ਰਾਮੀ, ਪਾਵਨ ਸ਼ਕਤੀ ਨਾਲ ਸੰਚਾਰ ਕਾਇਮ ਕਰਨ ਦੀ ਬੜੀ ਤੀਬਰ ਉਤਕੰਠਾ ਹੁੰਦੀ ਹੈ, ਜੋ ਆਮ ਸਾਧਾਰਣ ਮਨੁੱਖੀ ਅਨੁਭਵ ਦੀ ਭਾਸ਼ਾ ਦੀ ਪਕੜ ਵਿਚ ਨਹੀਂ ਆਉਂਦੀ। ਧਰਮ ਦੀ ਸੰਚਾਰ-ਵਿਵਸਥਾ ਬੁਨਿਆਦੀ ਤੌਰ ਤੇ ਅੰਦਰਮੁਖੀ ਹੁੰਦੀ ਹੈ ਅਤੇ ਆਪਣੇ ਸੁਭਾ ਵਿਚ ਬਹੁਤ ਜਟਿਲ। ਧਰਮ-ਜਗਤ ਦੇ ਸੰਚਾਰ-ਸਾਧਨ ਅਰਦਾਸ, ਧਿਆਨ, ਰਹੁਰੀਤੀਆਂ ਹੁੰਦੀਆਂ ਹਨ ਜਿਨ੍ਹਾਂ ਉਤੇ ਧਰਮ ਸਾਧਕ ਦੇ ਆਪਣੇ ਭਾਵਾਂ ਦੀ ਰੰਗਣ ਚੜ੍ਹੀ ਹੁੰਦੀ ਹੈ। ਸੰਚਾਰ ਦੀਆਂ ਇਹ ਜੁਗਤਾਂ ਕਿਸੇ ਸੂਚਨਾ ਦਾ ਸੰਚਾਰ ਨਹੀਂ ਕਰਦੀਆਂ ਬਲਕਿ ਇਹ ਆਪਾ-ਪਰੀਖਿਅਣ, ਆਤਮ-ਅਭਿਵਿਅਕਤੀ ਅਤੇ ਕਾਫ਼ੀ ਹੱਦ ਤਕ ਸੰਚਾਰ-ਕਰਤਾ ਦੇ ਮਾਨਸਿਕ ਪਰਿਵਰਤਨ ਦੇ ਵੀ ਸਾਧਨ ਬਣਦੀਆਂ ਹਨ। ਇਸ ਤੋਂ ਬਿਨਾਂ ਧਰਮ ਦੀਆਂ ਰਹੁਰੀਤੀਆਂ ਅਤੇ ਸਿਧਾਂਤਕ ਸੂਤਰ ਧਰਮ ਧਾਧਕ ਦੇ ਮਨ ਵਿਚ ਕਿਸੇ ਧਰਮ ਸਮੂਹ ਲਈ ਪੈਦਾ ਹੋਏ ਵਿਸ਼ਵਾਸ਼ ਨੂੰ ਹੀ ਬਾਣੀ ਨਹੀਂ ਦੇਂਦੇ ਸਗੋਂ ਸਮੂਹ ਨੂੰ ਇਸ਼ਟ ਦੇ ਰੂਬਰੂ ਵੀ ਲਿਆ ਖੜ੍ਹਾ ਕਰਦੇ ਹਨ। ਧਰਮ ਦੀ ਸੰਚਾਰ-ਭਾਸ਼ਾ, ਵਿਸ਼ੇਸ਼ ਕਰਕੇ ਕੁਝ ਸੰਦਰਭਾਂ ਵਿਚ, ਸਾਧਨਾ ਅਤੇ ਸੰਸਕਾਰ ਦੇ ਗੁਣ ਗ੍ਰਹਿਣ ਕਰ ਲੈਂਦੀ ਹੈ। ਇਥੇ ਸੰਚਾਰ ਅਨੁਭਵ ਦਾ ਹੀ ਰੂਪ ਧਾਰਣ ਕਰ ਜਾਂਦਾ ਹੈ ਅਤੇ ਇਸ ਵਿਚ ਅਨੇਕ-ਪੱਧਰੀ ਭਰਪੂਰਤਾ ਅਤੇ ਤੀਬਰਤਾ ਉਤਪੰਨ ਹੋ ਜਾਂਦੀ ਹੈ।

ਬਾਬਾ ਫ਼ਰੀਦ ਆਪਣੀ ਬਾਣੀ ਵਿਚ ਜਿਸ ਧਰਮ ਜਗਤ ਦੀ ਰਚਨਾ ਕਰਦਾ ਹੈ ਉਸਦਾ ਆਧਾਰ ਚਿਰੰਤਨ ਕਬੀਲਾਦਾਰੀ ਸਮਾਜਕ ਜੀਵਨ ਬਣਦਾ ਹੈ। ਅਜੇਹਾ ਚਿਰੰਤਨ ਜੀਵਨ ਅੰਖੰਡ ਹੁੰਦਾ ਹੈ ਅਤੇ ਇਸ ਵਿਚ ਧਰਮ ਨੂੰ ਜੀਵਨ ਦੇ ਬਾਕੀ ਖੇਤਰਾਂ ਨਾਲੋਂ ਭਿੰਨ ਨਹੀਂ ਕੀਤਾ ਜਾ ਸਕਦਾ। ਅਜੇਹੇ ਸਮਾਜ ਵਿਚ ਧਾਰਮਿਕ ਰਹੁਰੀਤੀ ਕੇਂਦਰੀ ਮਹੱਤਵ ਗ੍ਰਹਿਣ ਕਰ ਜਾਂਦੀ ਹੈ ਅਤੇ ਇਸਦੀ ਪਾਲਣਾ ਜਨ-ਸਮੂਹ ਦੇ ਅਵਚੇਤਨ ਦਾ ਇਕ ਅਨਿਖੜ ਅੰਗ ਬਣ ਜਾਂਦੀ ਹੈ। ਆਧੁਨਿਕ ਸਮਾਜ ਦੇ ਸੰਦਰਭ ਵਿਚ ਧਰਮ ਇਕ ਸੁਤੰਤਰ ਖ਼ੁਦਮੁਖ਼ਤਿਆਰ ਸੰਸਥਾ ਦਾ ਰੂਪ ਧਾਰ ਚੁੱਕਾ ਹੈ, ਪਰੰਤੂ ਚਿਰੰਤਨ ਸਮਾਜਕ ਅਵੱਸਥਾ ਵਿਚ ਵਿਅਕਤੀ ਸਮਾਜ ਦੀਆਂ ਪਰੰਪਰਾਗਤ ਰਹੁਰੀਤੀਆਂ ਅਤੇ ਵਿਸ਼ਵਾਸ਼ਾਂ ਨਾਲ ਅਟੁੱਟ ਰਿਸ਼ਤੇ ਵਿਚ ਜੁੜਿਆ ਰਹਿੰਦਾ ਹੈ। ਅਜੇਹੀ ਅਵਸਥਾ ਵਿਚ ਧਰਮ ਅਤੇ ਇਸਦੀਆਂ ਰਹੁਰੀਤੀਆਂ ਸਮਾਜਕ ਪਧਰ ਉਤੇ ਸੰਚਾਰ ਅਤੇ ਅਰਥ-ਸਿਰਜਨ ਦਾ ਸ਼ਕਤੀਸ਼ਾਲੀ ਸਾਧਨ ਬਣ ਜਾਂਦੇ ਹਨ। ਬਾਬਾ ਫ਼ਰੀਦ ਆਪਣੀ ਬਾਣੀ ਵਿਚ ਵਿਸ਼ਵਾਸ਼ ਕੇਂਦ੍ਰਿਤ ਅਤੇ ਅਨੁਭਵਾਤਮਕ ਭਾਸ਼ਾ ਨੂੰ ਕਾਵਿ-ਸੰਚਾਰ ਦੀ ਜੁਗਤ ਦੇ ਤੌਰ ਤੇ ਵਰਤਦੇ ਹਨ। ਰਹੁਰੀਤੀ ਇਕ ਭਾਸ਼ਾ ਦੇ ਤੌਰ ਤੇ ਜਿਥੇ ਇਕ ਜਾਤੀ ਸਮੂਹ ਦੇ ਅੰਦਰ ਪ੍ਰਭਾਵਸ਼ਾਲੀ ਸੰਚਾਰ ਪ੍ਰਣਾਲੀ ਨੂੰ ਜਨਮ ਦੇਂਦੀ ਹੈ ਉਥੇ ਇਕ ਦੂਜੇ ਨਾਲੋਂ ਭਿੰਨ ਧਾਰਮਿਕ ਪਰੰਪਰਾਵਾਂ ਨਾਲ ਜੁੜੇ ਹੋਏ ਵਿਅਕਤੀਆਂ ਦੇ ਵਿਚਕਾਰ ਵੀ ਇਕ ਪ੍ਰਮਾਣਿਕ ਅੰਦਰ-ਸੰਚਾਰ ਦਾ ਸੰਬੰਧ ਪੈਦਾ ਕਰ ਸਕਦੀ ਹੈ। ਅਜੇਹਾ ਸੰਬੰਧ ਵੱਖੋ ਵੱਖਰੀਆਂ ਧਰਮ ਪਰੰਪਰਾਵਾਂ ਵਾਲੇ ਵਿਅਕਤੀਆਂ ਵਿਚਕਾਰ ਸ਼ਬਦ ਜਾਂ ਸਿਧਾਂਤ ਦੀ ਪੱਧਰ ਉਤੇ ਪੈਦਾ ਹੋਣਾ ਬਹੁਤਾ ਸੌਖਾ ਨਹੀਂ ਹੁੰਦਾ। ਫ਼ਰੀਦ-ਬਾਣੀ ਵਿਚ ਅਧਿਆਤਮਕ-ਸਾਧਨਾ ਮਾਰਗ ਵਲ ਪ੍ਰੇਰਿਤ ਕਰਨ ਲਈ ਰੀਤੀ ਨੂੰ ਇਕ ਸੰਚਾਰ ਵਿਧੀ ਦੇ ਤੌਰ ਤੇ ਬੜੀ ਸਫਲਤਾ ਨਾਲ ਵਰਤਿਆ ਗਿਆ ਹੈ। ਇਬਾਦਤ ਨਾਲ ਜੁੜੇ ਹੋਏ ਨੇਮ ਜੋ ਕਿਸੇ ਜਾਤੀ-ਸਮੂਹ ਵਿਚ ਬਾਰ ਬਾਰ ਦੁਹਰਾਏ ਜਾਂਦੇ ਹਨ ਫ਼ਰੀਦ-ਬਾਣੀ ਵਿਚ ਧਰਮ-ਸੰਚਾਰ ਦੇ ਉਪਕਰਣ ਬਣਦੇ ਹਨ :

(੧) ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜਿ ਗੁਜਾਰਿ ॥
ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥

(੧੧) ਫਰੀਦਾ ਬੇਨਿਵਾਜਾ ਕੁਤਿਆ ਏਹ ਨਾ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

Digitized by Panjab Digital Library | www.panjabdigilib.org

ਰੀਤੀ ਵਿਚ ਕਿਸੇ ਕਾਰਜ ਨੂੰ ਇਕ ਨਿਖੜਵੀਂ ਉਪਚਾਰਿਕਤਾ ਦਿਤੀ ਗਈ ਹੁੰਦੀ ਹੈ ਅਤੇ ਇਸਨੂੰ ਨਿਸ਼ਚਿਤ ਵਕਫ਼ਿਆਂ ਉਤੇ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਹਨਾਂ ਵਿਚ ਬਹੁਤ ਸਾਰੇ ਅਜੇਹੇ ਵਰਤ-ਵਿਹਾਰ ਦੇ ਤੱਤ ਹੁੰਦੇ ਹਨ ਜੋ ਬਾਰ ਬਾਰ ਦਿਸਦੇ ਪਰਪੰਚ ਤੋਂ ਪਾਰਲੇ ਕਿਸੇ ਯਥਾਰਥ ਵਲ ਸੰਕੇਤ ਕਰਦੇ ਹਨ। ਬਹੁਤੀ ਵਾਰੀ ਪੂਜਾ ਪ੍ਰਸਤਿਸ਼ ਨਾਲ ਜੁੜੀਆਂ ਰਹੁਰੀਤੀਆਂ ਕਿਸੇ ਸਮਾਜ ਦੇ ਜੀਵਨ ਦੀ ਤਹਿ ਵਿਚ ਲਹਿ ਚੁਕੇ ਪੁਰਾਣਾਂ ਨਾਲ ਸੰਬੰਧਿਤ ਹੁੰਦੀਆਂ ਹਨ ਜੋ ਕਿਸੇ ਆਦਿ ਜੁਗਾਦਿ ਸੱਚ ਦੀ ਦਿਸ਼ਾ ਵਲ ਮੁੜ ਮੁੜ ਮੁਖ ਮੋੜਦੇ ਹਨ। ਪਰੰਤੂ ਕਿਸੇ ਸੰਸਕ੍ਰਿਤੀ ਵਿਚ ਅਨੇਕ ਅਜੇਹੇ ਮਹੱਤਵਪੂਰਣ ਪੁਰਾਣ ਵੀ ਹੁੰਦੇ ਹਨ ਜੋ ਕਿਸੇ ਰੀਤੀ ਨਾਲ ਨਹੀਂ ਜੋੜੇ ਜਾ ਸਕਦੇ। ਇਸੇ ਤਰ੍ਹਾਂ ਰਹੁਰੀਤੀਆਂ ਵੀ ਕਿਸੇ ਕਿਸਮ ਦੀ ਪੁਰਾਣ-ਵਿਆਖਿਆ ਕੀਤੇ ਬਿਨਾਂ ਆਪਣੀ ਸੁਤੰਤਰ ਹੋਂਦ ਧਾਰ ਸਕਦੀਆਂ ਹਨ। ਪੁਰਾਣ, ਰੀਤੀ ਦੇ ਜਨਮ ਦਾ ਕਾਰਣ ਹਨ, ਜਾਂ ਰੀਤੀ ਪੁਰਾਣ ਦੇ ਜਨਮ ਦਾ, ਇਸਦਾ ਕੋਈ ਸਿਧਾ ਉੱਤਰ ਨਹੀਂ ਦਿਤਾ ਜਾ ਸਕਦਾ। ਕੇਵਲ ਏਨੀ ਹੀ ਗੱਲ ਕਹੀ ਜਾ ਸਕਦੀ ਹੈ ਕਿ ਹੁਣ ਤਕ ਹੋਂਦ ਵਿਚ ਆਈਆਂ ਸਾਰੀਆਂ ਸੰਸਕ੍ਰਿਤੀਆਂ ਵਿਚ ਪੁਰਾਣ ਅਤੇ ਰੀਤੀ ਦੋਵੇਂ ਇਕ ਗਤੀਸ਼ੀਲ ਅੰਤਰ-ਕਾਰਜ ਦੇ ਸੰਬੰਧ ਵਿਚ ਬੱਝੇ ਤੁਰੇ ਆਉਂਦੇ ਹਨ ਅਤੇ ਧਰਮ ਦੀਆਂ ਸੰਚਾਰ ਜੁਗਤਾਂ ਦੇ ਰੂਪ ਵਿਚ ਬੜਾ ਮਹੱਤਵਪੂਰਣ ਕਾਰਜ ਕਰਦੇ ਆਏ ਹਨ। ਰੀਤੀ ਦਾ ਧਰਮ ਸੰਚਾਰ ਵਿਚ ਗੌਣ ਸਥਾਨ ਨਹੀਂ ਅਤੇ ਨਾ ਹੀ ਇਹ ਕੇਵਲ ਅਰਥ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਦੀ ਹੈ ਜੋ ਕਿਸੇ ਵਿਚਾਰ ਮੂਲਕ ਵਿਸ਼ਵਾਸ਼ ਜਾਂ ਸਿਧਾਂਤ ਦੇ ਰੂਪ ਵਿਚ ਪਹਿਲਾਂ ਹੀ ਸਪਸ਼ਟ ਅਤੇ ਪੂਰਣ ਰੂਪ ਵਿਚ ਸਥਾਪਿਤ ਹੋ ਚੁੱਕਾ ਹੋਵੇ। ਰੀਤੀ ਉਤੇ ਬਲ, ਧਾਰਮਿਕ ਅਨੁਭਵ ਦੇ ਪ੍ਰਤਖਣ ਲਈ ਨਵੇਂ ਪਾਸਾਰ ਖੋਲ੍ਹਦਾ ਹੈ। ਇਹ ਸਾਨੂੰ ਇਹ ਸਮਝਣ ਵਿਚ ਸਹਾਇਕ ਹੁੰਦਾ ਹੈ ਕਿ ਕਾਰਜ, ਵਿਹਾਰ ਅਤੇ ਵਿਚਾਰ-ਵਿਧੀਆਂ ਕਿਸੇ ਧਰਮ ਦ੍ਰਿਸ਼ਟੀ ਨੂੰ ਗ੍ਰਹਿਣ ਕਰਨ ਲਈ ਵਿਚਾਰ-ਮੂਲਕ ਪੱਖਾਂ ਦੇ ਮੁਕਾਬਲੇ ਵਿਚ ਕਿਤੇ ਵਧੇਰੇ ਮਹੱਤਵ ਰੱਖਦੀਆਂ ਹਨ।

ਫ਼ਰੀਦ-ਬਾਣੀ ਸੰਚਾਰ ਲਈ ਕੇਵਲ ਧਾਰਮਿਕ ਰੀਤੀਆਂ ਦਾ ਹੀ ਸਹਾਰਾ ਨਹੀਂ ਲੈਂਦੀ ਬਲਕਿ ਸੰਸਕ੍ਰਿਤੀ ਵਿਚ ਮਿਲਦੇ ਮਨੁੱਖੀ ਸੰਬੰਧਾਂ ਅਤੇ ਸਾਕਾਦਾਰੀ ਨਾਤਿਆਂ ਦੀ ਭਾਸ਼ਾ ਨੂੰ ਵੀ ਜੁਗਤ ਵਲੋਂ ਪ੍ਰਯੋਗ ਵਿਚ ਲਿਆਉਂਦੀ ਹੈ। ਨੈਤਿਕ ਮਰਯਾਦਾ, ਸਮਾਜਿਕ ਇੱਜ਼ਤ ਆਬਰੂ ਦੇ ਮੂਲ, ਆਦਰਸ਼ ਜੀਵਨ ਚਰਿੱਤਰ ਦੇ ਸੰਕੇਤ ਬਿੰਦੂ, ਸਦਾਚਾਰਕ ਟੈਬੂ ਅਤੇ ਟੋਟਮ ਸਭ ਫ਼ਰੀਦ-ਬਾਣੀ ਵਿਚ ਸੰਚਾਰ ਦੀਆਂ ਭਿੰਨ ਭਿੰਨ ਰੂਪ-ਵਿਧੀਆਂ ਬਣਦੇ ਹਨ। 'ਫ਼ਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ', 'ਸਾਹੁਰੈ ਢੋਈ ਨ ਲਹੈ, ਪੇਈਐ ਨਾਹੀ ਥਾਉ। ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥' 'ਫ਼ਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥' 'ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥ ਇਕ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਂਈ ਦੈ ਦਰਿ ਵਾੜੀਅਹਿ ॥' ਆਦਿ ਪੰਗਤੀਆਂ ਫ਼ਰੀਦ-ਬਾਣੀ ਦੇ ਇਸ ਪੱਖ ਉਤੇ ਚਾਨਣ ਪਾਂਦੀਆਂ ਹਨ।

ਫ਼ਰੀਦ-ਬਾਣੀ ਵਿਚ ਅਧਿਆਤਮਿਕ ਸਿਧਾਂਤ-ਵਿਵੇਚਨ ਅਤੇ ਸੂਤਰੀਕਰਣ ਦੀ ਬਿਰਤੀ ਪ੍ਰਧਾਨ ਨਹੀਂ, ਉਸ ਵਿਚਲਾ ਧਰਮ-ਜਗਤ ਰੱਬ ਨਾਲੋਂ ਮਨੁੱਖ ਦੇ ਲੌਕਿਕ ਜੀਵਨ-ਪਸਾਰ ਨਾਲ ਵਧੇਰੇ ਸੰਬੰਧਿਤ ਹੈ। ਧਰਮ ਦਾ ਕੇਂਦਰ ਚਾਹੇ ਪਾਵਨ ਪਾਰਗਾਮੀ ਹੈ ਪਰੰਤੂ ਫ਼ਰੀਦ-ਬਾਣੀ ਵਿਚੋਂ ਰੂਪਮਾਨ ਹੁੰਦਾ ਧਰਮ ਮਨੁੱਖ ਦੇ ਸਦਾਚਾਰਕ ਜੀਵਨ ਦੀਆਂ ਠੋਸ ਸਮੱਸਿਆਵਾਂ ਉਤੇ ਹੀ ਆਪਣੇ ਆਪ ਨੂੰ ਕੇਂਦ੍ਰਿਤ ਕਰਦਾ ਹੈ। ਇਹ ਧਰਮ ਇਉਂ ਰੱਬ ਨਾਲੋਂ ਮਨੁੱਖ ਨਾਲ ਵਧੇਰੇ ਨੇੜੇ ਦਾ ਰਿਸ਼ਤਾ ਜੋੜਦਾ ਹੈ। ਜਿਸ ਚਿਰੰਤਨ ਮਨੁੱਖ ਦਾ ਧਰਮ-ਜਗਤ ਫ਼ਰੀਦ-ਬਾਣੀ ਵਿਚੋਂ ਉਭਰਦਾ ਹੈ ਉਸਦੀ ਸਭ ਤੋਂ ਵੱਡੀ ਚਿੰਤਾ ਬਾਹਰਲੇ ਜਗਤ ਨਾਲ ਪੈਦਾ ਹੋਈ ਉਸਦੀ ਕੋਈ ਆਤਮਕ ਵਿਸੰਗਤੀ ਹੈ। ਇਹ ਵਿਸੰਗਤੀ ਨਿਆਇ ਦੀ ਪੱਧਰ ਉਤੇ ਨਹੀਂ ਵਾਪਰਦੀ। ਇਹ ਉਸਨੂੰ ਭਾਵੁਕ ਅਤੇ ਮੁੱਲ-ਨਿਰਧਾਰਣ ਦੇ ਪੱਖਾਂ ਤੋਂ ਸਾਮ੍ਹਣੇ ਆਉਂਦੀ ਹੈ। ਜਦੋਂ ਪ੍ਰਕਿਰਤੀ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਮਨੁਖੀ ਕਾਮਨਾਵਾਂ ਇਕੋ ਹੀ ਉੱਦੇਸ਼ ਦੀ ਦਿਸ਼ਾ ਵਲ ਜੁੜੀਆਂ ਹੁੰਦੀਆਂ ਹਨ ਤਾਂ ਮਨੁੱਖ ਆਪਣੇ ਅਤੇ ਆਪਣੇ ਆਲੇ-ਦੁਆਲੇ ਦੇ ਜਗਤ ਵਿਚਕਾਰ ਇਕਸੁਰਤਾ ਵਾਲੇ ਸੰਬੰਧ ਸਥਾਪਿਤ ਹੋਏ ਵੇਖਦਾ ਹੈ। ਜਦੋਂ ਇਸ ਵਿਚ ਉਸਨੂੰ ਨਿਸਫਲਤਾ ਅਤੇ ਨਿਰਾਸ਼ਾ ਵੇਖਣੀ ਪੈਂਦੀ ਹੈ ਤਾਂ ਫੇਰ ਉਹ ਇਕ ਆਤਮਕ-ਅਸੰਬੰਧਿਤਾ ਦੇ ਭਾਵ ਨਾਲ ਪੀੜਿਤ ਹੁੰਦਾ ਹੈ। ਅਜੇਹੀ ਦਸ਼ਾ ਵਿਚ ਉਹ ਭਾਵੁਕ ਅਤੇ ਮੁਲ-ਮੀਮਾਂਸਾ ਦੀ ਦ੍ਰਿਸ਼ਟੀ ਤੋਂ ਆਪਣੇ ਜਗਤ ਅਤੇ ਇਸਦੀ ਤਹਿ ਥਲੇ ਲੁਕੇ ਹੋਏ ਅਰਥਾਂ ਤੋਂ ਵਿਸੰਗਿਤ ਹੋ ਜਾਂਦਾ ਹੈ। ਇਹ ਵਿਸੰਗਤੀ ਮਨੁੱਖ ਦੀ ਦੁੱਖ ਦੀ ਸਮੱਸਿਆ ਨੂੰ ਧਰਮ ਦੇ ਖੇਤਰ ਵਿਚ ਲੈ ਜਾਂਦੀ ਹੈ। ਮਨੁੱਖ ਸ਼ਰੀਰਕ ਪੀੜਾ, ਨਿਜੀ ਥੁੜਾਂ, ਸੰਸਾਰਕ ਹਾਰ ਜਾਂ ਪਰਾਈ ਵੇਦਨਾ ਦੀ ਚੇਤਨਾ ਨੂੰ ਧਰਮ ਦੇ ਘੇਰੇ ਵਿਚ ਲਿਆ ਕੇ ਸਹਿਣਯੋਗ ਬਣਾਉਂਦਾ ਹੈ। ਧਰਮ ਵਿਆਪਕ ਪੱਧਰ ਉਤੇ ਰੀਤੀ ਅਤੇ ਪੁਰਾਣ ਦੇ ਰਾਹੀਂ ਦੁੱਖ ਭੋਗੀ ਨੂੰ ਇਉਂ ਅਨੁਭਵ ਕਰਾਉਂਦਾ ਹੈ ਜਿਵੇਂ ਉਹ ਆਪਣੀ ਨਿਜੀ ਹੱਦ ਦੇ ਘੇਰੇ ਵਿਚੋਂ ਨਿਕਲ ਕੇ ਕਿਸੇ ਸ੍ਰਿਸ਼ਟੀਮੂਲਕ ਨਾਟਕ ਵਿਚ ਸ਼ਾਮਿਲ ਹੋ ਰਿਹਾ ਹੋਵੇ ਅਤੇ ਉਸਦਾ ਨਿਜੀ ਦਰਦ ਕਿਸੇ ਵਡੇਰੀ ਅਰਥਪੂਰਨ ਇਕਾਈ ਦਾ ਵਿਸ਼ੇਸ਼ ਅੰਗ ਬਣ ਗਿਆ ਹੋਵੇ।

ਚਿਰੰਤਨ ਮਨੁੱਖ ਦੀ ਅਸੁੱਰਖਿਆ, ਅਸੰਬੰਧਿਤਾ ਅਤੇ ਚਿੰਤਾ, ਪੀੜਾ ਦੀ ਸਮੱਸਿਆ ਅਜ ਦੇ ਮਨੁੱਖ ਦੇ ਸੰਦਰਭ ਵਿਚ ਹੋਰ ਵੀ ਜਟਿਲ ਹੋ ਗਈ ਹੈ, ਪਰ ਚਿਰੰਤਨ ਮਨੁੱਖ ਅਸੁਰਖਿਆ ਦੇ ਚੱਕਰ-ਵੀਊਹ ਵਿਚੋਂ ਨਿਕਲਣ ਲਈ **ਮੌਤ** ਅਤੇ **ਇਲਹਾਮ** ਦੀਆਂ ਪੁਰਾਣੀਆਂ ਸੰਚਾਰ-ਜੁਗਤਾਂ

Digitized by Panjab Digital Library | www.panjabdigilib.org

ਨੂੰ ਵਰਤ ਕੇ ਅਰਥ ਪੈਦਾ ਕਰਦਾ ਰਿਹਾ ਹੈ। ਚਿਰੰਤਨ ਮਨੁੱਖ ਚੜ੍ਹਦੀ ਜਵਾਨੀ, ਬੁਢਾਪੇ ਅਤੇ ਮੌਤ, ਇਹਨਾਂ ਸਾਰੇ ਪੜਾਉ ਬਿੰਦੂਆਂ ਉਤੇ ਅਸੁਰੱਖਿਅਤ ਅਨੁਭਵ ਕਰਦਾ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਮੌਤ ਦੇ ਬਿੰਦੂ ਉਤੇ ਪੈਦਾ ਹੋਣ ਵਾਲਾ ਭੈ ਬਾਰ ਬਾਰ ਦੁਹਰਾਇਆ ਗਿਆ ਹੈ ਅਤੇ ਸੰਸਕ੍ਰਿਤੀ ਵਿਚ ਵਿਆਖੇ ਮੌਤ-ਪੁਰਾਣਾਂ ਦੁਆਰਾ ਨਿਜੀ ਚਿੰਤਾ ਅਤੇ ਦੁੱਖ ਨੂੰ ਸ੍ਰਿਸ਼ਟੀ ਦੀ ਪੱਧਰ ਉਤੇ ਵਿਆਪਿਤ ਦੁਖ ਅਤੇ ਪੀੜਾ ਦਾ ਅੰਗ ਬਣਾ ਕੇ ਵੇਖਿਆ ਗਿਆ ਹੈ। ਮੌਤ ਤੋਂ ਪਹਿਲਾਂ ਬੁਢਾਪੇ ਵਿਚ ਪੈਰ ਧਰਨ ਉਤੇ ਪੈਦਾ ਹੋਣ ਵਾਲੀ ਸ਼ਰੀਰਕ ਨਿਰਬਲਤਾ ਅਤੇ ਦੂਜੇ ਪਾਸੇ ਪਾਰਗ੍ਰਾਮੀ ਸ਼ਕਤੀ ਦੀ ਅਥਾਹ ਤਾਕਤ ਨੂੰ ਆਮ੍ਹੋ-ਸਾਮ੍ਹਣੇ ਲਿਆ ਕੇ ਅਰਥਹੀਣਤਾ ਅਤੇ ਅਸਪਸ਼ਟਤਾ ਦੇ ਭਾਵ ਨੂੰ ਤੀਬਰ ਕੀਤਾ ਗਿਆ ਹੈ। ਇਹੋ ਹੀ ਕਾਰਣ ਹੈ ਕਿ ਫ਼ਰੀਦ-ਬਾਣੀ ਵਿਚ ਮੌਤ ਦੇ ਬਿੰਬ ਬਾਰ ਬਾਰ ਦੁਹਰਾਏ ਗਏ ਹਨ ਪਰੰਤੂ ਇਹ ਮੌਤ ਦੇ ਚਿੱਤਰ ਵਿਸ਼ਾਦ ਭਾਵ ਜਾਗ੍ਰਿਤ ਕਰਨ ਦੀ ਬਜਾਏ ਸੂਹਜ ਦੀਆਂ ਰੂਪ-ਵਿਧੀਆਂ ਵਿਚ ਰੂਪਾਂਤ੍ਰਿਤ ਹੁੰਦੇ ਹਨ। ਫ਼ਰੀਦ-ਬਾਣੀ ਵਿਚ ਮੌਤ ਦੇ ਪੁਰਾਣ-ਬਿੰਬ ਨੂੰ ਅਤੇ ਵਿਵਾਹ ਦੇ ਰੀਤੀ-ਰਿਵਾਜ ਦੋਹਾਂ ਨੂੰ ਇਕ ਨਵੇਂ ਰਿਸ਼ਤੇ ਵਿਚ ਬੰਨ੍ਹ ਕੇ ਸੰਚਾਰ ਵਿਚ ਵੰਨਸਵੰਨਤਾ ਲਿਆਂਦੀ ਗਈ ਹੈ। ਮੌਤ ਆਉਣ ਦੀ ਘੜੀ ਪੂਰਵ ਨਿਸ਼ਚਿਤ ਹੈ। ਮਰਣ ਵਰ ਨੇ ਲਾੜਾ ਬਣ ਕੇ ਆ ਢੁਕਣਾ ਹੈ ਅਤੇ ਜਿੰਦ ਵਹੁਟੀ ਨੂੰ ਪਰਣਾ ਕੇ ਲੈ ਜਾਣਾ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨਾ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥

ਬਾਬਾ ਫ਼ਰੀਦ ਨੇ ਇਥੇ ਰੀਤੀ ਅਤੇ ਪੁਰਾਣ ਦੋਹਾਂ ਨੂੰ ਸਮਦ੍ਰਿਸ਼ਤਾ ਦੇ ਰਿਸ਼ਤੇ ਵਿਚ ਬੰਨ੍ਹ ਕੇ ਭਾਸ਼ਾ ਦੀ ਇਕ ਨਵੀਂ ਵਿਧੀ ਦਾ ਸਿਰਜਣ ਕੀਤਾ ਹੈ ਜੋ ਮਿਥਿਹਾਸਕ ਸੰਦਰਭਾਂ ਵਿਚ ਰਹਿ ਕੇ ਵਿਸ਼ਵਾਸ ਦੇ ਅਧੀਨ ਕੰਮ ਕਰ ਰਹੀਆਂ ਧਾਰਨਾਵਾਂ ਵਿਚ ਕਾਰਜ ਕਰਦੀ ਹੈ। ਇਹ ਭਾਸ਼ਾ ਜੁਗਤ ਇਕ ਪ੍ਰਕਾਰ ਦਾ ਦੀਰਘ ਪੁਰਾਣ (Macromythos) ਕਹੀ ਜਾ ਸਕਦੀ ਹੈ, ਜਿਸ ਵਿਚ ਇਕ ਸੰਪੂਰਣ ਵਿਸ਼ਵ-ਦ੍ਰਿਸ਼ਟੀ ਮਿਲਦੀ ਹੈ, ਜਿਸ ਬਾਰੇ ਇਸ ਭਾਸ਼ਾ ਨੂੰ ਬੋਲਣ ਵਾਲੇ ਸੁਚੇਤ ਨਹੀਂ ਹੁੰਦੇ। ਅਜੇਹੀ ਭਾਸ਼ਾ ਸ਼ਮੂਲੀਅਤ (participation) ਦੇ ਨਿਯਮ ਨੂੰ ਅਪਣਾਉਂਦੀ ਹੋਈ ਗਤੀਸ਼ੀਲ ਰੂਪ ਧਾਰਨ ਕਰ ਜਾਂਦੀ ਹੈ, ਜਿਸਦੀ ਵਰਤੋਂ ਧਿਆਨੀ ਵਿਚਾਰ ਜਾਂ ਸੰਕੇਤੀਕਰਨ ਅਤੇ ਵਰਗ-ਵੰਡ ਲਈ ਨਹੀਂ ਕੀਤੀ ਜਾ ਸਕਦੀ। ਫ਼ਰੀਦ-ਬਾਣੀ ਵਿਚ ਰੀਤੀ-ਪੁਰਾਣ ਸੰਜੋਗ ਤੋਂ ਉਤਪੰਨ, ਇਹ ਭਾਸ਼ਾ ਦੂਜੀਆਂ ਸੰਚਾਰ ਜੁਗਤਾਂ ਦੀ ਤੁਲਨਾ ਵਿਚ ਵਧੇਰੇ ਵਿਵੇਚਨਾਤਮਕ ਹੈ। ਇਹ ਅਜੇਹੀ ਭਾਸ਼ਾ-ਵਿਧੀ ਹੈ ਜਿਸ ਵਿਚ ਅੰਦਰਵਰਤੀ ਅਤੇ ਬਾਹਰਮੁੱਖੀ, ਆਤਮ ਅਤੇ ਅਨਾਤਮ ਤੱਤ ਇਕ ਦੂਜੇ ਵਿਚ ਘੁਲ ਮਿਲ ਜਾਂਦੇ ਹਨ। ਤੱਥ ਅਤੇ ਮੁੱਲ ਕਥਨ ਵਿਚ ਖੁਰ ਜਾਂਦੇ ਹਨ। ਮਨੁੱਖ ਆਪਣੇ ਜਗਤ ਨੂੰ ਅਰਥ ਪ੍ਰਦਾਨ ਕਰਦਾ ਹੈ, ਵਸਤੂਆਂ ਅਤੇ ਘਟਨਾਵਾਂ (ਜਿਨ੍ਹਾਂ ਨੂੰ ਉਹ ਵੇਖਦਾ ਅਤੇ ਅਨੁਭਵ ਕਰਦਾ ਹੈ) ਨੂੰ ਆਪਣੀਆਂ ਲੋੜਾਂ, ਕਾਮਨਾਵਾਂ, ਆਸ਼ਾਵਾਂ ਅਤੇ ਚਿੰਤਾਵਾਂ ਦੇ ਮੁਤਾਬਿਕ ਸੰਬੰਧਿਤ ਕਰਦਾ ਹੈ ਅਤੇ ਸੰਚਾਰ ਦੀ ਪ੍ਰਤੀਕਾਤਮਕ ਵਿਧੀ ਰਾਹੀਂ ਪਾਰਗ੍ਰਾਮੀ ਜਗਤ ਨਾਲ ਸ਼ਕਤੀਸ਼ਾਲੀ ਸੰਬੰਧ ਸਥਾਪਤ ਕਰਦਾ ਹੈ। ਇਉਂ ਉਹ ਆਪਣੇ ਲੌਕਿਕ ਜੀਵਨ ਵਿਚ ਦੈਵੀ ਪਾਵਨਤਾ ਵਾਲੀ ਬਾਦਸ਼ਾਹਤ ਕਾਇਮ ਕਰਦਾ ਹੈ। ਮੌਤ ਤੋਂ ਪਹਿਲਾਂ ਮਨੁਖ ਦਾ ਬੁਢਾਪੇ ਵਿਚ ਪਰਵੇਸ਼ ਉਸ ਨੂੰ ਨਿਤਾਣਾ ਅਤੇ ਨਿਸਤੇਜ ਕਰ ਦੇਂਦਾ ਹੈ। ਉਸਦੀ ਇਕ ਪਾਸੇ ਖੀਣਤਾ ਦਾ ਅੰਤਿਮ ਬਿੰਦੂ ਉਤੇ ਪਹੁੰਚਣਾ ਅਤੇ ਦੂਜੇ ਪਾਸੇ ਪਾਵਨ ਪਰਲੋਕ ਦਾ ਨਾ ਤਹਿ ਕੀਤਾ ਜਾ ਸਕਣ ਵਾਲਾ ਫ਼ਾਸਲਾ ਤੁਲਨਾ ਰੂਪ ਵਿਧੀ ਵਿਚ ਅਜੇਹੀ ਮਾਨਸਿਕ ਸਥਿਤੀ ਨੂੰ ਪੇਸ਼ ਕਰਦਾ ਹੈ ਜਿਥੇ ਮਨੁੱਖੀ ਮਨ ਦੀ ਪ੍ਰਕਿਰਤੀ ਅਤੇ ਉਸਦੀ ਜਟਿਲ ਪ੍ਰਕਿਰਿਆ ਸਹਿਜੇ ਹੀ ਰੂਪਮਾਨ ਹੋ ਜਾਂਦੀ ਹੈ। ਨਿਰੋਲ ਕਥਨ ਮਾਤਰ ਦੁਆਰਾ ਮਨ ਦੀ ਇਹ ਤਸਵੀਰ ਨਹੀਂ ਉਘੜ ਸਕਦੀ, ਇਸ ਲਈ ਰੀਤੀ ਦੀ ਜੁਗਤ ਨੂੰ ਹੀ ਸਹਾਇਤਾ ਵਜੋਂ ਵਰਤਿਆ ਗਿਆ ਹੈ :

(ੳ) ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ ॥

(ਅ) ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥

Digitized by Panjab Digital Library | www.panjabdigilib.org

(ੲ) ਦੇਖ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥

ਮਲਕੁਲ ਮੌਤ ਦੇ ਆਉਣ ਦੀ ਆਵੱਸ਼ਕਤਾ ਅਤੇ ਮੌਤ ਤੋਂ ਪਿਛੋਂ ਦੇ ਜੀਵਨ ਦੀ ਚਿੰਤਾ, ਇਹ ਦੋਵੇਂ ਵਿਸ਼ੇ ਫ਼ਰੀਦ-ਬਾਣੀ ਵਿਚ ਪ੍ਰਚਲਿਤ ਮਿਥਿਹਾਸ ਦੀ ਬਿੰਬ-ਭਾਸ਼ਾ ਦੁਆਰਾ ਰੀਤੀ ਵਾਂਗੂੰ ਬਾਰ ਬਾਰ ਦੁਹਰਾਏ ਗਏ ਹਨ। ਇਨ੍ਹਾਂ ਨਾਲ ਮਨੁੱਖ ਜਾਤੀ-ਸਮੂਹ ਦੀ ਪੱਧਰ ਉਤੇ ਪਾਵਨ ਜਗਤ ਦੀਆਂ ਹੱਦਾਂ ਵਿਚ ਪ੍ਰਵੇਸ਼ ਕਰਨ ਲਈ ਕਿਸੇ ਦੈਵੀ-ਬਿੰਦੂ ਨਾਲ ਜੁੜਨ ਦੀ ਚੇਸ਼ਟਾ ਕਰਦਾ ਹੈ। ਚਿਰੰਤਨ ਮਨ ਵਿਚ ਵਿਆਪੀ ਅਨਿਸ਼-ਚਿਤਤਾ ਵਿਚੋਂ ਨਿਕਲਣ ਲਈ ਮਨੁੱਖ ਮੌਤ ਅਤੇ ਮੌਤ ਤੋਂ ਪਿਛੋਂ ਦੇ ਦੋਜ਼ਖ ਦੇ ਪੁਰਾਣ-ਬਿੰਬਾਂ ਰਾਹੀਂ ਦੇਵ ਖੰਡ ਵਿਚ ਵਿਚਰਨ ਲਗ ਜਾਂਦਾ ਹੈ ਅਤੇ ਆਪਣੇ ਆਲੇ ਦੁਆਲੇ ਵਿਚ ਵਿਆਪਿਤ ਅਰਥਹੀਣਤਾ ਨੂੰ ਵਿਵਸਥਤਾ ਅਤੇ ਅਰਥ ਪੂਰਣਤਾ ਦੀ ਰੂਪ ਵਿਧੀ ਵਿਚ ਢਾਲਦਾ ਹੈ :

(ੳ) ਫਰੀਦਾ ਦਰੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥
(ਅ) ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
ਅਜਰਾਈਲ ਫਰੇਸਤਾ ਕੈ ਘਰਿ ਨਾਠੀ ਅਜੁ ॥
(ੲ) ਫਰੀਦਾ ਮਨੁ ਮੈਦਾਨ ਕਰਿ ਟੋਏ ਟਿਬੇ ਲਾਹਿ ॥
ਅਗੈ ਮੂਲਿ ਨਾ ਆਵਸੀ ਦੋਜਕ ਸੰਦੀ ਭਾਹਿ ॥
(ਸ) ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰ ਸਾਜੁ ॥
(ਹ) ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰਿਆਵੈ ਢਾਹਾ ॥
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥
(ਕ) ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥

ਉਪਰੋਕਤ ਸਾਰੀਆਂ ਪੰਗਤੀਆਂ ਵਿਚ ਮਲਕੁਲ ਮੌਤ, ਅਜ਼ਰਾਈਲ ਫਰੇਸਤੇ ਦਾ ਆਉਣਾ, ਸ਼ਰੀਰ ਦੇ ਕਿਲੇ ਨੂੰ ਭੰਨ ਕੇ ਅੱਖੀਂ ਵੇਖਦਿਆਂ ਲੁੱਟਣਾ, ਮੌਤ ਤੋਂ ਪਿਛੋਂ ਦੋਜ਼ਖ ਦੀ ਅੱਗ ਵਿਚ ਸੜਨ ਦੀ ਚਿੰਤਾ ਆਦਿ ਬਿੰਬ ਪੁਰਾਣ ਅਤੇ ਮੌਤ ਦੇ ਰੀਤੀ ਰਿਵਾਜ ਦੋਹਾਂ ਦੇ ਮਿਲਣ-ਬਿੰਦੂ ਉਤੇ ਰਚੇ ਗਏ ਹਨ ਜਿਨ੍ਹਾਂ ਨਾਲ ਨਿਜੀ ਅਰਥ-ਸੰਚਾਰ ਦਾ ਕਾਰਜ ਜਾਤੀ-ਸਮੂਹ ਦੀ ਪੱਧਰ ਤੇ ਚਲਾ ਜਾਂਦਾ ਹੈ। ਮੌਤ ਨਾਲ ਜੁੜੇ, ਚਿੰਤਾ ਅਤੇ ਭੈ ਦੇ, ਭਾਵ ਵਿਸ਼ਵ-ਵਿਆਪਕ ਪੱਧਰ ਉਤੇ ਅਵਚੇਤਨ ਦੀ ਤਹਿ ਵਿਚ ਲੱਥੇ ਪੁਰਾਣ ਦੇ ਸੰਦਰਭ ਗ੍ਰਹਿਣ ਕਰ ਜਾਂਦੇ ਹਨ। ਜਿਵੇਂ ਕਿ ਇਸ ਪੱਤਰ ਦੇ ਆਰੰਭ ਵਿਚ ਸੰਕੇਤ ਕੀਤਾ ਗਿਆ ਹੈ, ਧਰਮ-ਜਗਤ ਵਿਚ ਸੰਚਾਰ ਦਾ ਮੂੰਹ ਦੋ ਪਾਸੇ ਵਲ ਹੁੰਦਾ ਹੈ। ਇਕ ਸੰਚਾਰ ਕਰਤਾ ਦਾ ਪਾਵਨ ਪਾਰਲੋਕ ਨਾਲ ਸੰਚਾਰ ਅਤੇ ਦੂਜਾ ਜਾਤੀ ਸਮੂਹ ਨਾਲ ਪਾਰਲੌਕੀ ਪਾਵਨ ਦੇ ਅਨੁਭਵ ਦਾ ਸੰਚਾਰ। ਇਹ ਇਹਨਾਂ ਦੋਹਾਂ ਬਿੰਦੂਆਂ ਨਾਲ ਸੰਚਾਰ ਅਤਿਅੰਤ ਜਟਿਲ ਰੂਪ ਧਾਰਨ ਕਰਦਾ ਹੈ ਅਤੇ ਇਸ ਵਿਚ ਬਹੁਤੀ ਵਾਰੀ ਬੜੇ ਸ਼ਕਤੀਸ਼ਾਲੀ ਅਵਰੋਧ ਵੇਖਣ ਵਿਚ ਆਏ ਹਨ। ਪਾਵਨ ਪਾਰਲੋਕ ਦਾ ਅਨੁਭਵ ਪੂਰੀ ਤਰ੍ਹਾਂ ਸ਼ਬਦਾਂ ਵਿਚ ਪ੍ਰਗਟਾਇਆ ਨਹੀਂ ਜਾ ਸਕਦਾ ਅਤੇ ਦੂਜੇ ਪਾਸੇ ਅਜੇਹੇ ਅਨੁਭਵ ਨੂੰ ਭੋਗਣ ਵਾਲੇ ਦੇ ਅੰਦਰੋਂ ਇਸਨੂੰ ਬਾਕੀ ਜਾਤੀ ਸਮੂਹ ਨਾਲ ਸਾਂਝਿਆਂ ਕਰਨ ਦੀ ਪ੍ਰਬਲ ਇੱਛਾ ਜਾਗਦੀ ਹੈ। ਇਹੋ ਤਣਾਉ ਧਰਮ ਸੰਚਾਰ ਦਾ ਮੂਲ ਪ੍ਰੇਰਕ ਬਣਦਾ ਹੈ। ਫ਼ਰੀਦ-ਬਾਣੀ ਦਾ ਪਾਠ ਕਰਦਿਆਂ ਸਾਨੂੰ ਕਵੀ ਵੀ ਅਜੇਹੇ ਤਣਾਉ ਨੂੰ ਭੋਗਦਾ ਨਜ਼ਰ ਆਉਂਦਾ ਹੈ। ਧਰਮ ਸੰਚਾਰ ਭਾਸ਼ਾ ਕਿਤਨੀ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋ ਜਾਏ ਉਸ ਵਿਚ ਅਜੇਹਾ ਖੰਡ ਜ਼ਰੂਰ ਰਹਿ ਜਾਂਦਾ ਹੈ ਜਿਹੜਾ ਬਾਣੀ ਦੇ ਜਾਮੇ ਵਿਚ ਨਹੀਂ ਉਤਾਰਿਆ ਜਾ ਸਕਦਾ। ਇਸੇ ਕਾਰਣ ਹੀ ਧਰਮ ਸਾਧਕਾਂ ਨੇ ਧਰਮ ਸੰਚਾਰ ਦੀ ਸਭ ਤੋਂ ਪ੍ਰਭਾਵਮਈ ਭਾਸ਼ਾ 'ਚੁਪ-ਭਾਸ਼ਾ' ਮੰਨੀ ਹੈ। ਇਹ ਗੱਲ ਚਾਹੇ ਨਿਤਾਂਤ ਰੂਪ ਵਿਚ ਸੱਚ ਨਾ ਮੰਨੀ ਜਾਏ ਪਰ ਫੇਰ ਵੀ ਫ਼ਰੀਦ-

Digitized by Panjab Digital Library | www.panjabdigilib.org

ਬਾਣੀ ਵਿਚ ਸ਼ਬਦਾਂ ਦੀ ਭੀੜ ਵਿਚੋਂ ਪੈਦਾ ਹੁੰਦੀ ਅਰਥਹੀਣਤਾ ਅਤੇ ਚੁੱਪ ਭਾਸ਼ਾ ਦੀ ਅਰਥ ਸਿਰਜਣ ਦੀ ਯੋਗਤਾ ਦੋਹਾਂ ਵਿਚਕਾਰ ਤਣਾਉ ਜ਼ਰੂਰ ਨਜ਼ਰ ਆਉਂਦਾ ਹੈ। ਸ਼ਬਦ ਉਚਾਰਣ, ਸੁਣਨ ਅਤੇ ਅੱਖਾਂ ਰਾਹੀਂ ਮੂਰਤ ਨੂੰ ਵੇਖਣ ਨਾਲ ਅਸੀਂ ਆਪਣੇ ਵਿਹਾਰਕ ਜਗਤ ਵਿਚ ਅਰਥ-ਸੰਚਾਰ ਪ੍ਰਣਾਲੀ ਨੂੰ ਜਨਮ ਦੇਂਦੇ ਹਾਂ। ਭਾਸ਼ਾ ਦੇ ਕਾਰ ਵਿਹਾਰ ਵਿਚ ਇਹ ਤਿੰਨੇ ਹੀ ਸੰਦੇਸ਼ ਨੂੰ ਸ਼ਬਦਾਂ ਵਿਚ ਬੰਨ੍ਹਣ ਖੋਲ੍ਹਣ ਅਤੇ ਗ੍ਰਹਿਣ ਕਰਨ ਵਿਚ ਸਹਾਇਕ ਹੁੰਦੇ ਹਨ। ਫ਼ਰੀਦ-ਬਾਣੀ ਵਿਚ ਇਸ ਸੰਚਾਰ ਪ੍ਰਣਾਲੀ ਦੀ ਨਿਰਾਰਥਕਤਾ ਨੂੰ ਕਈ ਵਾਰੀ ਪ੍ਰਗਟਾਇਆ ਗਿਆ ਹੈ :

(ੳ) ਫਰੀਦਾ ਕੂਕੇਦਿਆ ਚਾਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥

(ਅ) ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਦੀ ਵੰਨ ॥

(ੲ) ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥

ਪਰੰਤੂ ਧਰਮ ਸੰਚਾਰ ਭਾਸ਼ਾ ਦੁਆਰਾ ਹੀ ਹੋ ਸਕਦਾ ਹੈ। ਇਹ ਧਰਮ ਅਨੁਭਵ ਪ੍ਰਾਪਤ ਕਰਨ ਵਾਲੇ ਦੀ ਮਜਬੂਰੀ ਹੈ। ਫ਼ਰੀਦ-ਬਾਣੀ ਵੀ ਇਸ ਸੰਚਾਰ ਲਈ ਬਹੁਤ ਸਾਰੀਆਂ ਜੁਗਤਾਂ ਰਚਦੀ ਅਤੇ ਉਸਦਾ ਪ੍ਰਯੋਗ ਕਰਦੀ ਹੈ ਜਿਨ੍ਹਾਂ ਵਿਚੋਂ ਰੀਤੀ ਅਤੇ ਪੁਰਾਣ ਕੇਂਦਰੀ ਮਹੱਤਵ ਗ੍ਰਹਿਣ ਕਰ ਜਾਂਦੀਆਂ ਹਨ। ਇਹਨਾਂ ਦੋਹਾਂ ਜੁਗਤਾਂ ਦੇ ਕਾਰਜ ਦੁਆਰਾ ਹੀ ਫ਼ਰੀਦ-ਬਾਣੀ ਦਾ ਧਰਮ-ਅਨੁਭਵ ਕਾਵਿ ਦੇਸ਼ ਦੀਆਂ ਹੱਦਾਂ ਵਿਚ ਪ੍ਰਵੇਸ਼ ਕਰਦਾ ਹੈ।

Digitized by Panjab Digital Library | www.panjabdigilib.org

ਤਰਲੋਕ ਸਿੰਘ ਕੰਵਰ

ਫਰੀਦ-ਬਾਣੀ ਦੀ ਰਚਨਾ-ਜੁਗਤ

ਫ਼ਰੀਦ-ਬਾਣੀ ਧਰਮ-ਕੇਂਦਰਿਤ ਰਚਨਾ ਹੈ। ਇਹ ਪ੍ਰਸਤਾਵ ਫ਼ਰੀਦ-ਬਾਣੀ ਨੂੰ ਧਰਮ-ਸੰਬੋਧ ਦੇ ਸੰਦਰਭ ਵਿਚ ਪੜ੍ਹਨ ਦੀ ਜੁਗਤ ਪੇਸ਼ ਕਰਦਾ ਹੈ। ਐਸੀ ਅਧਿਐਨ ਜੁਗਤ ਦੁਆਰਾ ਹੀ ਫ਼ਰੀਦ-ਬਾਣੀ ਦਾ ਅਰਥ ਭਰਪੂਰ ਤੇ ਮੁਲੱਵਾਨ ਅਧਿਐਨ ਕੀਤਾ ਜਾ ਸਕਦਾ ਹੈ। ਮੱਧ-ਕਾਲੀ ਪੰਜਾਬ ਦੀਆਂ ਧਰਮ ਨਾਲ ਸੰਬੰਧਿਤ ਬਹੁਤ ਸਾਰੀਆਂ ਸੰਸਥਾਵਾਂ ਦਾ ਅਧਿਐਨ ਇਸ ਵਿਧੀ ਤੋਂ ਕਰਨ ਨਾਲ ਮਹੱਤਵਸ਼ੀਲ ਪ੍ਰਾਪਤੀਆਂ ਹੋਣ ਦੀ ਆਸ ਹੈ। ਪਰ ਸਾਡੇ ਪੱਤਰ ਦਾ ਨਿਸ਼ਾਨਾ ਵਖਰਾ ਹੈ। ਇਹ ਫ਼ਰੀਦ-ਬਾਣੀ ਦੀ ਧਰਮ ਕੇਂਦਰਿਤ ਸਾਰਥਕਤਾ ਅੱਖੋਂ ਪਰੋਖੇ ਕਰ ਕੇ ਤੁਰਨ ਵਾਲੀ ਤਾਂ ਨਹੀਂ ਪਰ ਇਸ ਦੀ ਜੁਗਤ ਨਿਰਾਲੀ ਜ਼ਰੂਰ ਹੈ। ਵਿਸ਼ੈ ਤਾਂ ਫ਼ਰੀਦ-ਬਾਣੀ ਹੀ ਹੈ ਪਰ ਇਸ ਬਾਣੀ ਨੂੰ ਵੇਖਣ ਦੀ ਦ੍ਰਿਸ਼ਟੀ ਵਖਰੀ ਹੋ ਸਕਦੀ ਹੈ। ਧਰਮ-ਸੰਬੋਧ ਨੂੰ ਆਧਾਰ ਬਣਾ ਕੇ ਫ਼ਰੀਦ-ਬਾਣੀ ਦਾ ਅਧਿਐਨ ਕਰਨ ਵਾਲੀ ਦ੍ਰਿਸ਼ਟੀ ਧਰਮ ਨੂੰ ਇਕ ਮੁਲੱਵਾਨ ਪ੍ਰਾਪਤੀ ਸਮਝਦੀ ਹੈ ਤੇ ਜੀਵਨ ਦੇ ਦੂਸਰੇ ਸੰਦਰਭਾਂ ਨੂੰ ਇਸ ਕੇਂਦਰੀ ਮੁੱਲ ਰਾਹੀਂ ਵੇਖਣ ਦਾ ਯਤਨ ਕਰਦੀ ਹੈ। ਫ਼ਰੀਦ-ਬਾਣੀ ਦਾ ਕਰਤਾ ਆਪ ਵੀ ਇਸੇ ਮੁਹਾਵਰੇ ਵਿਚ ਗੱਲ ਕਰਦਾ ਹੈ। ਜਗ ਦੇ ਨਾਸ਼ਮਾਨ ਪਰਪੰਚ ਦੇ ਮੁਕਾਬਲੇ ਉਤੇ ਰੱਬੀ ਹਕੀਕਤ ਦਾ ਮੁੱਲ ਇਸ ਬਾਣੀ ਵਿਚ ਥਾਂ ਪਰ ਥਾਂ ਨਿਸ਼ਚਿਤ ਕੀਤਾ ਗਿਆ ਹੈ ਤੇ ਨਾਲ ਹੀ ਅਰਥ-ਭਰਪੂਰ ਜੀਵਨ ਜੀਉਣ ਲਈ ਦੁਖ ਤਸੀਹੇ ਸਹਿੰਦਿਆਂ ਰੱਬੀ ਗਿਆਨ-ਆਧਾਰਿਤ ਦ੍ਰਿਸ਼ਟੀ ਦੀ ਪ੍ਰਾਪਤੀ ਲਈ ਤੱਤਪਰ ਹੋਣ ਲਈ ਥਾਂ ਪਰ ਥਾਂ ਕਿਹਾ ਗਿਆ ਹੈ। ਇਸੇ ਸੰਦਰਭ ਵਿਚ ਫ਼ਰੀਦ-ਬਾਣੀ ਦਾ ਅਧਿਐਨ ਕਰਨ ਨਾਲ ਪ੍ਰਾਪਤੀ ਵਜੋਂ ਅਸੀਂ ਇਹੀ ਕਹਿ ਸਕਾਂਗੇ ਕਿ ਫ਼ਰੀਦ-ਬਾਣੀ ਧਰਮ-ਦ੍ਰਿਸ਼ਟੀ ਦਾ ਵਸਤੂਕਰਨ ਕਰਦੀ ਹੈ, ਇਉਂ ਇਹ ਵਿਧੀ ਫ਼ਰੀਦ-ਬਾਣੀ ਦੇ ਧਰਮ-ਅਧਿਆਤਮ ਨੂੰ ਨਿਸ਼ਚਿਤ ਕਰਦੀ ਹੈ ਅਤੇ ਦ੍ਰਿਸ਼ਟਮਾਨ ਪਰਪੰਚ ਨੂੰ ਇਸ ਧਰਮ-ਅਧਿਆਤਮ ਦੁਆਰਾ ਅਰਥ ਪ੍ਰਾਪਤ ਕਰਦਿਆਂ ਦਸਦੀ ਹੈ।

ਸਾਡੀ ਅਧਿਐਨ ਵਿਧੀ ਇਥੋਂ ਆਪਣਾ ਰਾਹ ਵਖਰਾ ਕਰਦੀ ਹੈ। ਧਰਮ-ਅਧਿਆਤਮ-ਸੰਪੰਨ ਫ਼ਰੀਦ-ਬਾਣੀ ਦੇ ਅਧਿਆਤਮਕ ਮਹਾਤਮ ਨੂੰ ਦ੍ਰਿੜ੍ਹਾਉਣਾ ਸਾਡਾ ਉੱਦੇਸ਼ ਨਹੀਂ ਸਗੋਂ ਸਾਡਾ ਉੱਦੇਸ਼ ਤਾਂ ਇਸ ਬਾਣੀ ਦੇ ਅੰਤਰਗਤ ਵਿਚਰਦੀ ਵਿਧਾਨਮੂਲਕ ਬਿਰਤੀ ਦਾ ਵਿਸ਼ਲੇਸ਼ਣ ਕਰਨਾ ਹੈ। ਜੁਗਤ ਸਾਡੀ ਵੀ ਅਧਿਆਤਮਕ ਹੈ ਪਰ ਇਸ ਅਧਿਆਤਮਤਾ ਦਾ ਧਰਾਤਲ ਵਖਰਾ ਹੈ ਜਿਥੇ ਫ਼ਰੀਦ ਦ੍ਰਿਸ਼ਟਮਾਨ ਜਗ-ਪਰਪੰਚ ਨੂੰ ਅਦ੍ਰਿਸ਼ਟ ਦੁਆਰਾ ਸਮਝਣ-ਬੁਝਣ ਦੀ ਕੋਸ਼ਿਸ਼ ਕਰਦਾ ਹੈ, ਤੇ ਉਸ ਦੇ ਉੱਦੇਸ਼ ਦੇ ਸਮਰਥਕ ਵਿਆਖਿਆਕਾਰ ਉਸਦੇ ਅਧਿਆਤਮਵਾਦ ਦੀ ਮੂਲ-ਮੂਲਕ ਸਾਰਥਕਤਾ ਨੂੰ ਉਘਾੜਨ ਲਈ ਆਪਣਾ ਤਾਣ ਲਾਉਂਦੇ ਹਨ, ਉਥੇ ਸਾਡਾ ਉੱਦੇਸ਼ ਇਸ ਬਾਣੀ ਦੇ ਰਚਨਾਤਮਕ-ਅਧਿਆਤਮ ਨੂੰ ਲਖਣ ਦਾ ਹੈ। ਧਰਮ-ਅਧਿਆਤਮ ਤੇ ਇਸ ਅਧਿਆਤਮ ਦੀ ਵਿਆਖਿਆ, ਦੋਵੇਂ ਹੀ ਦੈਵ-ਬਿਰਤੀ ਤੋਂ ਪ੍ਰੇਰਨਾ ਲੈਂਦੇ ਹਨ ਪਰ ਰਚਨਾਤਮਕ ਅਧਿਆਤਮ ਦਾ ਸੋਮਾ ਭੂ-ਵਿਗਿਆਨ ਹੈ। ਭੂ-ਵਿਗਿਆਨ ਦੀ ਵਿਧੀ ਦੇ ਸੰਬੰਧ ਵਿਚ ਇਹ ਗੱਲ ਯਾਦ ਰਖਣੀ ਜ਼ਰੂਰੀ ਹੈ ਕਿ ਇਹ ਪ੍ਰਾਪਤ ਸਾਮਗਰੀ ਦੇ ਅਰਥ ਦ੍ਰਿਸ਼ਟਮਾਨ ਪਰਪੰਚ ਦੁਆਰਾ ਗ੍ਰਹਿਣ ਨਹੀਂ ਕਰਦੀ ਸਗੋਂ ਦ੍ਰਿਸ਼ਟਮਾਨ ਪਰਪੰਚ ਵਿਚ ਵਿਚਰਦੀ ਸਾਮਗਰੀ ਦੀ ਪਿਠ-ਭੂਮੀ ਵਿਚ ਕੰਮ ਕਰਦੇ ਨੇਮ-ਵਿਧਾਨ ਦੁਆਰਾ ਇਸ ਦੇ ਅਰਥਾਂ ਨੂੰ ਨਿਸ਼ਚਿਤ ਕਰਦੀ ਹੈ। ਦ੍ਰਿਸ਼ਟਮਾਨ ਨੂੰ ਅਦ੍ਰਿਸ਼ਟ ਵਿਧੀ ਦੁਆਰਾ ਨਿਸ਼ਚਿਤ ਕਰਨ ਵਾਲਾ ਇਹ ਭੂ-ਸ਼ਾਸ਼ਤ੍ਰੀ ਨੇਮ-ਵਿਧਾਨ ਆਧੁਨਿਕ ਅਧਿਐਨ ਦ੍ਰਿਸ਼ਟੀ ਦਾ ਵਿਆਪਕ ਤੱਤ ਹੈ। ਆਧੁਨਿਕ ਜੁਗ ਵਿਚ ਮਾਨਵ ਜੀਵਨ ਦੇ ਯਥਾਰਥ ਦਾ ਵਖ ਵਖ ਪਹਿਲੂਆਂ ਤੋਂ ਅਧਿਐਨ ਕਰਨ ਵਾਲੇ ਵਿਦਵਾਨਾਂ ਨੇ ਇਸੇ ਨੇਮ-ਵਿਧਾਨ ਨੂੰ ਅਪਣਾਇਆ ਹੈ। ਮਿਸਾਲ ਵਜੋਂ ਕਾਰਲ ਮਾਰਕਸ ਦੀ ਵਿਧੀ ਨੂੰ ਇਸ ਦ੍ਰਿਸ਼ਟੀ ਤੋਂ ਵੇਖਦਿਆਂ ਅਸੀਂ ਸਮਾਜਕ-ਭੂ-ਵਿਗਿਆਨ ਕਹਿ ਸਕਦੇ ਹਾਂ ਤੇ ਫ਼ਰਾਇਡ ਦੀ ਮਨੋਵਿਸ਼ੇਲੇਸ਼ਣ ਦੀ ਪ੍ਰਕਿਰਿਆ ਨੂੰ ਮਨੁਖੀ ਮਨ ਦਾ ਭੂ-ਵਿਗਿਆਨ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਜਦੋਂ ਇਸ ਭੂ-ਵਿਗਿਆਨਿਕ ਦ੍ਰਿਸ਼ਟੀ ਨੂੰ ਰਚਨਾ-ਜੁਗਤ ਦੇ ਪਛਾਨਣ ਲਈ ਪ੍ਰਯੋਗ ਵਿਚ ਲਿਆਉਂਦੇ ਹਾਂ ਤਾਂ ਅਸੀਂ ਇਕ ਪ੍ਰਕਾਰ ਦੇ ਰਚਨਾਵੀ-ਭੂ-ਵਿਗਿਆਨ ਦਾ ਸੰਦਰਭ ਪ੍ਰਸਤੁਤ ਕਰਦੇ ਹਾਂ। ਇਉਂ ਕਰਨ ਵਿਚ ਸਾਡਾ ਪ੍ਰਯੋਜਨ ਅਧਿਐਨ ਦਾ ਵਿਸ਼ੈ ਬਣਨ ਵਾਲੀ ਰਚਨਾ ਦੇ ਉਪਰਲੇ ਸਥਲ ਉਤੇ ਵਿਚਰਦੀ ਸਤੱਈ ਸਾਮਗਰੀ ਦੀ ਪਿਠ-ਭੂਮੀ ਵਿਚ ਵਿਚਰਦੀਆਂ ਤੈਹਾਂ ਦਾ ਵਿਸ਼ਲੇਸ਼ਣ ਕਰਨਾ ਬਣ ਜਾਂਦਾ ਹੈ। ਪਰ ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਰਚਨਾ ਨੂੰ ਇਕ ਬਹੁ-ਤਹੀ ਬਣਤਰ ਵਜੋਂ ਗ੍ਰਹਿਣ ਕੀਤਾ ਜਾ ਸਕਦਾ ਹੈ ? ਉੱਤਰ ਤਾਂ ਹਾਂ ਵਿਚ ਹੀ ਹੋਵੇਗਾ ਪਰ ਇਸ ਗੱਲ ਨੂੰ ਸਪਸ਼ਟ ਕਰਨ ਲਈ ਸਾਨੂੰ ਮਾਨਵੀ-ਸੰਸਕ੍ਰਿਤੀ ਵਿਚ ਕੰਮ ਕਰਦੇ ਕਾਲ ਦੇ ਸੰਕਲਪ ਦੀ ਸੰਖੇਪ ਵਿਆਖਿਆ ਕਰਨੀ ਪਵੇਗੀ। ਕਾਲ ਮਾਨਵ-ਜੀਵਨ ਦੇ ਸੰਦਰਭ ਵਿਚ ਦੋ ਧਰਾਤਲਾਂ ਉਪਰ ਵਿਚਰਦਾ ਹੈ। ਪਹਿਲਾ ਧਰਾਤਲ ਕਾਲ ਦੀ ਨਿਰੰਤਰ ਗਤੀ ਦਾ ਪ੍ਰਵਾਹ ਹੈ। ਕਾਲ ਵੇਗ ਹਰ ਵਸਤ ਨੂੰ ਆਪਣੀ ਧਾਰਾ ਵਿਚ ਲਪੇਟਦਾ ਉਸਨੂੰ

Digitized by Panjab Digital Library | www.panjabdigilib.org

ਕਈ ਪਰਿਵਰਤਨਾਂ ਵਿਚੋਂ ਲੰਘਾਉਂਦਾ, ਅੰਤ ਆਪਣੇ ਵਿਚ ਸਮੇਟ ਲੈਂਦਾ ਹੈ। ਕਾਲ ਦੀ ਇਸ ਗਤੀ ਨੂੰ ਪ੍ਰਾਕ੍ਰਿਤਿਕ ਤਥਾ ਭੌਤਿਕ ਅਰਥਾਂ ਵਿਚ ਉਲੰਘਣਾ ਤਾਂ ਸੰਭਵ ਨਹੀਂ ਪਰ ਪਰਾਭੌਤਿਕੀ ਪੱਧਰਾਂ ਉਤੇ ਮਨੁਖ ਨੇ ਇਸ ਤੋਂ ਮੁਕਤ ਹੋ ਕੇ ਵਿਚਰਨ ਦੀਆਂ ਕਈ ਜੁਗਤਾਂ ਬਣਾ ਲਈਆਂ ਹਨ । ਕਾਲ ਦੀ ਨਿਰੰਤਰ ਗਤੀ ਨੂੰ ਆਪਣੀ ਅਨੁਭੂਤੀ ਤੇ ਦ੍ਰਿਸ਼ਟੀ ਦਾ ਆਧਾਰ ਬਣਾਉਂਦਿਆਂ ਮਨੁਖ ਨੇ ਇਤਿਹਾਸ ਬਣਾਇਆ ਹੈ। ਇਤਿਹਾਸ ਮਾਨਵੀ ਯਥਾਰਥ ਨੂੰ ਕਾਲ ਦੇ ਪਰਿਵਰਤਨਸ਼ੀਲ ਸੁਭਾ ਦੀ ਦ੍ਰਿਸ਼ਟੀ ਤੋਂ ਵਾਚਣ ਦਾ ਨਾਮ ਹੈ । ਇਤਿਹਾਸ ਦੇ ਅਰਥਾਂ ਵਿਚ ਰੂਪਾਂਤ੍ਰਿਤ ਕਾਲ-ਦ੍ਰਿਸ਼ਟੀ ਮਾਨਵ-ਯਥਾਰਥ ਨੂੰ ਕਾਲ-ਖੰਡਾਂ ਵਿਚ ਤੋੜ ਕੇ ਭੂਤ, ਵਰਤਮਾਨ ਤੇ ਭਵਿੱਖ ਦੇ ਸੰਜਮ ਵਿਚ ਬੰਨ੍ਹਦੀ ਹੈ। ਇਹ ਮਾਨਵੀ ਯਥਾਰਥ ਨੂੰ ਕਾਲ ਵਿਚ ਵਿਯੁਕਤ ਕਰ ਕੇ ਵੇਖਣ ਵਾਲੀ ਵਿਧੀ ਹੈ ।

ਇਸ ਤੋਂ ਉਪਰੰਤ ਕਾਲ ਦਾ ਦੂਜਾ ਧਰਾਤਲ ਸਮਕਾਲੀਨਤਾ ਹੈ। ਇਸ ਵਿਧੀ ਦੁਆਰਾ ਮਾਨਵੀ ਯਥਾਰਥ ਕਾਲ-ਖੰਡਾਂ ਤੋਂ ਉਚੇਰਾ ਉਠ ਕੇ ਆਪਣੇ ਇਤਿਹਾਸ ਨੂੰ ਸਮਕਾਲੀਨਤਾ ਦੀ ਪੱਧਰ ਉਤੇ ਪੇਸ਼ ਕਰਦਾ ਹੈ। ਉਪਰਲੀ ਤਹਿ ਵਿਚ ਉਘੜਨ ਵਾਲਾ ਦ੍ਰਿਸ਼ ਸਥਾਨ ਵਿਚ ਫੈਲਿਆ ਹੁੰਦਾ ਹੈ ਤੇ ਇਸ ਦੀਆਂ ਕਾਲਗਤ ਡੂੰਘਾਈਆਂ ਇਸ ਤਹਿ ਦੀ ਪਿਠ-ਭੂਮੀ ਵਿਚ ਸਮਾ ਜਾਂਦੀਆਂ ਹਨ ਤੇ ਇਉਂ ਪ੍ਰਸਤੁਤ ਦ੍ਰਿਸ਼ ਕਈ ਤੈਹਾਂ ਨੂੰ ਇਕ ਨੁਕਤੇ ਤੇ ਟਿਕਾ ਦੇਂਦਾ ਹੈ। ਇਉਂ ਰਚਨਾ ਕਾਲ ਨੂੰ ਤਰ ਕੇ ਅਕਾਲੀ ਸਮਕਾਲੀਨਤਾ ਵਿਚ ਪੇਸ਼ ਹੋ ਜਾਂਦੀ ਹੈ। ਦ੍ਰਿਸ਼ਟਮਾਨ ਪੱਧਰ ਤੇ ਉਘੜਨ ਵਾਲਾ ਦ੍ਰਿਸ਼ ਅਨੇਕ ਪ੍ਰਕਾਰ ਦੀਆਂ ਵਿਰੋਧੀ ਵਸਤਾਂ ਨੂੰ ਪੇਸ਼ ਕਰਦਾ ਹੈ। ਪਰ ਇਸ ਸਾਮਗਰੀ ਦੇ ਸੂਤਰ ਨੂੰ ਇਸਦੇ ਅਦ੍ਰਿਸ਼ਟ ਵਿਚੋਂ ਲੱਭ ਲੈਣ ਨਾਲ ਦ੍ਰਿਸ਼ਟਮਾਨ ਵਿਰੋਧਤਾ ਇਕ ਸੰਜਮਵਤ ਪ੍ਰਬੰਧ ਦੇ ਅਰਥਾਂ ਵਿਚ ਸਾਕਾਰ ਹੋ ਜਾਂਦੀ ਹੈ। ਆਧੁਨਿਕ ਜੁਗ ਵਿਚ ਇਹ ਗੱਲ ਸੰਰਚਨਾਵਾਦੀ ਭਾਸ਼ਾ ਵਿਗਿਆਨ ਤੇ ਸੰਰਚਨਾਵਾਦੀ ਮਾਨਵ ਵਿਗਿਆਨ ਮਿਲ ਕੇ ਸਮਝਾਉਂਦੇ ਹਨ। ਇਹਨਾਂ ਵਿਚਾਰ-ਸੰਜਮਾਂ ਦਾ ਮਤ ਹੈ ਕਿ ਸਾਰਥਕ ਭਾਸ਼ਾ-ਉਕਤੀ ਆਪਣੇ ਅੰਤਮ ਅਰਥਾਂ ਵਿਚ ਸਮਕਾਲਕ ਹੈ। ਇਸਦੀ ਤਿੰਨ-ਕਾਲਿਕ ਸੰਦਰਭਾਂ ਵਿਚ ਇਤਿਹਾਸਮੂਲਕ ਵਿਆਖਿਆ ਇਸਦੇ ਅਰਥਾਂ ਨੂੰ ਨਸ਼ਟ ਕਰ ਦੇਂਦੀ ਹੈ ਤੇ ਇਸੀ ਤਰ੍ਹਾਂ ਮਾਨਵ-ਵਿਗਿਆਨੀ ਇਹ ਕਹਿੰਦੇ ਹਨ ਕਿ ਭਾਸ਼ਾਈ ਸੰਜਮ ਨੂੰ ਮਾਨਵੀ ਜਗਤ ਵਿਚ ਕੇਂਦਰੀ ਦਰਜਾ ਦੇਂਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਭਾਸ਼ਾਈ ਮਾਡਲ ਨੂੰ ਸਾਹਮਣੇ ਰੱਖ ਕੇ ਹਰ ਵਿਚਾਰ ਸੰਜਮ ਦੀ ਵਿਆਖਿਆ ਕਰਨ ਨਾਲ ਰਚਨਾ ਮੂਲ-ਮੂਲਕ ਤੇ ਦਾਰਸ਼ਨਿਕ ਆਧਾਰਾਂ ਤੋਂ ਮੁਕਤ ਹੋ ਜਾਂਦੀ ਹੈ ਤੇ ਇਹ ਆਪਣੇ ਆਪ ਵਿਚ ਇਕ ਚਿਹਨ-ਸੰਜਮ ਵਜੋਂ ਸਾਮ੍ਹਣੇ ਆਉਂਦੀ ਹੈ। ਚਿਹਨ-ਸੰਜਮ ਵਿਚ ਚਿਹਨ-ਪ੍ਰਯੋਗ ਤੇ ਚਿਹਨਾਰਥ ਵਿਚਕਾਰ ਇਕ ਤਣਾਉ ਵਿਚਰਦਾ ਹੈ। ਜਦੋਂ ਵੀ ਕੋਈ ਸ੍ਰਿਜਨਹਾਰ ਆਪਣੀ ਰਚਨਾ ਦਾ ਸ੍ਰਿਜਨ ਕਰਦਾ ਹੈ ਤਾਂ ਉਹ ਚਿਹਨ-ਪ੍ਰਯੋਗ ਕਰਦਾ ਹੈ ਆਪਣੇ ਸੰਦੇਸ਼ ਨੂੰ ਭਾਸ਼ਾਬਧ ਕਰਨ ਲਈ। ਇਸ ਭਾਸ਼ਾਬਧ ਸੰਦੇਸ਼ ਨੂੰ ਗ੍ਰਹਿਣ ਕਰਨ ਵਾਲਾ ਜਦੋਂ ਕਿਸੇ ਪ੍ਰਣਾਲੀਬਧ ਜਾਂ ਸਾਰਥਕ ਕਿਰਿਆ ਪ੍ਰਕਿਰਿਆ ਰਾਹੀਂ ਇਸ ਨੂੰ ਗ੍ਰਹਿਣ ਕਰਦਾ ਹੈ ਤਾਂ ਉਹ ਵੀ ਪ੍ਰਯੁਕਤ ਚਿਹਨ-ਸੰਜਮ ਨੂੰ ਵਖਰੇ ਚਿਹਨ-ਸੰਜਮ ਵਿਚ ਉਤਾਰ ਲੈਂਦਾ ਹੈ। ਇਉਂ ਸਾਰੀ ਕਿਰਿਆ ਪ੍ਰਕਿਰਿਆ ਚਿਹਨ-ਪ੍ਰਯੋਗ, ਤੇ ਸਾਰਥਕਤਾ ਸ੍ਰਿਜਨ ਦੇ ਤਣਾਉ ਦੀ ਬਣ ਜਾਂਦੀ ਹੈ। ਇਸ ਪੱਧਰ ਤੇ ਹੋਣ ਵਾਲਾ ਵਿਸ਼ਲੇਸ਼ਣ ਪ੍ਰਤੀਕ ਪਾਸਾਰ ਵਿਚ ਵਿਚਰਦਾ ਹੈ, ਭੌਤਿਕ ਪਾਸਾਰ ਵਿਚ ਨਹੀਂ। ਇਸ ਲਈ ਸ਼ਬਦਾਰਥ ਦੀ ਸਮਸਿਆ ਇਸ ਗਿਆਨ-ਸ਼ਾਸਤ੍ਰੀ ਵਿਧੀ ਵਿਚ ਲਗਭਗ ਖ਼ਤਮ ਹੋ ਜਾਂਦੀ ਹੈ। ਪ੍ਰਤੀਕ ਪਾਸਾਰ ਸ਼ਬਦਾਂ ਵਾਂਗ ਵਸਤਾਂ, ਕਿਰਿਆਵਾਂ ਤੇ ਵਿਅਕਤੀਆਂ ਨੂੰ ਵੀ ਚਿਹਨ ਵਾਂਗ ਵਰਤਦਾ ਹੈ। ਅਤੇ ਚਿਹਨ-ਪ੍ਰਯੋਗ ਰਾਹੀਂ ਨਿਆਇ-ਯੁਕਤ ਤੇ ਪ੍ਰਣਾਲੀਬਧ ਰਚਨਾ ਕਰਦਾ ਹੈ। ਗੱਲ ਭੌਤਿਕ ਪੱਧਰ ਨੂੰ ਨਸ਼ਟ ਕਰਨ ਦੀ ਨਹੀਂ, ਮਾਨਵੀ ਪ੍ਰਗਤੀ ਨੂੰ ਨਿਆਇ ਦੀ ਪੱਧਰ ਉਪਰ ਪਛਾਣਨ ਤੇ ਚੇਤੰਨ ਹੋ ਕੇ ਤੋਰਨ ਦੀ ਹੈ। ਇਸ ਦ੍ਰਿਸ਼ਟੀ ਤੋਂ ਸਾਰੇ ਮਨੁਖੀ ਸਮਾਜ ਤੇ ਸਮੁਚੀ ਮਨੁਖੀ ਕਿਰਿਆ ਪ੍ਰਕਿਰਿਆ ਨੂੰ ਚਿਹਨ-ਪ੍ਰਣਾਲੀ ਦੇ ਅਰਥਾਂ ਵਿਚ ਗ੍ਰਹਿਣ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਮਨੁਖ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਆਧਾਰ ਤਰਕ-ਯੁਕਤ ਸੰਜਮ ਹੈ। ਇਹ ਤਰਕ ਪ੍ਰਾਪਤੀ ਮਨੁਖ ਨੂੰ ਭੂ-ਮੂਲਕ ਤੇ ਪਰਪੰਚ ਵਾਸਤਵਿਕਤਾ ਤੋਂ ਨਿਖੇੜਦੀ ਤੇ ਰਚਨ-ਮੂਲਕ ਪ੍ਰਣਾਲੀ ਦੇ ਰਾਹ ਉਪਰ ਪਾਉਂਦੀ ਹੈ। ਪ੍ਰਕ੍ਰਿਤੀ ਨੂੰ ਸੰਸਕ੍ਰਿਤੀ ਵਿਚ ਉਤਾਰਨ ਦੀ ਪ੍ਰਕਿਰਿਆ ਦਾ ਭੇਦ ਇਸੇ ਵਿਚ ਹੈ । ਇਥੋਂ ਤੀਕ ਕਿ ਮਨੁਖ ਆਪਣੀਆਂ ਅਤਿਅੰਤ ਵਿਹਾਰਕ ਕਿਰਿਆਵਾਂ ਵਿਚ ਵੀ ਤਰਕਯੁਕਤ ਪ੍ਰਣਾਲੀ ਨਾਲ ਬਝਿਆ ਹੁੰਦਾ ਹੈ । ਕੁਟੰਬ-ਭੋਗ-ਵਰਜਨ ਮਾਨਵ-ਸਮਾਜ ਵਿਚ ਬਹੁਤ ਵਿਆਪਕ ਪ੍ਰਵਿਰਤੀ ਹੈ ਪਰ ਇਹ ਪ੍ਰਵਿਰਤੀ ਭੋਗ-ਵਿਲਾਸ ਨੂੰ ਸਰੀਰਕ ਪੱਧਰ ਉਪਰ ਗ੍ਰਹਿਣ ਕਰਨ ਨਾਲੋਂ ਬਹੁਤ ਵਖਰੀ ਹੈ। ਇਹ ਪ੍ਰਵਿਰਤੀ ਪਾਸ਼ਵਿਕ ਕਾਮ ਭੋਗ ਨੂੰ ਵਿਆਹ-ਮਰਯਾਦਾ ਦੀ ਪ੍ਰਣਾਲੀ ਵਿਚ ਢਾਲਣ ਵਾਲੀ ਮਧਿਅਸਥਤਾ ਹੈ। ਇਹੋ ਜਿਹੀਆਂ ਕਈ ਮਧਿਅਸਥ ਵਿਧੀਆਂ ਤੇ ਜੁਗਤਾਂ ਹਨ ਜੋ ਪ੍ਰਕ੍ਰਿਤੀ ਨੂੰ ਸੰਸਕ੍ਰਿਤੀ ਵਿਚ ਰੂਪਾਂਤ੍ਰਿਤ ਕਰਦੀਆਂ ਹਨ। ਰਿੱਨ੍ਹਣ ਪਕਾਉਣ ਦੀ ਵਿਧੀ ਨੂੰ ਕੌਣ ਨਹੀਂ ਜਾਣਦਾ। ਇਹ ਵਿਧੀ ਵੀ ਮਾਨਵੀ ਜਗਤ ਦੀ ਜੁਗਤ-ਮੂਲਕ ਬਿਰਤੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਇਹ ਕੱਚੀ ਰਸਦ ਤੇ ਬੁਸ ਚੁਕੇ ਭੋਜਨ ਦੇ ਵਿਚਕਾਰ ਵਿਚਰਨ ਵਾਲੀ ਜੁਗਤ ਹੈ । ਕੱਚੀ ਰਸਦ ਤੇ ਸਾਮਗਰੀ ਸਬਜ਼ੀ, ਮਾਸ ਆਦਿ ਮਾਨਵੀ ਭੋਜਨ ਦਾ ਅੰਗ ਬਣਨ ਤੋਂ ਪਹਿਲਾਂ ਇਕ ਪ੍ਰਕਿਰਿਆ ਵਿਚੋਂ ਲੰਘਦੇ ਹਨ। ਇਸੀ ਤਰ੍ਹਾਂ ਸ਼ਬਦ ਹੈ ਜੋ ਸ਼ੋਰੋਗੁਲ ਤੇ ਖ਼ਾਮੋਸ਼ੀ ਦੇ ਵਿਚਕਾਰ ਵਿਚਰਨ ਵਾਲੀ ਮਧਿਅਸਥ ਜੁਗਤ ਹੈ। ਇਹ ਸਾਰੀਆਂ ਜੁਗਤਾਂ ਤੇ ਵਿਧੀਆਂ ਜੋ ਮਾਨਵ ਦੀ ਰਚਨਾ-ਬੁੱਧ ਜਾ ਤਰਕ ਜੁਗਤ ਨੂੰ ਨਿਰੂਪਣ ਕਰਦੀਆਂ ਹਨ, ਰੂਪਾਂਤਰਣ ਪ੍ਰਕਿਰਿਆ ਵਿਚੋਂ

Digitized by Panjab Digital Library | www.panjabdigilib.org

ਲੰਘਦੀਆਂ ਹਨ। ਰੂਪਾਂਤਰਣ ਤੋਂ ਬਿਨਾਂ ਮਾਨਵੀ ਯਥਾਰਥ ਦੀ ਪ੍ਰਾਪਤੀ ਸੰਭਵ ਨਹੀਂ। ਇਸੇ ਰੂਪਾਂਤਰਣ ਪ੍ਰਕਿਰਿਆ ਨੂੰ ਸਾਮ੍ਹਣੇ ਰਖਦਿਆਂ ਅੱਜ ਦਾ ਪ੍ਰਸਿਧ ਸੰਰਚਨਾਵਾਦੀ ਲੇਵੀ-ਸਟ੍ਰਾਸ, ਦਰਸ਼ਨ ਵਿਗਿਆਨੀਆਂ, ਕ੍ਰਿਆਵਾਦੀਆਂ ਤੇ ਪਰਪੰਚਵਾਦੀਆਂ ਨੂੰ ਕਹਿੰਦਾ ਹੈ ਕਿ ਤਤਕਾਲੀ ਅਨੁਭਵ ਤੇ ਯਥਾਰਥ-ਗਿਆਨ ਵਿਚਕਾਰ ਨਿਰੰਤਰ ਰਿਸ਼ਤਾ ਮੰਨ ਕੇ ਤੁਰਨ ਨਾਲ ਗਿਆਨ ਪ੍ਰਾਪਤੀ ਸੰਭਵ ਨਹੀਂ। ਯਥਾਰਥ ਤੇ ਪੁੱਜਣ ਲਈ ਤਤਕਾਲੀ-ਅਨੁਭਵ ਦੀ ਸਰੀਰਕ ਹੋਂਦ ਨੂੰ ਨਸ਼ਟ ਕਰਨਾ ਜ਼ਰੂਰੀ ਹੈ, ਇਸ ਤੋਂ ਮਗਰੋਂ ਹੀ ਯਥਾਰਥ-ਬੋਧ ਸੰਭਵ ਹੈ। ਰੂਪਾਂਤਰਣ-ਪ੍ਰਕਿਰਿਆ ਦਾ ਅਰਥ ਵੀ ਇਹੀ ਹੈ ਕਿ ਉਹ ਵਸਤੂ-ਮੂਲਕ ਸਥਿਤੀ ਨੂੰ ਚਿਹਨ ਦੇ ਰੂਪ ਵਿਚ ਵਰਤ ਕੇ ਉਸ ਨੂੰ ਉਸ ਦੇ ਸਰੀਰਕ ਤੇ ਭੌਤਕ ਅਸਤਿਤਵ ਤੋਂ ਨਿਜਾਤ ਦੁਆ ਦਿੰਦੀ ਹੈ।

ਫ਼ਰੀਦ-ਬਾਣੀ ਵਿਚ ਇਸੇ ਗੱਲ ਨੂੰ ਮੌਤ ਦੇ ਨਾਮ ਨਾਲ ਪੇਸ਼ ਕੀਤਾ ਗਿਆ ਹੈ। ਫ਼ਰੀਦ-ਬਾਣੀ ਵਿਚ ਮੌਤ ਤੇ ਇਸਦੇ ਭਿਅੰਕਰ ਕਾਰਜ ਦੇ ਕਈ ਦ੍ਰਿਸ਼ ਤੇ ਬਿੰਬ ਪੇਸ਼ ਕੀਤੇ ਗਏ ਹਨ। ਪਰ ਸਾਡੀ ਅਧਿਐਨ ਵਿਧੀ ਇਸ ਬਾਰੇ ਭਲੀ ਭਾਂਤ ਸਪਸ਼ਟ ਹੈ ਕਿ ਫ਼ਰੀਦ-ਬਾਣੀ ਇਕ ਅਤਿਅੰਤ ਸੰਜਮਪੂਰਤ ਤੇ ਪ੍ਰਣਾਲੀਬਧ ਰਚਨਾ ਹੈ। ਇਸ ਪਾਸਾਰ ਵਿਚ ਮੌਤ ਨੂੰ ਕੇਵਲ ਇਕ ਦੁਰਘਟਨਾ ਦੇ ਵਾਪਰਨ ਵਜੋਂ ਗ੍ਰਹਿਣ ਕਰਨਾ ਫ਼ਰੀਦ-ਬਾਣੀ ਦੀ ਮਹੱਤਤਾ ਨੂੰ ਰੋਲ ਘਚੋਲੇ ਵਿਚ ਗੁਆਣਾ ਹੈ। ਇਥੇ ਮੌਤ ਇਕ ਚਿਹਨ ਜੁਗਤ ਵਾਂਗ ਪ੍ਰਯੁਕਤ ਹੈ। ਇਸ ਨੂੰ ਵੀ ਇਕ ਮਧਿਅਸਥ ਜੁਗਤ ਜਾਂ ਮਾਨਵੀ ਸੰਸਕ੍ਰਿਤੀ ਨੂੰ ਪ੍ਰਕ੍ਰਿਤੀ ਤੋਂ ਨਿਖੇੜਨ ਵਾਲੀ ਜੁਗਤ ਕਿਹਾ ਜਾ ਸਕਦਾ ਹੈ। ਫ਼ਰੀਦ-ਬਾਣੀ ਬਾਰ ਬਾਰ ਮਨੁਖ ਦੀ ਮਰਣ-ਮੁਖ ਯਾਤਰਾ ਨੂੰ ਸਪੱਸ਼ਟ ਕਰਦੀ, ਇਸ ਨੂੰ ਇਸ ਤੋਂ ਖ਼ਬਰਦਾਰ ਕਰਦੀ ਹੈ। ਜਿਉਂ ਜਿਉਂ ਮਨੁਖ ਆਪਣੀ ਛਿਨ-ਭੰਗਰ ਜ਼ਿੰਦਗੀ ਤੇ ਨਾਸ਼ਮਾਨਤਾ ਬਾਰੇ ਬੇਦਾਰ ਹੁੰਦਾ ਹੈ ਤਿਉਂ ਤਿਉਂ ਉਸ ਵਿਚ ਸਾਂਸਕ੍ਰਿਤਿਕ ਮਰਯਾਦਾ ਤੇ ਆਚਾਰਵੰਤ ਪ੍ਰਣਾਲੀਆਂ ਵਿਚ ਆਪਣੇ ਆਪ ਨੂੰ ਬੰਨ੍ਹਣ ਦੀ ਅਕਾਂਖਿਆ ਤੀਬਰ ਹੁੰਦੀ ਜਾਂਦੀ ਹੈ। ਫ਼ਰੀਦ-ਬਾਣੀ ਵਿਚ ਤਾਂ ਇਹ ਸਮਸਿਆ ਕੇਂਦਰੀ ਹੈ। ਆਚਾਰ ਤੇ ਅਨਾਚਾਰ ਦੇ ਪਰਸਪਰ ਵਿਰੋਧ ਨੂੰ ਉਘਾੜਨ ਤੇ ਮਨੁਖ ਨੂੰ ਆਪਣੀ ਛਿਨਭੰਗਰੀ ਜ਼ਿੰਦਗੀ ਦਾ ਇਲਾਜ ਆਚਾਰਵੰਤ ਅਰਥ ਪ੍ਰਣਾਲੀਆਂ ਵਿਚ ਲਭਣ ਦੀ ਪ੍ਰੇਰਨਾ, ਇਸ ਬਾਣੀ ਦੀ ਮੂਲ ਧੁਨ ਹੈ। ਅਨਾਚਾਰੀ ਸ਼ਕਤੀਆਂ ਬਾਰ ਬਾਰ ਮਨੁਖ ਨੂੰ ਘੜਮਸ ਵਿਚ ਲਪੇਟਦੀਆਂ ਹਨ ਤੇ ਆਚਾਰਵੰਤ ਆਦਰਸ਼ ਬਾਰ ਬਾਰ ਉਸ ਨੂੰ ਆਪਣੇ ਮਾਨਵੀ ਸੰਤੁਲਨ ਵਿਚ ਖੜ੍ਹਾ ਹੋਣ ਲਈ ਤਿਆਰ ਕਰਦਾ ਹੈ।

ਮੌਤ ਤੋਂ ਬਿਨਾਂ ਫ਼ਰੀਦ-ਬਾਣੀ ਵਿਚ ਸਾਕ-ਪ੍ਰਣਾਲੀ ਤੇ ਵਿਆਹ-ਮਰਯਾਦਾ ਦੀਆਂ ਚਿਹਨ-ਜੁਗਤਾਂ ਵੀ ਪ੍ਰਯੋਗ ਵਿਚ ਲਿਆਂਦੀਆਂ ਗਈਆਂ ਹਨ ਪਰ ਇਹਨਾਂ ਸਾਰੀਆਂ ਜੁਗਤਾਂ ਦੇ ਅੰਤਰਗਤ ਵਿਚਰਦੀ ਰੂਪਕੀ ਵਿਧੀ ਹੈ ਜੋ ਭਾਸ਼ਾ, ਵਿਆਹ, ਆਚਾਰ, ਮੌਤ ਆਦਿ ਸਾਰਿਆਂ ਸੰਜਮਾਂ ਨੂੰ ਇਕ ਦੂਜੇ ਵਿਚੋਂ ਗੁਜ਼ਾਰ ਕੇ ਇਕ ਭਾਸ਼ਾਬਧ ਸੰਦੇਸ਼ ਨੂੰ ਰੂਪਮਾਨ ਕਰਨ ਦਾ ਮੌਕਾ ਦਿੰਦੀ ਹੈ। ਇਉਂ ਸੰਦੇਸ਼-ਸੰਚਰਣ ਵਿਚ ਇਹ ਸਾਰੀਆਂ ਵਿਧੀਆਂ ਆਪਣੀ ਆਹੂਤੀ ਪਾਉਂਦੀਆਂ ਹਨ। ਇਸੇ ਲਈ ਇਹ ਕਿਹਾ ਗਿਆ ਹੈ ਰੂਪਕ ਤੇ ਰੂਪਾਂਤਰਣ ਪ੍ਰਕਿਰਿਆ ਦਾ ਅੰਤਮ ਅਰਥ ਮੌਤ ਹੀ ਹੈ।

ਅਸੀਂ ਗੱਲ ਤਾਂ ਫ਼ਰੀਦ-ਬਾਣੀ ਦੀ ਰਚਨਾ-ਜੁਗਤ ਦੀ ਤੋਰੀ ਸੀ। ਇਸ ਦੇ ਸੰਬੰਧ ਵਿਚ ਇਸ ਸੰਖੇਪ ਜਿਹੇ ਲੇਖ ਦੇ ਅੰਤ ਉਪਰ ਬੇਨਤੀ ਹੈ ਕਿ ਰਚਨਾ-ਜੁਗਤ ਨੂੰ ਪਛਾਣਨ ਦਾ ਸੰਬੰਧ ਮੂਲ ਰਚਨਾ ਦੇ ਅੰਤਰਗਤ ਵਿਚਰਦੇ ਅਚੇਤ ਨੇਮ ਵਿਧਾਨ ਨੂੰ ਆਪਣੀ ਪਕੜ ਵਿਚ ਲੈਣਾ ਤੇ ਉਸ ਨੂੰ ਆਪਣੇ ਵਿਧਾਨ ਵਿਚ ਢਾਲ ਕੇ ਇਕ ਵਖਰੀ ਪ੍ਰਣਾਲੀ ਵਿਚ ਉਤਾਰਨ ਨਾਲ ਹੈ। ਫ਼ਰੀਦ-ਬਾਣੀ ਦੀ ਤਰਕਯੁਕਤ ਸੰਜਮਪੂਰਤ ਵਿਸ਼ੇਸ਼ਤਾ ਨੂੰ ਅਸੀਂ ਉਪਰ ਭਾਸ਼ਾ, ਸਾਕਦਾਰੀ ਪ੍ਰਣਾਲੀ, ਇਸਤ੍ਰੀ, ਮੌਤ ਇਤਿਆਦਿ ਹੋਰ ਚਿਹਨ-ਜੁਗਤਾਂ ਦੇ ਇਕ ਦੂਜੇ ਨਾਲ ਜੁੜਨ-ਮਿਲਣ ਦੀ ਪ੍ਰਕਿਰਿਆ ਵਿਚ ਵੇਖਿਆ ਹੈ ਪਰ ਲੇਖਕ ਇਸ ਸਭ ਕੁਝ ਨੂੰ ਕਿਸੇ ਸੰਜਮਪੂਰਤ ਸੰਵਾਦ ਵਿਚ ਢਾਲ ਸਕਿਆ ਹੈ ਇਸ ਦਾ ਨਿਰਨਾ ਪਾਠਕਾਂ ਦੇ ਹੱਥ ਹੈ।

Digitized by Panjab Digital Library | www.panjabdigilib.org

ਸੁਖਪਾਲਵੀਰ ਸਿੰਘ ਹਸਰਤ

ਬਾਬਾ ਫਰੀਦ ਦੀ ਕਵਿਤਾ ਵਿਚ ਸੁਹਜ ਦਾ ਪੱਖ

ਉੱਤਮ ਕਵਿਤਾ ਵਿਚ ਇਕ ਤਰ੍ਹਾਂ ਦਾ ਸੁਹਜ ਤਾਂ ਅਚੇਤ ਭਾਂਤ ਸਮਾਇਆ ਹੀ ਹੁੰਦਾ ਹੈ ਪਰ ਇਹ ਸੁਚੇਤ ਭਾਂਤ ਲਿਖੀ ਗਈ ਸੁਹਜਵਾਦੀ ਕਵਿਤਾ ਨਹੀਂ ਹੁੰਦੀ। ਸ੍ਰੇਸ਼ਟ ਕਵਿਤਾ ਵਿਚ ਸੁਹਜ ਦਾ ਬਸ ਵਿਰਲਾ ਜੇਹਾ ਛੱਟਾ ਹੀ ਦਿਤਾ ਗਿਆ ਹੁੰਦਾ ਹੈ, ਭਰਵਾਂ ਬੀਜ ਵਿਚਾਰਾਂ ਦਾ ਹੀ ਬੀਜਿਆ ਜਾਂਦਾ ਹੈ ਅਤੇ ਉਹੀ ਕਵਿਤਾ ਜੋ ਵਿਚਾਰਸ਼ੀਲ ਵੀ ਹੈ, ਅਸਲ ਕਵਿਤਾ ਹੁੰਦੀ ਹੈ। ਕੋਈ ਸ੍ਰੇਸ਼ਟ ਪ੍ਰਤਿਭਾ ਦਾ ਸੋਮਾ ਹੀ ਮਹਾਨ ਕਾਵਿ ਉਪਜਾ ਸਕਦਾ ਹੈ, ਸਾਧਾਰਨ ਬੁੱਧੀ ਵਾਲੇ ਪੁਰਸ਼ ਦਾ ਇਹ ਕਰਮ ਨਹੀਂ।

ਪੰਜਾਬੀ ਦੇ ਸਾਰੇ ਮਹਾਨ ਕਵੀਆਂ ਦੀ ਰਚਨਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਸੁਹਜ ਤਾਂ ਵਿਆਪਕ ਸੀ ਪਰ ਉਹ ਸੁਹਜਵਾਦੀ ਕਵੀ ਨਹੀਂ ਸਨ। ਜੀਵਨਮਈ ਸੁਹਜ ਨਾਲ ਭਰਪੂਰ ਕਵਿਤਾ ਨਿਸਚੇ ਹੀ ਉੱਤਮ ਕਵਿਤਾ ਹੁੰਦੀ ਹੈ। ਪੰਜਾਬੀ ਕਾਵਿ ਦੇ ਇਤਿਹਾਸ ਵਿਚ ਅਜੇਹੀ ਰਚਨਾ ਬਾਬਾ ਫ਼ਰੀਦ ਦੀ ਹੈ।

ਬਾਬਾ ਫ਼ਰੀਦ ਦੀ ਕਵਿਤਾ ਗੂੜ੍ਹੀ ਨਿਰਾਸ਼ਾ, ਭਰਵੇਂ ਸੁਹਜ ਅਤੇ ਉਭਰਦੇ ਸਾਹਸ ਵਾਲੀ ਰਚਨਾ ਹੈ। ਇਸ ਦੇ ਦੂਸਰੇ ਦੋ ਵਿਸ਼ੇਸ਼ ਲੱਛਣਾਂ ਨੂੰ ਇਕ ਪਾਸੇ ਰੱਖ ਕੇ ਵਿਚਾਰਦੇ ਹੋਏ ਏਥੇ ਕੇਵਲ ਫ਼ਰੀਦ ਦੀ ਕਵਿਤਾ ਵਿਚਲੇ ਸੁਜੀਵ ਸੁਹਜ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

ਫ਼ਰੀਦ ਦੀ ਕਵਿਤਾ ਵਿਚ ਸੁਹਜ ਕਈ ਪ੍ਰਕਾਰ ਨਾਲ ਨਰੂਪਤ ਹੋਇਆ ਹੈ। ਸ਼ੈਲੀ ਅਤੇ ਭਾਸ਼ਾ ਦਾ ਸੁਹਜ, ਭਾਵਾਂ ਦੀ ਕੋਮਲਤਾ ਦਾ ਸੁਹਜ, ਬੁੱਧੀ ਦੀ ਸੂਖਮਤਾ ਦਾ ਸੁਹਜ ਅਤੇ ਸਭ ਤੋਂ ਵੱਧ ਜ਼ਿੰਦਗੀ ਦੇ ਜੀਉਂਦੇ ਹੁਸਨ ਦਾ ਸੁਹਜ ਇਸ ਵਿਚ ਵਿਦਮਾਨ ਹਨ।

ਇਸ ਅਣਮਿਣਵੇਂ ਸੁਹਜ ਕਾਰਨ ਕਈ ਵੇਰ ਪੰਜਾਬੀ ਦੇ ਕਈ ਕਹੇ ਜਾਂਦੇ ਪ੍ਰਮੁੱਖ ਆਲੋਚਕ ਵੀ ਇਸ ਕਵਿਤਾ ਦੀ ਯੋਗ ਮਹਾਨਤਾ ਨੂੰ ਸਮਝਣ ਵਿਚ ਭੁਲੇਖਾ ਖਾ ਜਾਂਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਪ੍ਰਸੰਗ ਵਿਚ ਪੈਦਾ ਹੋ ਚੁੱਕੇ ਜਾਂ ਪੈਦਾ ਕੀਤੇ ਜਾ ਰਹੇ ਭੁਲੇਖਿਆਂ ਨੂੰ ਦੂਰ ਕੀਤਾ ਜਾਵੇ।

ਪਹਿਲੀ ਗ਼ਲਤੀ ਜੋ ਕਈ ਆਲੋਚਕ ਇਸ ਸੁਹਜ ਨੂੰ ਮਾਣਨ ਵਿਚ ਕਰਦੇ ਹਨ ਉਹ ਹੈ ਉਹਨਾਂ ਦਾ ਇਸ ਕਵਿਤਾ ਨੂੰ ਗੀਤਾਤਮਕ ਸਮਝਣਾ। ਹਰ ਗੀਤ ਇਕ ਸੁਹਜ ਭਰਪੂਰ ਅਤੇ ਹਲਕੀ ਫੁਲਕੀ ਰਚਨਾ ਹੁੰਦੀ ਹੈ। ਪਰ ਸੁਜੀਵ ਸੁਹਜ ਵਾਲੀ ਕਵਿਤਾ ਗੀਤ ਨਹੀਂ ਹੁੰਦੀ। ਕੋਈ ਮਹਾਨ ਕਵੀ ਆਪਣੇ ਮਹਾਨ ਵਿਚਾਰਾਂ ਦਾ ਪ੍ਰਗਟਾ ਕਰਦਾ ਹੋਇਆ ਅਜੇਹੇ ਸੁਹਜ ਦਾ ਸੰਚਾਰ ਕਰ ਜਾਂਦਾ ਹੈ। ਇਹ ਉਸਦੇ ਆਪਣੇ ਅੰਦਰਲੇ ਦੀ ਕੋਮਲਤਾ ਅਤੇ ਉੱਚਤਾ ਕਾਰਨ ਹੁੰਦਾ ਹੈ। ਡੂੰਘੀ ਨੀਝ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਫ਼ਰੀਦ ਦੀ ਕਵਿਤਾ ਕਿਤੇ ਵੀ ਭਾਵਾਂ ਦਾ ਪ੍ਰਸਾਰ ਨਹੀਂ ਲੈਂਦੀ, ਇਹ ਬੁੱਧੀ-ਪ੍ਰਸਾਰ ਦੇਂਦੀ ਹੈ। ਇਸ ਕਵੀ ਦੀ ਕਾਵਿ-ਰਚਨਾ ਵਿਚ ਇਕਸੁਰਤਾ, ਬੰਧੇਜ, ਦ੍ਰਿਸ਼ਟੀਕੋਣ ਦੀ ਏਕਤਾ, ਦ੍ਰਿਸ਼ਟੀ ਦੀ ਸਮਤਾ ਅਤੇ ਭਾਵਾਂ ਦੀ ਨਿਯਮਬੱਧਤਾ ਕਈ ਵੇਰ ਭੁਲੇਖਾ ਪਾਉਂਦੀ ਹੈ ਕਿ ਇਹਨਾਂ ਸਾਰੇ ਸ਼ਲੋਕਾਂ ਵਿਚ ਇਕੋ ਹੀ ਵਿਚਾਰ ਨੂੰ ਸੁਹਜ ਵਿਚ ਡਬੋ ਕੇ ਵੱਖ ਵੱਖ ਤਰ੍ਹਾਂ ਪੇਸ਼ ਕੀਤਾ ਹੋਇਆ ਹੈ। ਪਰ ਇਹ ਇਕ ਵਾਧੂ ਛਲਾਵਾ ਹੀ ਹੈ। ਅਸਲ ਵਿਚ ਫ਼ਰੀਦ ਦੀ ਸਮੁੱਚੀ ਕਵਿਤਾ ਵਿਚ ਬੇਅੰਤ ਵਿਚਾਰ ਸਮਰੂਪਤਾ ਨਾਲ ਅਭਿਵਿਅਕਤ ਹੋਏ ਹਨ। ਫ਼ਰੀਦ ਦਾ ਸੁਹਜ ਜਿਥੇ ਤੀਖਣ, ਲੁਭਾਉਣਾ, ਭਾਵ ਜਗਾਊ ਅਤੇ ਦਿਲ ਹਿਲਾਊ ਹੈ, ਉਥੇ ਵਿਚਾਰ ਪ੍ਰਵਾਹ ਦਾ ਇਕ ਮਹਾਨ ਸੋਮਾ ਵੀ ਹੈ। ਮਿਸਾਲ ਵਜੋਂ ਹੇਠ ਲਿਖੀਆਂ ਪੰਕਤੀਆਂ ਪੇਸ਼ ਹਨ :

੧. ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ।
ਗਹਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥
੨. ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ।
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥
੩. ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।
ਫਰੀਦਾ ਕਿਤੀ ਜੋਬਨ ਪ੍ਰੀਤ ਬਿਨੁ ਸੁਕਿ ਗਏ ਕੁਮਲਾਇ॥

ਉਪਰਲੀਆਂ ਤੁਕਾਂ ਵਿਚ ਨਾ ਹੀ ਰੂਪ ਵਿਧਾਨ ਦੀ ਸੁੰਦਰਤਾ ਦੀ ਕੋਈ ਤੋਟ ਹੈ ਅਤੇ ਨਾ ਹੀ ਭਾਵਾਂ ਦੇ ਸੂਖਮ, ਸੁਜੀਵ, ਹਕੀਕੀ ਅਤੇ

Digitized by Panjab Digital Library | www.panjabdigilib.org

ਧੁਰ ਅੰਦਰ ਤਕ ਲਹਿ ਜਾਣ ਵਾਲੇ ਹੁਸਨ ਦੀ ਕੋਈ ਕਮੀ ਹੈ ਅਤੇ ਇਸ ਤੋਂ ਇਲਾਵਾ ਖੂਬੀ ਇਹ ਹੈ ਕਿ ਹਰ ਸ਼ਲੋਕ ਇਕ ਬੱਝਵੇਂ ਅਤੇ ਭਰਵੇਂ ਵਿਚਾਰ ਦਾ ਸੰਚਾਲਕ ਹੈ । ਫ਼ਰੀਦ ਦੀ ਕਵਿਤਾ ਵਿਚਲਾ ਇਹੀ ਗੁਣ ਉਸ ਨੂੰ ਸਰਵ ਸਮਿਆਂ ਦੇ ਉੱਚਤਮ ਕਵੀਆਂ ਵਿਚ ਖਲ੍ਹਾਰਦਾ ਹੈ । ਆਧੁਨਿਕ ਕਵਿਤਾ ਤੋਂ ਵੀ ਸਾਡੀ ਇਹੀ ਮੰਗ ਹੈ ਕਿ ਬੌਧਿਕਤਾ ਅਤੇ ਭਾਵੁਕਤਾ ਦਾ ਇਸ ਵਿਚ ਸੁਮੇਲ ਹੋਵੇ । ਇਸ ਪ੍ਰਮਾਣ ਅਨੁਸਾਰ ਫ਼ਰੀਦ ਦੀ ਕਵਿਤਾ, ਅਤਿ ਉੱਤਮ ਟੀਚਿਆਂ ਨੂੰ ਛੋਂਹਦੀ ਹੈ ।

ਫ਼ਰੀਦ ਦੀ ਰਚਨਾ ਵਿਚ ਮਨੁੱਖੀ ਹੁਸਨ ਦੇ ਬਿਆਨ ਤੋਂ ਉਪਰੰਤ ਕੁਝ ਅਦ੍ਰਿਸ਼ਟ ਹੁਸਨ ਦੇ ਝਲਕਾਰੇ ਵੀ ਹਨ ਅਤੇ ਜਿਥੇ ਉਹ ਦੁਨਿਆਵੀ ਹੁਸਨ ਨੂੰ ਬਿਆਨਦਾ ਹੋਇਆ ਅਸਲੀਅਤ ਦੇ ਨਕਸ਼ ਤਰਾਸ਼ਦਾ ਹੈ, ਉਥੇ 'ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ' ਜੇਹੀਆਂ ਉਕਤੀਆਂ ਲਿਖ ਕੇ ਭਾਵਵਾਚਕ ਸੁਰਤੀ ਦੇ ਲਖਸ਼ ਉਘਾੜਦਾ ਹੈ । ਆਪਣੇ ਅੰਦਰਲੀ ਇਸ ਅਸਲੀਅਤ ਨੂੰ ਉਹ ਕੁਝ ਇਸ ਤਰ੍ਹਾਂ ਯਾਦ ਕਰਦਾ ਹੈ :

੧. ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ।
ਸਭੇ ਵਸਤੂ ਮਿਠੀਆਂ ਰਬ ਨਾ ਪੁਜਿਨ ਤੁਧੁ ॥
੨. ਫਰੀਦਾ ਰਬ ਖਜੂਰੀ ਪਕੀਆਂ ਮਾਖਿਆ ਨਈ ਵਹੰਨਿ ।
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ।

ਇਸ ਤੋਂ ਇਲਾਵਾ ਫ਼ਰੀਦ ਦੇ ਚਿੰਤਨ ਦੀ ਸੁੰਦਰਤਾ ਦਾ ਇਕ ਹੋਰ ਵਾਹਣ ਵੀ ਹੈ ਅਤੇ ਉਹ ਹੈ ਜੀਵਨ ਦੀ ਨਾਸ਼ਮਾਨਤਾ ਨੂੰ ਹਕੀਕੀ ਰੰਗ ਵਿਚ ਬਿਆਨ ਕੇ ਅਸਲੀਅਤ ਦੀ ਰੂਹ ਨੂੰ ਸੁਹਣੇਰਾ ਬਣਾਉਣਾ । ਇਸ ਕਰਮ ਵਿਚ ਉਹ ਕੂੜ ਪਸਾਰੇ ਨੂੰ ਹੇਚ ਸਮਝਦਾ ਹੈ ਅਤੇ ਮੰਡਪ ਮਾੜੀਆਂ ਉਸਨੂੰ ਇਕ ਰਾਖ ਦਾ ਢੇਰ ਦਿਸਣ ਲਗਦੀਆਂ ਹਨ :

ਫਰੀਦਾ ਕੋਠੇ ਮੰਡਪ ਮਾੜੀਆ ਉਸਾਰਦੇ ਭੀ ਗਏ ।
ਕੂੜਾ ਸਉਦਾ ਕਰ ਗਏ ਗੋਰੀ ਆਇ ਪਏ ॥

ਫ਼ਰੀਦ ਦਾ ਸਮਾਂ ਰਾਜਾਵਾਦੀ ਨਿਜ਼ਾਮ ਦਾ ਸੀ । ਲੋਕਾਂ ਨੂੰ ਗ਼ੁਲਾਮ ਬਣਾਇਆ ਜਾਂਦਾ ਸੀ । ਇਨਸਾਨੀ ਸੁੰਦਰਤਾ ਦੀ ਮੰਡੀਆਂ ਵਿਚ ਨੀਲਾਮੀ ਹੁੰਦੀ ਸੀ ਅਤੇ ਔਰਤਾਂ ਦਾ ਮੁੱਲ ਉਹਨਾਂ ਦੇ ਜਿਸਮਾਨੀ ਹੁਸਨ ਅਨੁਸਾਰ ਤਾਰਿਆ ਜਾਂਦਾ ਸੀ । ਹਿੰਦੁਸਤਾਨ ਉਪਰ ਨਵਾਂ ਨਵਾਂ ਮੁਸਲਮਾਨਾਂ ਦਾ ਹਮਲਾ ਹੋਇਆ ਸੀ ਅਤੇ ਹਰ ਪਾਸੇ ਅਸਥਿਰਤਾ ਸੀ । ਸੋਮਨਾਥ ਦਾ ਮੰਦਰ ਤੋੜ ਦਿਤਾ ਗਿਆ ਸੀ । ਹਿੰਦੁਸਤਾਨ ਦਾ ਕਾਫ਼ੀ ਹਿੱਸਾ ਇਸਲਾਮੀ ਹਕੂਮਤ ਹੇਠ ਚਲਾ ਗਿਆ ਸੀ ਅਤੇ ਜੇਤੂ ਹੁਕਮਰਾਨਾਂ ਨੇ ਹਾਰੇ ਹੋਏ ਗ਼ੁਲਾਮ ਮੁਲਕ ਦੀਆਂ ਬੇਅੰਤ ਇਸਤ੍ਰੀਆਂ ਆਪਣੇ ਘਰੀਂ ਵਸਾ ਲਈਆਂ ਸਨ । ਗ਼ਜ਼ਨੀ ਤੋਂ ਹਮਲੇ ਅਕਸਰ ਹੁੰਦੇ ਹੀ ਰਹਿੰਦੇ ਸਨ, ਜਿਸ ਕਾਰਨ ਪੰਜਾਬ ਦੀ ਜੀਵਨ-ਤੋਰ ਬੁਰੀ ਤਰ੍ਹਾਂ ਥਿੜ੍ਹਕ ਗਈ ਸੀ । ਇਸ ਥਿੜ੍ਹਕਨ ਦਾ ਪ੍ਰਭਾਵ ਫ਼ਰੀਦ ਦੀ ਕਵਿਤਾ ਵਿਚ ਕੁਝ ਇਸ ਭਾਂਤ ਪ੍ਰਗਟ ਹੋਇਆ ਹੈ :

੧. ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸਿ ।
ਧਿ੍ਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ ॥
੨. ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ ।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ॥
੩. ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ।
ਜਾਇ ਪੁਛਹੁ ਡੁਹਾਗਣੀ ਤੁਮ ਕਿਉ ਰੈਣ ਵਹਾਇ ॥

ਫ਼ਰੀਦ ਨੂੰ ਭਾਵੇਂ ਕਿਸੇ ਹਦ ਤਕ ਸੂਫ਼ੀ ਕਹਿ ਹੀ ਲਿਆ ਜਾਏ, ਪਰ ਸਭ ਤੋਂ ਪਹਿਲਾਂ ਉਹ ਇਸਲਾਮ ਦਾ ਇਕ ਮਹਾਨ ਪ੍ਰਚਾਰਕ ਸੀ । ਪ੍ਰੇਮ, ਮਿਠਤ ਅਤੇ ਸਹਿਨਸ਼ੀਲਤਾ ਉਸ ਦੀ ਸ਼ਖ਼ਸੀਅਤ ਵਿਚ ਘੁਲਮਿਲ ਗਏ ਹੋਏ ਸਨ ਅਤੇ ਸੁਹਿਰਦਤਾ ਦਾ ਉਹ ਇਕ ਵਹਿੰਦਾ ਦਰਿਆ ਸੀ । ਇਸਲਾਮ ਦਾ ਪ੍ਰਚਾਰਕ ਹੋਣ ਦੇ ਬਾਵਜੂਦ ਵੀ ਉਸ ਦੇ ਹਿੰਦੂਆਂ ਨਾਲ ਸਨੇਹ ਵਿਚ ਕੋਈ ਫ਼ਰਕ ਨਹੀਂ ਸੀ । ਇਹ ਉਸ ਦੇ ਡੂੰਘੇ ਪ੍ਰੇਮ ਸਦਕਾ ਹੀ ਸੀ ਕਿ ਹਿੰਦੂਆਂ ਦੀ ਇਕ ਭਾਰੀ ਗਿਣਤੀ ਉਸ ਦੁਆਰਾ ਆਪਣੇ ਆਪ ਇਸਲਾਮ ਵਿਚ ਦਾਖ਼ਲ ਹੋਈ । ਫ਼ਰੀਦ ਦੇ ਇਸ ਕਰਮ ਨੇ ਵੀ ਉਸਦੀ ਕਵਿਤਾ ਨੂੰ ਇਕ ਨਵੇਕਲੀ ਸ਼ਕਤੀ ਵਾਲਾ ਸੁਹਜ ਬਖ਼ਸ਼ਿਆ ਹੈ । ਏਸੇ ਚੇਤੰਨਤਾ ਅਧੀਨ ਉਸ ਨੇ ਹੇਠ ਲਿਖੀਆਂ ਪੰਕਤੀਆਂ ਲਿਖੀਆਂ ਹਨ । ਬੇਸ਼ੱਕ ਇਸ ਚੇਤੰਨਤਾ ਵਿਚ ਇਕ ਵੰਗਾਰ, ਹਲੂਣਾ ਅਤੇ ਚੇਤਾਵਨੀ ਵੀ ਹੈ, ਫਿਰ ਵੀ ਇਸ ਵਿਚ ਛੁਪੇ ਸਨੇਹ ਦੀ ਸੁੰਦਰਤਾ ਅਪਾਰ ਹੈ :

ਫਰੀਦਾ ਜੇ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

Digitized by Panjab Digital Library | www.panjabdigilib.org

ਫ਼ਰੀਦ ਦੀ ਕਵਿਤਾ ਵਿਚ ਸੁੰਦਰਤਾ ਦੀ ਸਿਖਰ ਉਥੇ ਹੈ ਜਿਥੇ ਮੌਤ ਦਾ ਸਾਇਆ ਜੀਵਨ ਦੀ ਅਸਲੀਅਤ ਉਪਰ ਖੰਭ ਫਟਕਦਾ ਹੈ। ਜੀਵਨ-ਦਰਿਆ ਦਾ ਕਿਨਾਰਾ ਢਹਿ ਰਿਹਾ ਹੈ, ਮਨੁੱਖ ਰੂਪੀ ਬ੍ਰਿਛ ਇਸ ਉਪਰ ਖਲੋਤਾ ਹੈ। ਜਿਸ ਭਾਂਡੇ ਵਿਚ ਸਾਹਾਂ ਦਾ ਪਾਣੀ ਪਿਆ ਹੈ ਉਹ ਕੱਚਾ ਹੈ। ਇਹ ਭਾਂਡਾ ਖੁਰ ਜਾਏਗਾ ਅਤੇ ਉਹ ਰੁਖੜਾ ਡਿੱਗ ਪਵੇਗਾ। ਤੇ ਫਿਰ ਕੀ ਹੋਵੇਗਾ ? ਕੀ ਇਸ ਤੋਂ ਸੁਹਣਾ ਫਿਰ ਕਦੀ ਕੋਈ ਲਿਖੇਗਾ :

੧. ਫਰੀਦਾ ਮਹਲ ਨਿਖਸਣ ਰਹਿ ਗਏ ਵਾਸਾ ਆਇਆ ਤਲਿ।
ਗੋਰਾਂ ਸੇ ਨਿਮਾਣੀਆ ਬਹਿਸਣ ਰੂਹਾਂ ਮਲਿ।
ਆਖੀਂ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ।
੨. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਹਾਹਾ॥
੩. ਫਰੀਦਾ ਦਰਿਆਵੈ ਕੰਨੈ ਬਗਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥

ਇਨ੍ਹਾਂ ਉਪਰਲੀਆਂ ਪੰਕਤੀਆਂ ਦੀ ਸੁੰਦਰਤਾ ਇਤਨੀ ਵਧੀਕ ਹੈ ਕਿ ਇਨ੍ਹਾਂ ਦਾ ਰੂਪਕ ਸੁਹਜ ਤੇ ਬੌਧਿਕ-ਹਕੀਕਤਾਂ ਸਦੀਵ ਕਾਲ ਲਈ ਅਮਰ ਹਨ।

ਬਾਬਾ ਫ਼ਰੀਦ ਪੰਜਾਬ ਦੇ ਹੁਣ ਤਕ ਹੋਏ ਕੁਝ ਇਕ ਪ੍ਰਮੁੱਖ ਵਿਅਕਤੀਆਂ ਵਿਚੋਂ ਇਕ ਸੀ। ਉਸ ਦੇ ਮਹਾਨ ਵਿਅਕਤੀਤਵ ਕਾਰਨ ਉਸਦਾ ਅਨੁਭਵ ਵਿਸ਼ਾਲ, ਨਰੋਆ ਅਤੇ ਅਰਥਕਾਰੀ ਸੀ। ਉਸ ਦੀ ਬੋਲੀ ਦੀ ਮਿਠਾਸ ਤੇ ਸ਼ਕਤੀ ਉਸਦੇ ਅਨੁਭਵ ਦੀ ਦੇਣ ਹਨ। ਨਿਰਸੰਦੇਹ ਫ਼ਰੀਦ ਦੇ ਨਿਜੀ ਅਨੁਭਵ ਨੇ ਉਸ ਤੋਂ ਅਜਿਹੀ ਹੁਸੀਨ ਕਵਿਤਾ ਲਿਖਵਾਈ, ਪਰੰਤੂ ਉਸ ਦਾ ਸੰਦੇਸ਼ ਨਿਜੀ ਤੋਂ ਅਨਿਜੀ ਹੁੰਦਾ ਹੋਇਆ ਸਰਵਵਿਆਪਕ ਅਤੇ ਸਰਵਕਲਿਆਨੀ ਸੀ।

ਕਿਹਾ ਜਾ ਸਕਦਾ ਹੈ ਕਿ ਫ਼ਰੀਦ ਦੀ ਕਵਿਤਾ ਦੀ ਮਿੱਠਤ ਦੇ ਕਾਰਨ ਉਸਦੀ ਰਚਨਾ ਵਿਚਲੀ ਉਦਾਸੀ, ਤਰਸ, ਡਰ, ਹਮਦਰਦੀ, ਭਾਵਾਂ ਦੀ ਡੂੰਘਾਈ ਅਤੇ ਤੀਖਣ ਬੌਧਿਕਤਾ ਆਦਿ ਹਨ। ਫ਼ਰੀਦ ਆਪਣੇ ਸਮੇਂ ਦੀ ਅਵਸਥਾ ਨੂੰ ਪੂਰੀ ਤਰ੍ਹਾਂ ਮਹਿਸੂਸਦਾ ਜ਼ਰੂਰ ਹੈ ਪਰੰਤੂ ਉਸ ਦਾ ਪ੍ਰਤੀਕਰਮ ਗੁਰੂ ਨਾਨਕ ਦੇਵ ਜੀ ਵਾਂਗ ਦਲੇਰੀ ਭਰਿਆ ਇਕ ਪਾਸੜ ਨਹੀਂ। ਉਹ ਉਪਰਲੀਆਂ ਸ਼ਰੇਣੀਆਂ ਦੇ ਖ਼ਿਲਾਫ਼ ਵਿਦਰੋਹ ਦੀ ਜਵਾਲਾ ਆਪਣੇ ਅੰਦਰ ਪ੍ਰਚੰਡ ਤਾਂ ਕਰਦਾ ਹੈ ਪਰ ਹੇਠਲੀਆਂ ਮਜ਼ਲੂਮ ਸ਼ਰੇਣੀਆਂ ਨੂੰ ਉਹਨਾਂ ਦੇ ਉਲਟ ਭੜਕਾਉਂਦਾ ਨਹੀਂ। ਸਹਿਨਸ਼ੀਲਤਾ ਤੇ ਰਜ਼ਾ ਫ਼ਰੀਦ ਦੇ ਮੁੱਖ ਸੰਦੇਸ਼ ਹਨ। ਏਸੇ ਸੰਦੇਸ਼ ਸਦਕਾ ਫ਼ਰੀਦ ਸਰਵ-ਸ਼ਰੇਣੀਆਂ ਨੂੰ ਇਕੋ ਜਿਹਾ ਸੁਹਜ ਪ੍ਰਦਾਨ ਕਰਨ ਵਾਲਾ ਕਵੀ ਹੈ।

ਇਸ ਤਰ੍ਹਾਂ ਫ਼ਰੀਦ ਦੀ ਕਵਿਤਾ ਵਿਚਲੇ ਸੁਜੀਵ-ਸੁਹਜ ਦੀ ਮਹਾਨਤਾ ਬਹੁਪੱਖੀ ਸਿੱਧ ਹੁੰਦੀ ਹੈ। ਇਸ ਰਾਹੀਂ ਉਸ ਦੀ ਰਚਨਾ ਵਿਚਲੀ ਨਿਰਾਸ਼ਾ ਦਾ ਡੰਗ ਮਰਦਾ ਹੈ। ਬੋਲੀ, ਸ਼ੈਲੀ, ਅਲੰਕਾਰ, ਭਾਵ-ਚਿਤਰ ਅਤੇ ਬੌਧਿਕ ਸੰਕੇਤ ਇਸ ਰਚਨਾ ਨੂੰ ਅਜਬ ਛਬੀ ਪ੍ਰਦਾਨ ਕਰਦੇ ਹਨ। ਇਹੀ ਕਾਰਨ ਹੈ ਕਿ ਸਦੀਆਂ ਗੁਜ਼ਰ ਗਈਆਂ ਹਨ, ਅਜੇ ਤਕ ਅਸੀਂ ਇਸ ਰਚਨਾ ਦੇ ਸ਼ਕਤੀਸ਼ਾਲੀ ਸੁਹਜ ਨੂੰ ਇਕਸਾਰ ਤੀਬਰਤਾ ਨਾਲ ਮਾਣਦੇ ਹਾਂ।

Digitized by Panjab Digital Library | www.panjabdigilib.org

ਪਿਆਰ ਸਿੰਘ

ਫਰੀਦੀ ਸੰਪ੍ਰਦਾਇ ਦੀ ਦਿਗਵਿਜੈ

ਮਧਕਾਲੀਨ ਭਾਰਤ ਵਿਚ ਫ਼ਰੀਦ ਤੇ ਉਸ ਦੀ ਨਾਦੀ ਸੰਤਾਨ ਨੇ ਭਾਰਤ ਦੇ ਧਾਰਮਿਕ ਖੇਤਰ ਵਿਚ ਜੋ ਦਿਗਵਿਜੈ ਪ੍ਰਾਪਤ ਕੀਤੀ, ਉਸ ਦੀ ਮਿਸਾਲ ਦੁਨੀਆ ਭਰ ਦੇ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਇਹ ਲੋਕ ਭਾਰਤ ਦੇ ਧਾਰਮਿਕ ਖੇਤਰ ਉਪਰ ਬੋਹੜ ਵਾਂਗ ਛਾਏ ਰਹੇ ਤੇ ਇਨ੍ਹਾਂ ਦਾ ਸਿੱਕਾ ਨ ਕੇਵਲ ਉਸ ਸਮੇਂ ਦੇ ਲੋਕਾਂ ਨੇ, ਸਗੋਂ ਉਸ ਸਮੇਂ ਦੀ ਹਕੂਮਤ ਨੇ ਵੀ ਮੰਨਿਆ। ਇਹ ਸਭ ਕੁਝ ਫ਼ਰੀਦ ਜੀ ਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੇ ਉੱਚੇ ਸ਼ਖਸੀ ਜੀਵਨ, ਮਾਨਵ-ਹਿਤੈਸ਼ੀ ਕੀਮਤਾਂ, ਉਦਾਰ ਧਾਰਮਿਕ ਵਿਚਾਰਾਂ ਅਤੇ ਸੁਚੱਜੀ ਜਥੇਬੰਦੀ ਕਾਰਣ ਹੋ ਸਕਿਆ।

ਜਦੋਂ ਅਸੀਂ ਸ਼ੇਖ ਫ਼ਰੀਦ ਅਤੇ ਇਸ ਸੰਪ੍ਰਦਾਇ ਦੇ ਹੋਰਨਾਂ ਗੱਦੀ-ਨਿਸ਼ੀਨਾਂ ਦੇ ਜੀਵਨ ਅਤੇ ਕਰਤੱਵ ਉਪਰ ਝਾਤੀ ਪਾਉਂਦੇ ਹਾਂ ਤਾਂ ਅਸੀਂ ਉਨ੍ਹਾਂ ਸਾਰਿਆਂ ਨੂੰ ਉਪਰਲੇ ਗੁਣਾਂ ਦਾ ਪੁੰਜ ਵੇਖਦੇ ਹਾਂ। ਸ਼ੇਖ ਫ਼ਰੀਦ ਆਪ ਉੱਚ ਕੋਟੀ ਦੇ ਵਿਦਵਾਨ, ਇਸਲਾਮੀ ਧਰਮ-ਸ਼ਾਸਤ੍ਰ ਦੇ ਗਿਆਤਾ, ਜ਼ਮਾਨੇ ਦੇ ਚੱਕਰਾਂ ਵਿਚੋਂ ਲੰਘੇ ਹੋਏ ਵਿਵਹਾਰਿਕ ਕਥਨੀ ਤੇ ਕਰਨੀ ਵਾਲੇ ਰਾਹਬਰ ਸਨ। ਸ਼ਖਸੀ ਜੀਵਨ ਆਪ ਦਾ ਬੜਾ ਸੁੱਚਾ, ਸੰਜਮ ਭਰਿਆ, ਦ੍ਰਿੜ੍ਹ ਤੇ ਸ੍ਵਮਾਨਤਾ ਵਾਲਾ ਸੀ। ਸੁਭਾ ਕਰਕੇ ਆਪ ਬੜੇ ਮਿੱਠੇ, ਨਿਮਰਤਾ ਦੇ ਪੁੰਜ ਤੇ ਖਿੱਚ ਪਾਣ ਵਾਲੇ ਵਿਅਕਤੀ ਸਨ। "ਗੰਜਸ਼ਕਰ" ਦੀ ਉਪਾਧਿ ਉਨ੍ਹਾਂ ਦੇ ਨਾਂ ਨਾਲ ਉਨ੍ਹਾਂ ਦੇ ਮਿੱਠੇ ਸੁਭਾ, ਨਿਘੇ ਵਰਤਾਰੇ ਅਤੇ ਮਧੁਰ ਬੋਲਾਂ ਕਰਕੇ ਜੁੜੀ ਲਗਦੀ ਹੈ ਜਿਨ੍ਹਾਂ ਬੋਲਾਂ ਦਾ ਕਿ ਇਕ ਸਨਮਾਨਯੋਗ ਭੰਡਾਰ ਗੁਰੂ ਗ੍ਰੰਥ ਸਾਹਿਬ ਦੁਆਰਾ ਸਾਡੇ ਤਕ ਪਹੁੰਚਿਆ ਹੈ। ਇਹ ਬੋਲ[1] ਉਨ੍ਹਾਂ ਉੱਚ ਅਖਲਾਕੀ ਕਦਰਾਂ-ਕੀਮਤਾਂ ਦਾ ਪਤਾ ਦੇਂਦੇ ਹਨ, ਜਿਹੜੀਆਂ ਉਨ੍ਹਾਂ ਆਪਣੀ ਜ਼ਿੰਦਗੀ ਵਿਚ ਵਸਾਈਆਂ ਹੋਈਆਂ ਸਨ :

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਨੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਿਤਾੜੀਅਹਿ ॥
ਤਾਂ ਸਾਂਈ ਦੇ ਦਰਿ ਵਾੜੀਅਹਿ ॥੧੬॥

ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥੭॥

ਫਰੀਦਾ ਲੋੜੈ ਦਾਖ ਬਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥

ਉਪਰੋਕਤ ਕਾਵਿਕ ਬੋਲਾਂ ਤੋਂ ਬਿਨਾਂ ਉਨ੍ਹਾਂ ਦੇ ਇੱਕੇ ਦੁੱਕੇ ਬਚਨ, ਜੋ ਅਡ ਅਡ ਮਨਫ਼ੂਜ਼ਾਤ ਵਿਚ ਅੰਕਿਤ ਮਿਲਦੇ ਹਨ, ਉਨ੍ਹਾਂ ਦੀ ਉੱਚ ਮਾਨਵੀ ਸ਼ਖਸੀਅਤ ਦੀ ਟੋਹ ਦੇਂਦੇ ਹਨ। ਇਨ੍ਹਾਂ ਬਚਨਾਂ[2] ਵਿਚ ਜ਼ਿੰਦਗੀ ਨੂੰ ਰੋਸ਼ਨ ਕਰਨ ਵਾਲੀਆਂ ਅਦਭੁਤ ਸਚਾਈਆਂ ਬੰਦ ਹਨ :

---

੧. ਇਨ੍ਹਾਂ ਬੋਲਾਂ ਲਈ ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ (ਕ੍ਰਮ ਵਾਰ) ੧੩੮੪, ੧੩੭੮, ੧੩੭੯ ਅਤੇ ੧੩੮੦।

੨. ਅਗੇ ਦਿੱਤੇ ੧ ਤੋਂ ੧੦ ਤਕ ਦੇ ਬਚਨ ਹਸਨ ਨਿਜ਼ਾਮੀ ਦੇਹਲਵੀ ਦੇ ਲਿਖੇ ਬਾਬਾ ਫ਼ਰੀਦ ਜੀ ਦੇ ਜੀਵਨ-ਸਮਾਚਾਰਾਂ ਵਿਚੋਂ ਲਏ ਗਏ ਹਨ। ਦੇਖੋ : 'ਮੁਸ਼ਾਹੀਰੇ ਇਸਲਾਮ' (ਸੰਪ: ਮੁਹੰਮਦ ਉੱਦੀਨ), ਸੂਫ਼ੀ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, ਪਿੰਡੀ ਬਹਾਉੱਦੀਨ, (ਮਿਤੀਹੀਣ), ਪੰਨਾ ੬ ਅਤੇ ੭।

Digitized by Panjab Digital Library | www.panjabdigilib.org

੧. "ਲੋਕਾਂ ਦੀਆਂ ਸਰਦ ਯਖ ਗੱਲਾਂ ਸੁਣ ਕੇ ਆਪਣੇ ਯਤਨਾਂ ਦੀ ਅੱਗ ਨੂੰ ਠੰਢਾ ਨ ਕਰ ।"
੨. "ਨਿਰਾਸ਼ਾ ਦੀ ਘੜੀ ਮਰਦਾਂ ਲਈ ਮਿਅਰਾਜ (ਆਤਮਿਕ ਉੱਨਤੀ) ਦੀ ਰਾਤ ਹੈ ।"
੩. "ਅਣਖਹੀਨ ਜੀਵਨ ਤੇਰੀ ਕਮਜ਼ੋਰੀ ਦੀ ਨਿਸ਼ਾਨੀ ਹੈ ।"
੪. "ਜੇਹੋ ਜੇਹਾ ਹੈ, ਉਹੋ ਜੇਹਾ ਹੀ ਲੋਕਾਂ ਨੂੰ ਵਿਖਾ, ਨਹੀਂ ਤਾਂ ਇਕ ਦਿਨ ਕਲੱਈ ਆਪਣੇ ਆਪ ਖੁਲ੍ਹ ਜਾਏਗੀ ।"
੫. "ਹਰ ਕਿਸੇ ਦੀ ਰੋਟੀ ਨ ਖਾ, ਸਗੋਂ ਹਰੇਕ ਨੂੰ ਆਪਣੀ ਰੋਟੀ ਖੁਆ ।"
੬. "ਗੁਨਾਹ ਤੇ ਮਾਣ ਨ ਕਰ ।"
੭. "ਸਰੀਰ ਦੀ ਟੀਪਾ ਟਾਪੀ ਪਿੱਛੇ ਨ ਪਉ ।"
੮. "ਆਪਣੇ ਵੈਰੀਆਂ ਨੂੰ ਵੀ ਪ੍ਰਸੰਨ ਰਖ ।"
੯. "ਅਜੇਹਾ ਉਪਰਾਲਾ ਕਰ ਕਿ ਮਰਨ ਤੋਂ ਪਹਿਲਾਂ ਜ਼ਿੰਦਾ ਹੋ ਜਾਏਂ ।"
੧੦. "ਜਿਹੜਾ ਚਿੜੀਆਂ ਨੂੰ ਚੋਗਾ ਪਾਂਦਾ ਹੈ, ਉਹ ਆਪਣੇ ਦਾਮ ਵਿਚ ਇਕ ਦਿਨ ਹੁਮਾ ਨੂੰ ਵੀ ਫਸਿਆ ਦੇਖ ਲੈਂਦਾ ਹੈ ।" (ਅਰਥਾਤ ਛੋਟੇ ਛੋਟੇ ਕੰਮਾਂ ਤੋਂ ਵੱਡੇ ਵੱਡੇ ਕੰਮਾਂ ਦੇ ਕੀਤੇ ਜਾਣ ਦੀ ਸੰਭਾਵਨਾ ਪੈਦਾ ਹੁੰਦੀ ਹੈ) ।

ਆਪਣੇ ਸਹ-ਧਰਮੀ ਸੂਫੀਆਂ ਲਈ ਉਨ੍ਹਾਂ ਦਾ ਫਿਰਮਾਨ[3] ਹੈ :

(ੳ) "ਸੂਫੀ ਉਹ ਹੈ ਜਿਸ ਤੋਂ ਹਰੇਕ ਚੀਜ਼ ਸਿਫ਼ਾ (ਪਾਕੀਜ਼ਗੀ) ਹਾਸਲ ਕਰ ਲਵੇ ।"

(ਅ) "ਦਰਵੇਸ਼ੀ ਪਰਦਾ-ਪੋਸ਼ੀ ਹੈ ।...ਇਸ ਲਈ ਦਰਵੇਸ਼ ਨੂੰ ਚਾਹੀਦਾ ਹੈ ਕਿ ਆਪਣੀਆਂ ਅੱਖਾਂ ਮੁੰਦ ਲਵੇ...ਕੰਨ ਬੋਲੇ ਕਰ ਲਵੇ...ਜ਼ਬਾਨ ਗੁੰਗੀ ਬਣਾ ਲਵੇ...ਤੇ ਪੈਰ ਤੋੜ ਬਹੇ, ਤਾਂ ਜੋ ਗ਼ਲਤ ਥਾਂ ਤੇ ਜਾਣ ਦਾ ਮੌਕਾ ਨ ਬਣੇ ।"

(ੲ) "ਫ਼ਕੀਰ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਅਤੇ ਇਸ ਦੀਆਂ ਵਸਤਾਂ—ਏਥੋਂ ਤਕ ਕਿ ਆਪਣੀ ਜ਼ਾਤ ਤੋਂ ਵੀ ਬੇਗਾਨਾ ਹੋ ਜਾਵੇ ।"

(ਸ) "ਜਿਹੜਾ ਕੋਈ ਖੁਦਾ ਦੀ ਚਾਹ ਵਿਚ ਕੰਮ ਕਰਦਾ ਹੈ, ਖੁਦਾ ਉਸ ਦਾ ਵੀ ਕੰਮ ਬਣਾ ਦੇਂਦਾ ਹੈ ।

ਇਹ ਵਚਨ ਕੇਵਲ ਵੰਨਗੀ ਮਾਤ੍ਰ ਹਨ । ਇਸ ਤਰ੍ਹਾਂ ਦੇ ਹੋਰ ਅਨੇਕਾਂ ਬਚਨ ਉਨ੍ਹਾਂ ਦੇ ਮਨਫ਼ੂਜ਼ਾਤ ਵਿਚੋਂ ਮਿਲ ਸਕਦੇ ਹਨ । ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ, ਜਿਸ ਵਿਚੋਂ ਕੁਝ ਵੰਨਗੀ ਉਪਰ ਦਿੱਤੀ ਜਾ ਚੁਕੀ ਹੈ, ਇਸ ਤੋਂ ਵਖਰੀ ਹੈ । ਖ਼ੈਰ, ਇਹ ਬਚਨ ਫਰੀਦ ਜੀ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਨ ਲਈ ਕਾਫ਼ੀ ਹਨ । ਇਹ ਆਚਰਣ ਦੀ ਉੱਚਤਾ ਹੀ ਸੀ ਜਿਹੜੀ ਉਨ੍ਹਾਂ ਨੂੰ 'ਪਰਾਏ ਬਾਰ ਬੈਸਣ' ਤੋਂ ਬੇ-ਨਿਆਜ਼, ਵਕਤ ਦੇ ਹਾਕਿਮਾਂ ਤੋਂ ਨਿਰਭੈ ਤੇ ਰੱਬ ਦਾ ਅਨੰਨ ਵਿਸ਼ਵਾਸੀ ਬਣਾਉਂਦੀ ਸੀ । ਇਸ ਆਤਮਿਕ ਉੱਚਤਾ ਕਾਰਣ ਹੀ ਉਹ ਗਿਆਸ-ਉੱਦੀਨ ਬਲਬਨ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਕਿਸੇ ਦੀ ਸਿਫਾਰਿਸ਼ ਕਰਦਿਆਂ ਲਿਖ ਸਕੇ :

"ਜਿਸ ਦੀ ਸਿਫ਼ਾਰਿਸ਼ ਲਈ ਇਹ ਸਤਰਾਂ ਲਿਖ ਰਿਹਾ ਹਾਂ, ਉਸ ਦੀ ਹਾਜਤ ਅੱਲਾਹ ਤਆਲਾ ਨੂੰ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ । ਜੇ ਤੁਸਾਂ ਇਸ ਦਾ ਕੰਮ ਕਰ ਦਿੱਤਾ ਤਾਂ ਖੁਦਾ ਕਰ ਰਿਹਾ ਹੋਵੇਗਾ, ਪਰ ਧੰਨਵਾਦ ਤੇਰੇ ਹਿੱਸੇ ਆਵੇਗਾ । ਜੇ ਤੁਸੀਂ ਇਹ ਕੰਮ

---

੩. ਇਨ੍ਹਾਂ ਫਿਰਮਾਨਾਂ ਲਈ ਦੇਖੋ 'ਰਾਹਤੁਲ ਕੁਲੂਬ' ਦਾ ਉਰਦੂ ਅਨੁਵਾਦ : 'ਰੋਜ਼ਨਾਮਚਾ-ਏ ਹਜ਼ਰਤ ਬਾਬਾ ਫਰੀਦ' (ਅਨੁਵਾਦਕ: ਸੱਯਦ ਮੁੱਲਾ ਮੁਹੰਮਦ ਵਾਹਿਦੀ, ਪੰਨਾ ੭, ੯,...ਅਤੇ ੨੧ (ਕ੍ਰਮਵਾਰ) ।

'ਰਾਹਤੁਲ ਕੁਲੂਬ' ਸ਼ੇਖ਼ ਫ਼ਰੀਦ ਦੇ ਖ਼ਲੀਫ਼ਾ, ਖ਼੍ਵਾਜਾ ਨਿਜ਼ਾਮੁੱਦੀਨ, ਮਹਬੂਬੇ ਇਲਾਹੀ ਦੀਆਂ ਆਪਣੇ ਮੁਰਸ਼ਿਦ (ਸ਼ੇਖ਼ ਫ਼ਰੀਦ) ਨਾਲ ਕੁਝ ਮੁਲਾਕਾਤਾਂ ਸਮੇਂ ਹੋਈ ਵਾਰਤਾਲਾਪ ਦਾ ਮਿਤੀਬਧ ਹਾਲ ਜਾਂ ਡਾਇਰੀ ਹੈ । ਇਹ ਬਚਨ ਕਿਸ ਹਦ ਤਕ ਸ਼ੇਖ਼ ਫ਼ਰੀਦ ਦੇ ਮੁਖਾਰਬਿੰਦ ਤੋਂ ਹਨ ? ਇਸ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ । ਪਰੰਤੂ, ਇਹ ਉਹ ਕਦਰਾਂ-ਕੀਮਤਾਂ ਹਨ ਜਿਨ੍ਹਾਂ ਨੂੰ ਸ਼ੇਖ਼ ਫ਼ਰੀਦ ਤੇ ਉਸ ਦੀ ਗੱਦੀ ਦੇ ਮਾਲਿਕ ਅਪਣਾ ਚੁਕੇ ਸਨ ਤੇ ਜਿਨ੍ਹਾਂ ਦਾ ਪ੍ਰਚਾਰ ਉਹ ਸਦਾ ਕਰਦੇ ਰਹੇ ਹਨ । ਇਸੇ ਕਾਰਣ ਅਸੀਂ ਇਸ ਮਲਫ਼ੂਜ਼ ਤੋਂ ਲੋੜ ਅਨੁਸਾਰ ਲਾਭ ਉਠਾਇਆ ਹੈ । ਇਹ ਮਲਫ਼ੂਜ਼ (ਰਾਹਤੁਲ ਕੁਲੂਬ) ਹਜ਼ਰਤ ਹਸਨ ਨਿਜ਼ਾਮੀ ਵਲੋਂ ਉਰਦੂ ਤਰਜਮੇ ਵਿਚ ਦੋ ਦਫ਼ਾ: ਪਹਿਲੀ ਵੇਰ ੧੯੧੧ ਵਿਚ 'ਬਜ਼ਮੇ ਫ਼ਰੀਦ' ਦੇ ਨਾਂ ਹੇਠ, ਅਤੇ ਦੂਜੀ ਵਾਰੀ 'ਰੋਜ਼ਨਾਮਚਾ-ਇ ਹਜ਼ਰਤ ਬਾਬਾ ਫ਼ਰੀਦ' ਦੇ ਸਿਰਲੇਖ ਹੇਠ, ਸਾਲ ੧੯੪੫ ਈ. ਵਿਚ ਛਪ ਚੁਕਾ ਹੈ । ਪ੍ਰਕਾਸ਼ਕ ਇਸ ਦਾ ਹਸਨ ਨਿਜ਼ਾਮੀ, ਜਾ-ਨਿਸ਼ੀਨ ਹਜ਼ਰਤ ਸੁਲਤਾਨੁਲ ਮਸ਼ਾਇਖ਼ ਖ਼੍ਵਾਜਾ ਸੱਯਦ ਨਿਜ਼ਾਮੁੱਦੀਨ ਔਲੀਆ (ਦਿੱਲੀ) ਆਪ ਹੈ ।

Digitized by Panjab Digital Library | www.panjabdigilib.org

ਨ ਕੀਤਾ ਤਾਂ ਖ਼ੁਦਾ ਨੂੰ ਇੰਜ ਹੀ ਮਨਜ਼ੂਰ ਹੋਵੇਗਾ, ਤੇ ਇਸ ਹਾਲਤ ਵਿਚ ਕਸੂਰ ਤੁਹਾਡਾ ਨਹੀਂ ਹੋਵੇਗਾ; ਤੁਸੀਂ ਕੇਵਲ ਮਜਬੂਰ ਹੋਵੋਗੇ" ।[4]

ਫ਼ਰੀਦ ਜੀ ਦੀ ਧਾਰਮਿਕ ਉਦਾਰਤਾ (catholicity) ਦਾ ਪ੍ਰਮਾਣ ਇਸ ਤੋਂ ਵਧ ਹੋਰ ਕੀ ਹੋ ਸਕਦਾ ਹੈ ਕਿ ਪਿਛਲੇ ਅੱਠ ਸੌ ਸਾਲ ਤੋਂ ਉਹ ਤੇ ਉਨ੍ਹਾਂ ਦਾ ਚਲਾਇਆ ਸਿਲਸਲਾ ਹਿੰਦੂ, ਸਿਖ, ਮੁਸਲਮਾਨਾਂ ਤੇ ਦੂਜੇ ਸਾਰੇ ਮਤਾਲਬੀਆਂ ਦੇ ਪਿਆਰ ਤੇ ਸਤਿਕਾਰ ਦਾ ਪਾਤਰ ਬਣਿਆ ਹੋਇਆ ਹੈ । ਇਨ੍ਹਾਂ ਲਈ ਇਹ ਅਕੀਦਤ ਕੇਵਲ ਹਿੰਦੁਸਤਾਨ ਤਕ ਹੀ ਸੀਮਿਤ ਨਹੀਂ, ਵਿਦੇਸ਼ਾਂ ਵਿਚ ਵੀ, ਖ਼ਾਸ ਕਰਕੇ ਅਫ਼ਰੀਕਾ ਅਤੇ ਬਾਕੀ ਦੇ ਇਸਲਾਮੀ ਦੇਸ਼ਾਂ ਵਿਚ ਵੀ, ਬਹੁਤ ਹੈ । ਹੋਰ ਤਾਂ ਹੋਰ, ਚੀਨ ਵਰਗੇ ਦੇਸ ਵਿਚ (ਇਸ ਦੇ ਲਾਲ ਹੋਣ ਤੋਂ ਪਹਿਲਾਂ) ਇਸ ਸਿਲਸਲੇ ਦੀਆਂ ਡੇਢ ਕੁ ਸੌ ਖ਼ਾਨਕਾਹਾਂ ਦੇ ਚਲਦੇ ਹੋਣ ਦਾ ਪਤਾ ਲਗਦਾ ਹੈ ।[5]

ਇਹ ਫ਼ਰੀਦ ਜੀ ਦੀ ਧਾਰਮਿਕ ਉਦਾਰਤਾ ਕਰਕੇ ਹੀ ਸੀ ਕਿ ਸਿਖ ਗੁਰੂਆਂ ਨੇ ਉਨ੍ਹਾਂ ਦੀ ਬਾਣੀ ਨੂੰ ਆਪਣੇ ਧਾਰਮਿਕ ਗ੍ਰੰਥ ਵਿਚ ਥਾਂ ਦਿੱਤੀ । ਅੱਜ ਉਹ ਸਿਖ ਜਨਤਾ ਦੇ ਉੱਨੇ ਹੀ ਪਿਆਰੇ ਇਸ਼ਟ ਹਨ ਜਿੰਨੇ ਕਿ ਉਨ੍ਹਾਂ ਦੇ ਆਪਣੇ ਗੁਰੂ; ਅਤੇ ਇਸ ਭਾਵਨਾ ਵਿਚ ਨਿਰੇ ਸਿਖ ਹੀ ਬੱਝੇ ਹੋਏ ਨਹੀਂ, ਪੰਜਾਬ ਤੇ ਉੱਤਰ ਭਾਰਤ ਦੇ ਹਿੰਦੂ ਵੀ ਸ਼ਾਮਿਲ ਹਨ ।

ਸਾਰੇ ਹੀ ਧਰਮ ਆਪਣੇ ਅਕੀਦਿਆਂ ਵਿਚ ਸ਼ਿੱਰਈ ਹੋਣ ਦੀ ਰੁਚੀ ਰਖਦੇ ਹਨ, ਪਰ "ਆਫ਼ਰੀਨ" ਕਹਿਣੀ ਪੈਂਦੀ ਹੈ ਇਨ੍ਹਾਂ ਸੂਫ਼ੀਆਂ ਨੂੰ ਜਿਨ੍ਹਾਂ ਨੇ ਧਰਮ ਦੇ ਖੇਤਰ ਵਿਚ ਨ ਕੇਵਲ ਰਵਾਦਾਰੀ ਨੂੰ ਅੱਖਾਂ ਸਾਮ੍ਹਣੇ ਰਖਿਆ, ਸਗੋਂ, ਅੰਨ ਮਤ ਵਾਲਿਆਂ ਪਾਸੋਂ ਵੀ ਖੁਲ੍ਹੇ ਦਿਲ ਨਾਲ ਲਾਭ ਉਠਾਇਆ । ਚਿਸ਼ਤੀ ਸਿਲਸਲੇ ਦੇ ਸੂਫ਼ੀ ਇਸ ਪਖ ਵਿਚ ਦੂਜਿਆਂ ਨਾਲੋਂ ਕੁਝ ਵਧੇਰੇ ਅੱਗੇ ਸਨ । ਇਸ ਦੇ ਸਬੂਤ ਸਾਨੂੰ ਸ਼ੇਖ਼ ਫ਼ਰੀਦ ਜੀ ਦੇ ਵਰਤਾਰੇ ਤੋਂ ਮਿਲ ਜਾਂਦੇ ਹਨ । ਬਿਹਾਰ ਦੇ ਸ਼ੱਤਾਰੀ ਸੂਫ਼ੀ, ਇਮਾਮਉੱਦੀਨ ਰਾਜਗੀਰੀ ਜਿਸ ਦਾ ਸਮਾਂ ਪੰਦਰ੍ਹਵੀਂ ਸਦੀ ਈਸਵੀ ਹੈ, ਦੇ ਮਲਫ਼ੂਜ਼ਾਤ 'ਇਕਤਿਬਾਸੁਲ ਅਨਵਾਰ' ਅਤੇ ਬਾੜ੍ਹ ਦੇ ਸੂਫ਼ੀ ਸੰਤ, ਹਜ਼ਰਤ ਸੱਯਦ ਜਾਫ਼ਰ ਕਾਦਿਰੀ ਸ਼ੱਤਾਰੀ, ਦੀ ਲਿਖੀ ਇਕ ਬੇਆਜ਼ ਦੇ ਹਵਾਲੇ ਨਾਲ ਪਟਨਾ ਯੂਨੀਵਰਸਿਟੀ ਦਾ ਇਕ ਪ੍ਰੋਫ਼ੈਸਰ ਸੱਯਦ ਹਸਨ ਅਸਕਰੀ, ਲਿਖਦਾ ਹੈ : "ਇਹ ਦੋਵੇਂ ਦਸਤਾਵੇਜ਼ਾਂ ਇਨ੍ਹਾਂ ਸੰਤਾਂ ਦੇ ਜ਼ਿਕਰ (ਸਿਮਰਨ) ਸਮੇਂ ਵਰਤੇ ਜਾਣ ਵਾਲੇ ਫ਼ਾਰਸੀ (ਭਾਵ ਅਰਬੀ) ਅਤੇ ਹਿੰਦੀ, ਦੋਹਾਂ, ਮੰਤਰਾਂ ਦਾ ਪਤਾ ਦੇਂਦੀਆਂ ਹਨ । ਇਹ ਮੰਤਰ ਉਹੀ ਹਨ ਜਿਹੜੇ ਪਾਕ-ਪਟਨ ਨਿਵਾਸੀ ਜਗਤ ਪ੍ਰਸਿੱਧ ਚਿਸ਼ਤੀ ਸੰਤ ਬਾਬਾ ਫ਼ਰੀਦ ਸ਼ਕਰਗੰਜ (ਮ੍ਰਿਤੂ, ੬੬੮ ਹਿ.)[6], ਨੇ ਨਿਸ਼ਚਿਤ ਕਰ ਰਖੇ ਸਨ । ਜ਼ਿਕਰ (ਸਿਮਰਨ) ਸਾਧਕ ਦੀ ਉਸ ਕ੍ਰਿਆ ਦਾ ਨਾਂ ਹੈ ਜਿਸ ਵਿਚ ਉਹ ਆਪਣੇ ਮਤ ਦੀਆਂ ਕੁਝ ਆਵਾਜ਼ਾਂ ਆਪਣੀਆਂ ਵੱਖੀਆਂ, ਧੁੰਨੀ, ਛਾਤੀ ਆਦਿ ਵਿਚੋਂ ਕੱਢਣ ਦਾ ਯਤਨ ਕਰਦਾ ਹੈ । ਅਜੇਹੀਆਂ ਅੱਠ ਕ੍ਰਿਆਵਾਂ ਹਨ । ਇਨ੍ਹਾਂ ਦਾ ਪ੍ਰਯੋਜਨ ਰੂਹਾਨੀ ਮੁਸ਼ਾਹਿਰੇ ਦੀਆਂ ਅੰਤਰੀਵ ਹਿੱਸਾਂ ਨੂੰ ਉੱਤੇਜਿਤ ਕਰ ਕੇ ਅੱਲਾਹ ਤਆਲਾ ਦੀ ਸਰਗਰਮ ਯਾਦ ਵਿਚ ਲੀਨ ਹੋਣਾ ਹੈ" ।[7]

ਉਪਰ-ਕਥਿਤ ਪ੍ਰੋਫ਼ੈਸਰ ਹਸਨ ਅਸਕਰੀ ਇਨ੍ਹਾਂ ਸੰਤਾਂ ਵਲੋਂ ਵਰਤੇ ਜਾਂਦੇ ਜ਼ਿਕਰ ਦੇ ਫ਼ਾਰਸੀ (ਭਾਵ ਅਰਬੀ) ਮੰਤਰ ਦਾ ਤਾਂ ਉੱਲੇਖ ਨਹੀਂ ਕਰਦਾ, ਪਰ ਹਿੰਦੀ ਦਾ ਜ਼ਰੂਰ ਕਰਦਾ ਹੈ । ਉਹ ਲਿਖਦਾ ਹੈ :

> ਜ਼ਿਕਰ (ਸਿਮਰਨ) ਦੇ ਜਿਸ ਮੰਤਰ ਵਲ ਉਪਰ ਸੰਕੇਤ ਕੀਤਾ ਗਿਆ ਹੈ, ਉਸ ਨੂੰ ਜੇ ਅਸੀਂ ਤਕਨੀਕੀ ਲੱਗ ਲਬੇੜ ਤੋਂ ਮੁਕਤ ਕਰ ਕੇ ਪੇਸ਼ ਕਰਨਾ ਚਾਹੀਏ ਤਾਂ ਉਹ ਇਸ ਤਰ੍ਹਾਂ ਚਲੇਗਾ: ... ... ਓਹਾਂ ਤੂੰ, ਅਹੀਂ ਤੂੰ, ਏਹਾਂ ਤੂੰ, ਏਹਾਂ ਤੂੰ, ਹੂ ਹੂ, ਊਹਾਂ ਤੂੰ, ਉਹੀ ਏਹੀ, ਐਹੀ ।[8]

ਇਸ ਹਿੰਦੀ ਜ਼ਿਕਰ ਦਾ ਉੱਲੇਖ 'ਜਵਾਹਿਰੇ ਫਰੀਦੀ' ਵਿਚ ਵੀ ਮਿਲਦਾ ਹੈ ।[9] ਪਰੰਤੂ ਉੱਥੇ ਇਸ ਦਾ ਪਾਠ ਇਸ ਪ੍ਰਕਾਰ ਹੈ: ਏਹੋਂ ਤੂੰ,

---

੪. ਉਪਰ ਕਥਿਤ 'ਮਸ਼ਾਹੀਰੇ ਇਸਲਾਮ', ਪੰਨਾ ੫ ।

੫. ਉਹੀ, ਪੰਨਾ ੯ ।

੬. 'ਸੀਅਰੁਲ ਔਲੀਆ' ਅਨੁਸਾਰ ਬਾਬਾ ਜੀ ਦੀ ਮ੍ਰਿਤੂ ਸਾਲ ੬੬੪ ਹਿ/੧੨੬੫ ਈ. ਵਿਚ ਹੋਈ । ਇਥੇ ਵਿਦਵਾਨ ਲੇਖਕ ਨੂੰ ਕੋਈ ਭੁਲੇਖਾ ਲਗ ਗਿਆ ਲਗਦਾ ਹੈ ।

7. "A Fifteenth Century Shuttari Sufi Saint of North Bihar", *Indian History Congress*, (Proceedings of the Thirteenth Session, Nagpur 1950), pp. 157-58.

੮. ਉਹੀ ਪ੍ਰਕਰਣ ।

੯. ਦੇਖੋ: ਰਫ਼ੀਆ ਸੁਲਤਾਨਾ, 'ਉਰਦੂ ਨਸਰ ਕਾ ਆਗਾਜ਼ ਔਰ ਇਰਤਿਕਾ', (ਪ੍ਰਕਾਸ਼ਕ: ਮਜਲਿਸੇ ਤਹਕੀਕਾਤੇ ਉਰਦੂ, ਹੈਦਰਾਬਾਦ), ਮਿਤੀਹੀਣ, ਪੰਨਾ ੨੯ ।

Digitized by Panjab Digital Library | www.panjabdigilib.org

ਉਹੋਂ ਤੂੰ, ਐਹੀ ਤੂੰ। ਇਸ ਦੀ ਅੱਗੋਂ ਪੁਸ਼ਟੀ ਇਕ ਹੋਰ ਹੱਥ-ਲਿਖਤ 'ਜਵਾਹਿਰੇ ਖ਼ਮਸਾ' (ਨਕਲ ੧੦੯੭ ਹਿ./੧੬੯੮ ਈ.) ਤੋਂ ਵੀ ਹੋ ਜਾਂਦੀ ਹੈ। ਉਥੇ ਇਸ ਦੇ ਮੂਲ ਸ੍ਰੋਤ ਬਾਰੇ ਇਹ ਵਾਕ ਆਇਆ ਹੈ :

> [ਦਰ] ਬੰਦਗੀਏ ਹਜ਼ਰਤ ਕੁਤਬ ਅਲਅਕਤਾਬ ਹਜ਼ਰਤ ਸ਼ੈਖ ਫਰੀਦ ਗੰਜਸ਼ਕਰ ਕੁਦੁਸ ਅੱਲਾਹ ਜ਼ਿਕਰ ਬ-ਜ਼ਬਾਨ ਹਿੰਦੀ ਵਜ਼ਅ ਫਿਰਮੂਦੰਦ [ਵ] ਦਰ ਅਮਲ ਆਵੁਰਦਹ ਅੰਦ......[10]
>
> ਕੁਤਬਾਂ ਦੇ ਕੁਤਬ ਹਜ਼ਰਤ [ਕੁਤਬੁੱਦੀਨ ਬਖ਼ਤਯਾਰ ਕਾਕੀ] ਦੀ ਸੇਵਾ ਵਿਚ [ਰਹਿੰਦਿਆਂ] ਹਜ਼ਰਤ ਫ਼ਰੀਦ ਗੰਜਸ਼ਕਰ (ਰੱਬ ਉਨ੍ਹਾਂ ਦੇ ਭੇਦ ਨੂੰ ਪਵਿਤ੍ਰ ਕਰੇ) ਨੇ ਹਿੰਦੀ ਜ਼ਬਾਨ ਵਿਚ ਜ਼ਿਕਰ ਦੇ ਇਸ ਮੰਤਰ ਨੂੰ ਬਣਾਇਆ ਤੇ ਇਸ ਨੂੰ ਅਮਲ ਵਿਚ ਲਿਆਂਦਾ......

ਅਰਬੀ/ਫਾਰਸੀ ਮੰਤਰ ਕੁਝ ਵੀ ਹੋਵੇ, ਇਸ ਤੋਂ ਸ਼ੇਖ ਫ਼ਰੀਦ ਜੀ ਦੇ ਇਬਾਦਤ ਲਈ ਮਰਯਾਦਾਗਤ ਜਾਪ ਦੀ ਜਕੜ ਤੋਂ ਨਿਕਲ ਕੇ ਭਾਰਤੀਆਂ ਲਈ ਸੁਤੰਤਰ ਲੀਹਾਂ ਪਾਣ ਦੀ ਗਵਾਹੀ ਮਿਲਦੀ ਹੈ। ਹੋ ਸਕਦਾ ਹੈ, ਮੁਸਲਮਾਨ ਹੱਵਾਰੀਆਂ ਲਈ ਉਨ੍ਹਾਂ ਅਰਬੀ ਭਾਸ਼ਾ ਵਾਲਾ ਤ੍ਰਿੰਨ ਅੰਗੀ ਜ਼ਿਕਰ: (i) "ਲਾ ਇਲਾ ਇੱਲਿੱਲਾਹ, (ii) ਸੁਬਹਾਨ ਅੱਲਾਹ ਵ ਅਲਹਮਦੁ ਲਿੱਲਾਹ ਵ ਲਾ ਇਲਾ ਇੱਲਿੱਲਾਹ ਵ ਅੱਲਾ ਹੂ ਅਕਬਰ, (iii) ਯਾ ਹੱਯੀ ਯਾ ਕਯੂਮ"[11] ਹੀ ਰਖਿਆ ਹੋਵੇ ਤੇ ਗੈਰ-ਮੁਸਲਿਮ ਸ਼ਰਧਾਲੂਆਂ ਲਈ ਉਪਰਲਾ ਹਿੰਦੀ ਵਾਲਾ। ਇਹ ਵੀ ਸੰਭਵ ਹੈ ਕਿ ਇਕ ਨੂੰ ਉਹ ਤਿਆਰੀ ਲਈ ਵਰਤਦੇ ਹੋਣ ਤੇ ਦੂਜੇ ਨੂੰ ਪ੍ਰਾਪਤੀ ਲਈ। ਤਾਂ ਵੀ, ਇਹ ਕੋਈ ਮਾਮੂਲੀ ਤਬਦੀਲੀ ਨਹੀਂ, ਕਿਉਂ ਜੋ ਜ਼ਿਕਰ (ਜਾਪ-ਮੰਤਰ) ਦੀ ਮਨੁੱਖ ਦੀ ਰੂਹਾਨੀ ਇਰਤਿਕਾ ਵਿਚ ਮਹੱਤਾ ਸ਼ੇਖ ਫ਼ਰੀਦ ਦੇ ਇਸ ਇਰਸ਼ਾਦ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ:

> ਦਰਵੇਸ਼ ਨੂੰ ਜ਼ਿਕਰ ਵਿਚ ਇਸ ਤਰ੍ਹਾਂ ਲੀਨ ਹੋਣਾ ਚਾਹੀਦਾ ਕਿ ਉਸ ਦੇ ਸਰੀਰ ਦਾ ਰੋਮ ਰੋਮ ਜ਼ਬਾਨ ਬਣ ਜਾਏ। ਜਿਵੇਂ ਕਿ ਪੁਸਤਕ 'ਅਸਰਾਰੁਲ ਆਰਿਫ਼ੀਨ' ਵਿਚ ਮੈਂ ਦੇਖਿਆ ਕਿ ਇਕ ਵੇਰੀ ਖ਼੍ਵਾਜਾ ਅਬੂ ਸਈਦ ਅਬੁਲ ਖੈਰ (ਰੱਬ ਉਸ ਦੇ ਭੇਦ ਨੂੰ ਪਾਕ ਤੇ ਅਜ਼ੀਜ਼ ਕਰੇ) ਪੂਰੀ ਇਕਾਗਰਤਾ ਨਾਲ ਜ਼ਿਕਰ ਵਿਚ ਜੁਟੇ ਹੋਏ ਸਨ; ਇਸ ਹਾਲਤ ਵਿਚ ਉਨ੍ਹਾਂ ਦੇ ਸਰੀਰ ਦੇ ਹਰੇਕ ਰੋਮ ਵਿਚੋਂ ਖ਼ੂਨ ਦੇ ਫਵਾਰੇ ਜਾਰੀ ਹੋ ਗਏ। ਕਿਸੇ ਘਰ ਵਾਲੇ ਨੇ ਉਨ੍ਹਾਂ ਕੋਲ ਲਕੜੀ ਦਾ ਇਕ ਭਾਂਡਾ ਰਖ ਦਿੱਤਾ। ਜਦੋਂ ਉਹ ਖ਼ੂਨ ਨਾਲ ਭਰ ਜਾਂਦਾ ਤਾਂ ਖ਼੍ਵਾਜਾ ਸਾਹਿਬ ਉਸ ਨੂੰ ਪੀ ਜਾਂਦੇ।[12]

ਜ਼ਿਕਰ ਵਰਗੇ ਅਹਿਮ ਮਾਮਲੇ ਵਿਚ ਉਨ੍ਹਾਂ ਦੀ ਉਦਾਰਤਾ ਦਾ ਇਹ ਇਕ ਵਧੀਆ ਉਦਾਹਰਣ ਹੈ। ਧਾਰਮਿਕ ਮਾਮਲਿਆਂ ਵਿਚ ਉਨ੍ਹਾਂ ਦੀ ਸੁਤੰਤਰ ਸੋਚ ਦੇ ਹੋਰ ਵੀ ਪ੍ਰਮਾਣ ਮਿਲ ਸਕਦੇ ਹਨ, ਪਰ ਅਸੀਂ ਉਨ੍ਹਾਂ ਨੂੰ ਵਿਸਤਾਰ ਦੇ ਡਰ ਤੋਂ ਨਹੀਂ ਲਿਖਾਂਗੇ।

ਤੀਸਰੀ ਚੀਜ਼ ਜਿਸ ਨੇ ਸ਼ੇਖ ਫ਼ਰੀਦ ਤੇ ਉਨ੍ਹਾਂ ਦੀ ਸੰਪ੍ਰਦਾਇ ਨੂੰ ਸਮੁਚੀ ਭਾਰਤੀ ਪੱਧਰ ਉਤੇ ਦਿਗਵਿਜੈ ਪ੍ਰਾਪਤ ਕਰਨ ਦੇ ਯੋਗ ਬਣਾਇਆ, ਇਸ ਸਿਲਸਲੇ ਦੀ ਵਧੀਆ ਜਥੇਬੰਦੀ ਹੈ। ਇਸ ਸਿਲਸਲੇ ਦੇ ਪ੍ਰਚਾਰ-ਕੇਂਦਰ ਸ਼ੇਖ ਫ਼ਰੀਦ ਦੇ ਆਪਣੇ ਜੀਵਨ ਵਿਚ ਹੀ ਤੇ ਉਸ ਦੀ ਮ੍ਰਿਤੂ ਦੇ ਛੇਤੀ ਪਿੱਛੋਂ ਦਿੱਲੀ, ਆਗਰਾ, ਬਦਾਯੂੰ, ਫਤਹਪੁਰ ਸੀਕਰੀ, ਗਵਾਲੀਅਰ ਆਦਿ ਕੇਂਦ੍ਰੀ ਅਸਥਾਨਾਂ ਤੇ ਸਥਾਪਿਤ ਹੋ ਚੁਕੇ ਸਨ ਅਤੇ ਇਨ੍ਹਾਂ ਵਿਚ ਪੂਰਾ ਪੂਰਾ ਤਾਲ-ਮੇਲ ਸੀ। ਚਿਸ਼ਤੀ ਸਿਲਸਲੇ ਦੇ ਇਤਿਹਾਸ ਵਿਚ ਸਾਨੂੰ ਗੱਦੀ ਲਈ ਝਗੜਿਆਂ ਤੇ ਸਰਫਟੋਲ ਦੀ ਇਹੋ ਜੇਹੀ ਘਟਨਾ ਘੱਟ ਹੀ ਮਿਲਦੀ ਹੈ ਜੇਹੋ ਜੇਹੀ ਕਿ ਭਾਰਤੀ ਡੇਰੇਦਾਰਾਂ ਵਿਚ ਆਮ ਪਾਈ ਜਾਂਦੀ ਹੈ। ਮੁਰਸ਼ਿਦ ਦੇ ਮਰਨ ਪਿਛੋਂ ਜਿਹੜਾ ਵੀ ਕੋਈ ਖ਼ਲੀਫ਼ਾ ਥਾਪਿਆ ਗਿਆ ਬਾਕੀਆਂ ਨੇ ਉਸ ਨੂੰ ਪੂਰਾ ਪੂਰਾ ਮਿਲਵਰਤਣ ਦਿੱਤਾ। ਇਸ ਤੋਂ ਛੁਟ ਅਗਲੇ ਖ਼ਲੀਫ਼ਾ ਦੀ ਚੋਣ ਸਦਾ ਹੀ ਗੁਣਾਂ ਨੂੰ ਮੁੱਖ ਰਖ ਕੇ ਕੀਤੀ ਗਈ, ਖ਼ੂਨ ਨੂੰ ਦੇਖ ਕੇ ਨਹੀਂ। ਘੱਟ ਹੀ ਹਾਲਤਾਂ ਵਿਚ ਬਿੰਦੀ ਸੰਤਾਨ ਖ਼ਿਲਾਫਤ ਦੀ ਗੱਦੀ ਤੇ ਬੈਠੀ, ਬਹੁਤ ਵਾਰੀ ਇਹ ਵਡਿਆਈ ਨਾਦੀ ਸੰਤਾਨ ਨੂੰ ਹੀ ਮਿਲਦੀ ਰਹੀ। ਇਹ ਇਸ ਸਿਲਸਲਾ ਦੇ ਗੱਦੀ-ਨਿਸ਼ੀਨਾਂ ਦੀ ਆਤਮਿਕ ਉੱਚਤਾ ਤੇ ਆਚਰਣਿਕ ਸ੍ਰੇਸ਼ਟਤਾ ਕਾਰਣ ਹੀ ਸੀ ਕਿ ਸਮਕਾਲੀ ਹਾਕਿਮ ਇਨ੍ਹਾਂ ਦੇ ਦਰ ਤੇ ਹਾਜ਼ਿਰ ਹੋ ਕੇ ਸੀਸ ਨਿਵਾਉਂਦੇ ਰਹੇ।

---

੧੦. ਉਹੀ ਪ੍ਰਕਰਣ।

੧੧. ਦੇਖੋ: 'ਰਾਹਤੁਲ ਕੁਲੂਬ' ਦਾ ਉਰਦੂ ਅਨੁਵਾਦ (ਰੋਜ਼ਨਾਮਚਾ ਹਜ਼ਰਤ ਬਾਬਾ ਫ਼ਰੀਦ), ਪੰਨਾ ੨੯-੩੦।

੧੨. ਉਹੀ, ਪੰਨਾ ੧੮।

Digitized by Panjab Digital Library | www.panjabdigilib.org

ਪ੍ਰਭਜੋਤ ਕੌਰ

ਸ਼ਰਧਾਂਜਲੀ

"ਫਰੀਦਾ ਭੂਮਿ ਰੰਗਾਵਲੀ,
ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ,
ਤਿੰਨਾ ਅੰਚ ਨ ਲਾਗ ॥"
ਫਰੀਦਾ ਤੇਰੀ ਵਾਰਤਾ,
ਅਮਰ ਅਨੰਤ ਅਟਲ।
ਅੱਠ ਸਦੀਆਂ ਹਨ ਲੰਘੀਆਂ,
ਇਸਦੇ ਉਪਰੋਂ ਚਲ।
ਫਿਰ ਵੀ ਕੋਈ ਨਾ ਭੁਲਿਆ,
ਰਿਹਾ ਦਹੁਰਾਂਦਾ ਕਾਲ।
ਬਝੀ ਡੋਰੀ ਸਮੇਂ ਦੀ,
ਯਾਦ ਤੇਰੀ ਦੇ ਨਾਲ।
ਲੋਕੀ ਜੁੜਦੇ ਮਹਿਫ਼ਲੀਂ,
ਕਰਦੇ ਤੇਰੀ ਬਾਤ।
ਪੜ੍ਹਦੇ ਤੇਰੇ ਸੁਖ਼ਨ ਨੂੰ,
ਸਮਝਣ ਖ਼ੁਦ-ਔਕਾਤ।
ਕੰਨਾਂ ਅੰਦਰ ਥਰਕਦੇ,
ਤੇਰੇ ਮਿੱਠੇ ਬੋਲ।
ਪੌਣਾਂ ਵਿੱਚ ਸੁਗੰਧੀਆਂ,
ਸ਼ਬਦਾਂ ਦਿਤੀਆਂ ਘੋਲ।
ਚਾਨਣ ਕੂੰਦੇ ਇਸਤਰ੍ਹਾਂ,
ਗਏ ਉਜਾਲੇ ਹੋ।
ਸੂਫ਼ੀ-ਮਤਿ ਦੇ ਝਲਸੜੇ,
ਪਾਈ ਸੂਝ ਦੀ ਛੋਹ।
ਬੋਲੀ ਨੂੰ ਤੂੰ ਢਾਲਿਆ,
ਭਾਵਾਂ ਦੇ ਅਨੁਕੂਲ।
ਸਰਲ ਜਹੀ ਸ਼ਬਦਾਵਲੀ,
ਬਣੀ ਗਿਆਨ ਦੀ ਚੂਲ।
ਜਿਸਨੇ ਸੂਰਜ ਦੇਖਿਆ,
ਇਕ ਵਾਰੀ ਇਕ ਝਾਤ।
ਮੰਜ਼ਲ ਬਿਨਾਂ ਪੜਾਓ ਨਾ,
ਲਗਨ ਲਗੀ ਦਿਨ ਰਾਤ।
ਬੰਧਨ ਵਿਸਰੇ ਜਗ ਦੇ,
ਵਿਥਾਂ ਵੰਡੀਆਂ ਸਭ।
ਸਿਦਕ ਘਨੇਰਾ ਇਸ਼ਕ ਦਾ,
ਮੁਰਸ਼ਿਦ ਲੈਂਦਾ ਲਭ।
ਕਹੇ ਕਹਾਣੀ ਲਗਨ ਦੀ,
ਦੋ ਘੜੀਆਂ ਦੇ ਮੇਲ।
ਰੰਗ ਮਜੀਠਾ ਰੱਤੜਾ,
ਤੂੰ ਰੰਗੇ ਦੋਮਲ।
ਇਸ਼ਕ ਦਾ ਰੰਗ ਨਾ ਵਟਦਾ,
ਰੂਪ ਵਟਾਏ ਲਖ।
ਝੂਠ ਵਕੇਂਦਾ ਦੇਖਿਆ,
ਵਿਕੇ ਸਚ ਦੀ ਹੱਟ।
ਚਿਤ ਤੇਰਾ ਨਾ ਡੋਲਿਆ,
ਤਕ ਦੁਨੀ ਸੁਹਾਵਾ ਜਾਲ।
ਸੰਭਲ ਸੰਭਲ ਪਗ ਚੁਕਿਆ,
ਮਨੋ ਨਾ ਲਥੜਾ ਕਾਲ।
"ਜੋਬਨ ਜਾਂਦੇ ਨਾ ਡਰਾਂ
ਜੇ ਸਹ ਪ੍ਰੀਤਿ ਨਾ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ
ਸੁਕ ਗਏ ਕੁਮਲਾਇ ॥"

Digitized by Panjab Digital Library | www.panjabdigilib.org

ਪਿਆਰਾ ਸਿੰਘ ਪਦਮ

'ਬੀੜ' ਤੋਂ ਬਾਹਰਲੀ 'ਫਰੀਦ-ਰਚਨਾ'

ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਪਾਵਨ ਗੁਰੂਆਂ ਤੋਂ ਇਲਾਵਾ ਇਨ੍ਹਾਂ ਪੰਦਰਾਂ ਭਗਤਾਂ ਤੇ ਦਰਵੇਸ਼ਾਂ ਦੀ ਬਾਣੀ ਸ਼ਾਮਲ ਹੈ—ਜੈਦੇਵ, ਫਰੀਦ, ਨਾਮਦੇਵ, ਤ੍ਰਿਲੋਚਨ, ਰਾਮਾਨੰਦ, ਕਬੀਰ, ਬੇਣੀ, ਸਧਨਾ, ਸੈਣ, ਪੀਪਾ, ਧੰਨਾ, ਭੀਖਨ, ਰਵਿਦਾਸ, ਪਰਮਾਨੰਦ ਤੇ ਸੂਰਦਾਸ। ਇਨ੍ਹਾਂ ਵਿਚੋਂ ਕਈ ਸੰਤ-ਕਵੀ ਅਜੇਹੇ ਹਨ ਜਿਨ੍ਹਾਂ ਦੀ ਕਾਫੀ ਰਚਨਾ ਹੋਰ ਵੀ ਮਿਲਦੀ ਹੈ, ਜਿਵੇਂ ਨਾਮਦੇਵ ਦੇ ਮਰਾਠੀ 'ਆਭੰਗ' ਭਾਰੀ ਮਾਤਰਾ ਵਿਚ ਪ੍ਰਾਪਤ ਹਨ। ਰਾਮਾਨੰਦ ਦਾ ਬੀੜ ਵਿਚ ਇਕੋ ਸ਼ਬਦ ਸ਼ਾਮਲ ਹੈ ਜਦ ਕਿ ਵਿਦਵਾਨ ਖੋਜੀਆਂ ਉਸ ਦੀ ਹੋਰ ਰਚਨਾਵਲੀ ਵੀ ਲੱਭ ਕੇ ਪ੍ਰਕਾਸ਼ਿਤ ਕੀਤੀ ਹੈ। ਕਬੀਰ ਜੀ ਦੀ ਬਾਣੀ ਕਾਫੀ ਬਾਹਰ ਹੋਣ ਬਾਰੇ ਕਿਸੇ ਨੂੰ ਸ਼ੰਕਾ ਹੀ ਨਹੀਂ। ਭਾਵੇਂ ਉਹ ਸਾਰੀ ਪ੍ਰਮਾਣਿਕ ਨਹੀਂ, ਪਰ ਇਹ ਮੰਨਣਾ ਪਵੇਗਾ ਕਿ ਕੁਝ ਰਚਨਾ ਐਸੀ ਹੈ ਜੋ ਕਬੀਰ ਦੀ ਹੀ ਰਚੀ ਹੋਈ ਹੈ। ਇਸ ਕਿਸਮ ਦੀ ਰਚਨਾਵਲੀ ਬਾਬੂ ਸ਼ਯਾਮਸੁੰਦਰ ਦਾਸ ਤੇ ਸ੍ਰੀ ਅਯੋਧਯਾ ਸਿੰਘ ਉਪਾਧਿਆਇ ਆਦਿ ਨੇ ਸੰਕਲਿਤ ਕਰ ਕੇ ਪ੍ਰਕਾਸ਼ਿਤ ਕੀਤੀ ਹੈ। 'ਰੈਦਾਸ ਜੀ ਕੀ ਬਾਨੀ' ਨਾਮ ਹੇਠ ਭਗਤ ਰਵਿਦਾਸ ਜੀ ਦੀ ਕੁਝ ਕੁ ਰਚਨਾ ਕਿਸੇ ਸਮੇਂ ਵੈਲਡੇਯਰ ਪ੍ਰੈਸ ਪ੍ਰਯਾਗ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਸਧਨੇ ਭਗਤ ਦੇ ਕੁਝ ਦੋਹਰੇ ਹੱਥ-ਲਿਖੀਆਂ ਵਿਚ ਅਣਛਪੇ ਮਿਲਦੇ ਹਨ। ਹੁਣ ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਇਕਦਮ ਅਪ੍ਰਮਾਣਿਕ ਕਹਿ ਕੇ ਸੁੱਟਿਆ ਨਹੀਂ ਜਾ ਸਕਦਾ। ਇਹ ਠੀਕ ਹੈ ਕਿ ਇਨ੍ਹਾਂ ਵਿਚ ਕੁਝ ਕੁ ਅੰਸ਼ ਅਜੇਹਾ ਵੀ ਹੋਵੇਗਾ ਪਰ ਇਨ੍ਹਾਂ ਦੀ ਹੋਂਦ ਤੋਂ ਇਨਕਾਰ ਕਰਨਾ ਖੋਜ ਦੇ ਅਨੁਕੂਲ ਨਹੀਂ।

ਸ਼ੇਖ ਫਰੀਦ ਪੰਜਾਬ ਦੇ ਸੂਫੀ ਫਕੀਰ ਸਨ, ਇਨ੍ਹਾਂ ਦੇ ਚਾਰ ਸ਼ਬਦ ਤੇ ਇਕ ਸੌ ਬਾਰਾਂ ਸ਼ਲੋਕ ਆਦਿ ਗ੍ਰੰਥ ਸਾਹਿਬ ਵਿਚ ਦਰਜ ਹਨ। ਪਰੰਤੂ ਕਈ ਹੱਥ ਲਿਖਤ ਖਰੜਿਆਂ ਵਿਚ ਹੋਰ ਵੀ ਸ਼ਲੋਕ ਮਿਲਦੇ ਹਨ, ਜੋ ਬੀੜ ਵਿਚ ਨਹੀਂ ਆਏ। ਸਿਖ ਸ਼ਰਧਾਲੂਆਂ ਵਿਚ ਇਹ ਨਿਸ਼ਚਾ ਪ੍ਰਚਲਿਤ ਹੈ ਕਿ ਆਦਿ ਗ੍ਰੰਥ ਤੋਂ ਬਾਹਰ ਸਭ ਕੱਚੀ ਬਾਣੀ ਹੈ। ਗੁਰੂ ਸਾਹਿਬ ਦੇ ਕਥਨ ਦਾ ਸ਼ਾਇਦ ਅਜੇਹਾ ਭਾਵ ਨਹੀਂ ਸੀ, ਗੁਰੂ ਅਮਰਦਾਸ ਜੀ ਦਾ ਬਚਨ ਇਹ ਸੀ ਕਿ ਕਹਿਣੀ ਕਰਣੀ ਵਾਲੇ ਸਤਿਵਾਦੀ ਮਹਾ ਪੁਰਸ਼ਾਂ ਤੋਂ ਬਿਨਾਂ ਬਾਕੀਆਂ ਦਾ ਕਥਨ 'ਕਚਪਿਚ' ਵਾਲਾ ਹੀ ਹੈ, ਇਸਨੂੰ ਸੱਚੀ ਬਾਣੀ ਆਖਣਾ ਠੀਕ ਨਹੀਂ :

'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ
ਬਾਣੀ ਤਾ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ।
ਕਹਿੰਦੇ ਕਚੇ ਸੁਣਦੇ ਕਚੇ, ਕਚੀ ਆਖਿ ਵਖਾਣੀ॥
(ਰਾਮਕਲੀ ਅਨੰਦ ੩)

ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਫਰਮਾਇਆ ਹੈ :

'ਸਤਿਗੁਰ ਕੀ ਰੀਸੈ ਹੋਰ ਕਚਪਿਚ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ।'
(ਵਾਰ ਗਉੜੀ, ਮਹਲਾ ੪)

ਸੋ ਅਸੀਂ ਇਹ ਨਹੀਂ ਕਹਿੰਦੇ ਕਿ ਬਾਹਰ ਪ੍ਰਾਪਤ ਰਚਨਾ ਨੂੰ ਜ਼ਰੂਰ 'ਗੁਰਬਾਣੀ' ਦਾ ਦਰਜਾ ਦਿਤਾ ਜਾਵੇ। ਸਾਡਾ ਮੰਤਵ ਇਹ ਵਿਚਾਰਨਾ ਹੈ (੧) ਕੀ ਇਹ ਕੋਈ ਅਸੰਭਵ ਗੱਲ ਹੈ ਕਿ ਕਿਸੇ ਸੰਤ ਭਗਤ ਦੀ ਕੁਝ ਰਚਨਾ ਬੀੜ ਵਿਚ ਸੰਕਲਿਤ ਨ ਹੋਈ ਹੋਵੇ ? (੨) ਕੀ ਇਹ ਵੀ ਜ਼ਰੂਰੀ ਹੈ ਕਿ ਜੋ ਕੁਝ ਕਿਸੇ ਸੰਤ ਭਗਤ ਦੇ ਨਾਂ ਤੇ ਬਾਹਰ ਮਿਲਦਾ ਹੈ, ਉਹ ਸਾਰੇ ਦਾ ਸਾਰਾ ਨਕਲੀ ਹੀ ਹੈ ?

ਸੰਭਵ ਹੈ ਕੁਝ ਹਿੱਸਾ ਪ੍ਰਮਾਣਿਕ ਕੁਝ ਅਪ੍ਰਮਾਣਿਕ ਹੋਵੇ, ਉਸਦੇ ਵਿਸ਼ਾ-ਵਸਤੂ, ਬੋਲੀ, ਸ਼ੈਲੀ ਆਦਿ ਦੀ ਪਰਖ ਕਰ ਕੇ ਵਿਦਵਾਨ ਇਸ ਦਾ ਨਿਰਣਾ ਕਰ ਸਕਦੇ ਹਨ ਪਰੰਤੂ ਅਜੇਹਾ ਦਾਅਵਾ ਸ਼ਾਇਦ ਤੱਥ ਦੇ ਪੱਖ ਤੋਂ ਠੀਕ ਨਹੀਂ ਕਿ ਹੋਰ ਰਚਨਾ ਹੋ ਹੀ ਨਹੀਂ ਸਕਦੀ। ਉਸਨੂੰ ਗੁਰਬਾਣੀ ਤੁੱਲ ਮੰਨਣ ਦਾ ਮਾਮਲਾ ਦੂਜੇ ਦਰਜੇ ਦੀ ਗੱਲ ਹੈ। ਪਹਿਲੇ ਦਰਜੇ ਤੇ ਇਹ ਵਿਚਾਰਨਾ ਹਿਤਕਾਰੀ ਹੈ ਕਿ ਇਹ ਰਚਨਾ ਜਿਸ ਵਿਅਕਤੀ ਨਾਲ ਸੰਬੰਧਿਤ ਹੈ, ਕੀ ਇਹ ਉਸੇ ਦੀ ਹੈ ? ਸੋ ਅਸੀਂ ਫਰੀਦ ਦੀ, ਬੀੜ ਤੋਂ ਬਾਹਰਲੀ, ਰਚਨਾ ਨੂੰ ਇਸੇ ਪੱਖ ਤੋਂ ਪੇਸ਼ ਕਰ ਕੇ ਸਾਹਿਤ ਦੇ ਗੁੱਝੇ ਖਜ਼ਾਨੇ ਵਲ ਪੰਜਾਬੀ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ।

Digitized by Panjab Digital Library | www.panjabdigilib.org

ਅਸੀਂ ਇਸ ਇਤਿਹਾਸਕ ਹਕੀਕਤ ਨੂੰ ਪਰਵਾਨ ਕਰਦੇ ਹਾਂ ਤੇ ਇਹ ਗੱਲ ਭਾਰਤੀ ਸਾਹਿਤ ਦੇ ਹੋਰ ਖੋਜੀਆਂ ਵੀ ਮੰਨੀ ਹੈ ਕਿ ਸਤਾਰ੍ਹਵੀਂ ਸਦੀ ਦੇ ਮੁੱਢ ਵਿਚ ਆਦਿ ਗ੍ਰੰਥ ਜੀ ਦੀ ਬੀੜ ਦਾ ਸੰਪਾਦਨ ਮੁਕੰਮਲ ਕਰ ਲਿਆ ਗਿਆ ਸੀ, ਇਸ ਕਰਕੇ ਸੰਤਾਂ ਭਗਤਾਂ ਦੀ ਜੋ ਬਾਣੀ ਇਸ ਸੰਕਲਨ ਵਿਚ ਆ ਗਈ, ਉਸਤੋਂ ਵਧ ਉਨ੍ਹਾਂ ਦਾ ਪ੍ਰਮਾਣਿਕ ਰੂਪ ਹੋਰਥੇ ਨਹੀਂ ਮਿਲਦਾ। ਕਬੀਰ-ਬਾਣੀ ਦੇ ਖੋਜੀਆਂ ਵੀ ਇਹੋ ਗੱਲ ਆਖੀ ਹੈ ਕਿ ਆਦਿ ਗ੍ਰੰਥ ਤੋਂ ਵਧ ਪੁਰਾਤਨ ਖਰੜਾ ਯਾ ਸੈਂਚੀ ਹੋਰ ਪ੍ਰਾਪਤ ਨਹੀਂ। ਪਰ ਅਸੀਂ ਇਹ ਦਾਅਵਾ ਕਰਨਾ ਵੀ ਉਚਿਤ ਨਹੀਂ ਸਮਝਦੇ ਕਿ ਸਤਿਗੁਰਾਂ ਕਿਸੇ ਕਵੀ ਦੀ ਸਾਰੀ ਦੀ ਸਾਰੀ ਰਚਨਾਵਲੀ ਹੀ ਇਕੱਤਰ ਕਰ ਲਈ ਸੀ, ਸੰਭਵ ਹੈ, ਕਿਸੇ ਭਗਤ ਦੀ ਕੁਝ ਰਚਨਾ ਉਨ੍ਹਾਂ ਤਕ ਨ ਪਹੁੰਚੀ ਹੋਵੇ। ਯਾ ਉਨ੍ਹਾਂ ਖ਼ੁਦ ਹੀ ਉਸ ਨੂੰ ਦਰਜ ਕਰਨਾ ਜ਼ਰੂਰੀ ਨਾ ਸਮਝਿਆ ਹੋਵੇ। ਇਹੋ ਜੇਹੀ ਗੱਲ ਫਰੀਦ-ਰਚਨਾ ਬਾਰੇ ਵੀ ਆਖੀ ਜਾ ਸਕਦੀ ਹੈ।

ਜੇਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਫਰੀਦ-ਬਾਣੀ ਦੀ ਅੰਦਰਲੀ ਗਵਾਹੀ ਤੋਂ ਸਪਸ਼ਟ ਹੈ, ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਸੰਚਿਤ ਕਰ ਲਈ ਸੀ ਅਤੇ ਉਸ ਬਾਰੇ ਕਈ ਥਾਂ ਆਪਣੇ ਵਿਚਾਰ ਵੀ ਨਾਲ ਸ਼ਾਮਲ ਕੀਤੇ ਸਨ, ਜਿਵੇਂ ਕਿ ਫਰੀਦ ਨੇ ਲਿਖਿਆ ਸੀ :

ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ
ਭਰਿ ਸਰਵਰ ਜਬ ਊਛਲੈ, ਤਬ ਤਰਣ ਦੁਹੇਲਾ। (ਸੂਹੀ)

ਗੁਰੂ ਨਾਨਕ ਸਾਹਿਬ ਨੇ ਇਸੇ ਰਾਗ ਤੇ ਇਸੇ ਤੋਲ ਵਿਚ ਨਵਾਂ ਸ਼ਬਦ ਉਚਾਰਿਆ :

ਜਪ ਤਪ ਕਾ ਬੰਧਿ ਬੇੜੁਲਾ, ਜਿਤ ਲੰਘਹਿ ਵਹੇਲਾ
ਨ ਸਰਵਰ ਨਾ ਊਛਲੈ, ਐਸਾ ਪੰਥ ਸੁਹੇਲਾ। (ਸੂਹੀ)

ਇਸੇ ਤਰ੍ਹਾਂ ਸ਼ਲੋਕਾਂ ਵਿਚ ਵੀ ਅਜੇਹੀ ਗਵਾਹੀ ਮਿਲਦੀ ਹੈ।

ਫਰੀਦ ਜੀ ਦਾ ਸ਼ਲੋਕ ਹੈ :

ਪਹਿਲੇ ਪਹਰੈ ਫੁਲੜਾ, ਫਲੁ ਭਿ ਪਛਾ ਰਾਤਿ
ਜੋ ਜਾਗੰਨਿ ਲਹੰਨਿ ਸੇ, ਸਾਈ ਕੰਨਹੁ ਦਾਤਿ। (੧੧੨)

ਗੁਰੂ ਨਾਨਕ ਸਾਹਿਬ ਨੇ ਇਸਦੇ ਨਾਲ ਹੀ ਨਵਾਂ ਸ਼ਲੋਕ ਜੋੜਿਆ :

ਦਾਤੀ ਸਾਹਬ ਸੰਦੀਆ, ਕਿਆ ਚਲੈ ਤਿਸ ਨਾਲਿ
ਇਕਿ ਜਾਗੰਦੇ ਨ ਲਹਨਿ, ਇਕਨਾ ਸੁਤਿਆ ਦੇਇ ਉਠਾਲਿ। (੧੧੩)

ਇਸੇ ਤਰ੍ਹਾਂ ਗੁਰੂ ਅਮਰਦਾਸ ਤੇ ਗੁਰੂ ਅਰਜਨ ਸਾਹਿਬ ਦੇ ਸਪਸ਼ਟੀਕਰਣ ਵਾਲੇ ਸ਼ਾਮਲ ਸ਼ਲੋਕ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਬਾਣੀ ਗੁਰਗੱਦੀ ਨਾਲ ਹੀ ਗੁਰੂ ਅਰਜਨ ਜੀ ਪਾਸ ਪਹੁੰਚ ਗਈ ਸੀ।

ਅਸੀਂ ਇਹ ਵੀ ਜਾਣਦੇ ਹਾਂ ਕਿ ਆਦਿ ਗ੍ਰੰਥ ਸਾਹਿਬ ਵਿਚਲੀ ਫਰੀਦ-ਰਚਨਾ ਵਿਚ ਵਧੇਰੇ ਸ਼ਲੋਕ ਹਨ ਤੇ ਵਧੇਰੇ ਲਹਿੰਦੀ ਰੰਗ ਦੀ ਭਾਸ਼ਾ ਹੈ। ਬਾਹਰ ਜੋ ਰਚਨਾਵਲੀ ਮਿਲਦੀ ਹੈ, ਉਹ ਵੀ ਬਹੁਤੇ ਸ਼ਲੋਕ ਹੀ ਹਨ ਤੇ ਉਨ੍ਹਾਂ ਦੀ ਭਾਸ਼ਾ ਵੀ ਲਹਿੰਦੀ ਦਾ ਰੰਗ ਰਖਦੀ ਹੈ। ਇਸੇ ਤਰ੍ਹਾਂ ਵਿਸ਼ਾ-ਵਸਤੂ ਤੇ ਸ਼ੈਲੀ ਵੀ ਕਾਫੀ ਮਿਲਦੀ-ਜੁਲਦੀ ਹੈ।

ਜਿਥੋਂ ਤਕ ਇਸ ਰਚਨਾ ਦੇ ਸੋਮੇ ਦਾ ਸਵਾਲ ਹੈ, ਉਸ ਦੀ ਪ੍ਰਮਾਣਿਕਤਾ ਬਾਰੇ ਭਿੰਨ ਭਿੰਨ ਰਾਇ ਰੱਖਣਾ ਵਿਦਵਾਨਾਂ ਦੀ ਮਰਜ਼ੀ ਹੈ ਪਰੰਤੂ ਉਸ ਦਾ ਹਵਾਲਾ ਦਿੱਤਾ ਜਾਣਾ ਜ਼ਰੂਰੀ ਹੈ ਤਾਂਕਿ ਖੋਜੀ ਖੁਦ ਤਸੱਲੀ ਕਰ ਸਕਣ। ਅਸੀਂ ਇਨ੍ਹਾਂ ਸੋਮਿਆਂ ਤੋਂ ਇਹ ਸ਼ਲੋਕ ਸੰਚਿਤ ਕੀਤੇ ਹਨ :

੧. ਬੀੜ ਭਾ. ਪੈਂਧੇ ਵਾਲੀ ਰਾਵਲਪਿੰਡੀ (ਹੁਣ ਦਿੱਲੀ)
੨. ਪੁਰਾਤਨ ਹੱਥਲਿਖਤ (ਢਾਈ ਸੌ ਵਰ੍ਹੇ ਪੁਰਾਣੀ ਪੋਥੀ) (ਮੈਰੀ ਅਪਣੀ ਲਾਇਬ੍ਰੇਰੀ)
੩. ਮਸਲੇ ਸ਼ੇਖ ਫਰੀਦ ਜੀ ਕੇ (ਖਰੜਾ ਨੰ. ੩੫੯, ਭਾਸ਼ਾ ਵਿਭਾਗ ਲਾਇਬ੍ਰੇਰੀ)
੪. ਸਰਬੰਗੀ (ਖਰੜਾ ਨੰ. ੧੧੫੦੯, ਮਹਿੰਦਰਾ ਕਾਲਜ, ਪਟਿਆਲਾ)
੫. ਪੁਰਾਤਨ ਜਨਮਸਾਖੀ
੬. ਸ਼ਬਦ ਸਲੋਕ ਭਗਤਾਂ ਕੇ (੧੯੦੧ ਈ. ਦੀ ਛਪੀ ਪੁਸਤਕ)

ਨੋਟ—ਡਾ. ਮੋਹਨ ਸਿੰਘ ਜੀ ਨੇ ਕੁਝ ਸ਼ਲੋਕ ਇਸੇ ਪੁਸਤਕ ਵਿਚੋਂ ਲੈ ਕੇ ਦਿਤੇ ਸਨ।

੭. ਅਰਸ਼ਾਦਾਤਿ ਫ਼ਰੀਦੀ—ਪੀਰਮੁਹੰਮਦ ਹੁਸੈਨ (੧੯੨੭)
੮. ਪੰਜਾਬੀ ਸਾਹਿਤ ਦਾ ਇਤਿਹਾਸ—ਪ੍ਰੋ. ਪ੍ਰੀਤਮ ਸਿੰਘ ਦਾ ਲੇਖ (੧੯੫੮)

Digitized by Panjab Digital Library | www.panjabdigilib.org

ਜਿਥੋਂ ਤਕ ਇਨ੍ਹਾਂ ਸ਼ਲੋਕਾਂ ਦੀ ਭਾਸ਼ਾ ਦਾ ਸੰਬੰਧ ਹੈ, ਇਸ ਬਾਰੇ ਦਾਅਵਾ ਕਰਨਾ ਔਖਾ ਹੈ ਕਿ ਇਹ ਤੇਰ੍ਹਵੀਂ ਸਦੀ ਦੀ ਹੀ ਹੈ। ਗੁਰੂ ਨਾਨਕ ਸਾਹਿਬ ਨੇ ਵੀ ਫਰੀਦ ਤੋਂ ਢਾਈ ਸੌ ਵਰ੍ਹੇ ਬਾਅਧ ਫਰੀਦ-ਬਾਣੀ ਸੰਚਿਤ ਕੀਤੀ ਸੀ, ਉਸ ਵੇਲੇ ਤਕ ਲੋਕ-ਕੰਠ ਨੇ ਇਸ ਵਿਚ ਕੁਝ ਨ ਕੁਝ ਪਰਿਵਰਤਨ ਲਿਆਂਦਾ ਹੋਵੇਗਾ ਜਿਵੇਂ ਕਿ ਪ੍ਰਸਿੱਧ ਰਚਨਾਵਾਂ ਤੇ ਜ਼ਬਾਨੀ ਕੰਠ-ਰਚਨਾਵਾਂ ਵਿਚ ਅਕਸਰ ਹੋ ਹੀ ਜਾਂਦਾ ਹੈ। ਦੂਸਰੇ, ਆਦਿ ਗ੍ਰੰਥ ਸਾਹਿਬ ਵਿਚ ਜੋ ਫਰੀਦ-ਬਾਣੀ ਸੰਭਾਲੀ ਗਈ, ਉਹ ਧਰਮ-ਗ੍ਰੰਥ ਦਾ ਅੰਗ ਬਣਨ ਕਾਰਣ ਵਧੇਰੇ ਸੁਰਖਿਅਤ, ਸ਼ੁੱਧ ਤੇ ਨਿਰਮਲ ਰਹੀ। ਇਸਤੋਂ ਇਲਾਵਾ ਜੋ ਰਚਨਾ ਕਿਵੇਂ ਬਾਹਰ ਰਹਿ ਗਈ ਉਹ ਜ਼ਮਾਨੇ ਦੇ ਅਸਰ ਨਾਲ ਕੁਝ ਨ ਕੁਝ ਰੂਪ ਬਦਲਦੀ ਰਹੀ। ਇਹ ਕੋਈ ਅਨੋਖੀ ਗੱਲ ਨਹੀਂ, ਇਤਨਾ ਕੁ ਫਰਕ ਪੈਣਾ ਸੁਭਾਵਕ ਸੀ। ਮਿਸਾਲ ਲਈ ਸ਼ਲੋਕ ਆਦਿ ਗ੍ਰੰਥ ਸਾਹਿਬ ਵਿਚ ਹੋਰ ਤਰ੍ਹਾਂ ਦਰਜ ਹਨ ਤੇ 'ਮਸਲੇ ਸ਼ੇਖ ਫਰੀਦ ਕੇ' ਖਰੜੇ ਵਿਚ ਉਨ੍ਹਾਂ ਦਾ ਰੂਪ ਹੋਰ ਮਿਲਦਾ ਹੈ। ਜਿਵੇਂ ਕਿ ਆਦਿ ਗ੍ਰੰਥ ਵਿਚ ਦਰਜ ਹੈ :

ਫਰੀਦਾ ਭੰਨੀ ਘੜੀ ਸੁਵੰਨਵੀ, ਟੂਟੀ ਨਾਗਰ ਲਜੁ
ਅਜਰਾਈਲ ਫਰੇਸਤਾ, ਕੈ ਘਰਿ ਨਾਠੀ ਅਜੁ ।੬੮।

'ਮਸਲੇ' ਵਿਚ ਇਸਦੇ ਨਾਲ ਹੀ ਇਕ ਤੁਕ ਹੋਰ ਮਿਲਦੀ ਹੈ :

'ਘਿੰਨਣ ਆਇਆ ਜਿੰਦ ਕੂ, ਇਕਾ ਕਰੇਸੀ ਪੱਜ।'
'ਫਰੀਦਾ ਪਿਛਲ ਰਾਤਿ ਨ ਜਾਗਿਓਹੁ, ਨੂੰ 'ਮਸਲੇ' ਵਿਚ—
'ਫਰੀਦਾ ਵਡੇ ਵੇਰ ਨ ਜਾਗਿਓਹੁ,' ਲਿਖਿਆ ਹੈ।

ਇਸੇ ਤਰ੍ਹਾਂ ਆਦਿ ਗ੍ਰੰਥ ਵਿਚ ਹੈ :

'ਫਰੀਦਾ ਇਨ੍ਹੀਂ ਨਿਕੀ ਜੰਘੀਐ, ਥਲ ਡੂਗਰ ਭਵਿਓਮਿ
'ਅਜੁ ਫਰੀਦੈ ਕੂਜੜਾ, ਸੈ ਕੋਹਾਂ ਥੀਓਮਿ ।੨੦।'

'ਮਸਲੇ' ਦਾ ਪਾਠ ਹੈ :

'ਫਰੀਦਾ ਨਿਕੜੀ ਜੇਹੀਐ ਜੰਙੜੀਐ, ਹਭੇ ਜਗ ਭਵਿਓਮਿ
ਵਿਚਿ ਮਸੀਤੀ ਕੂਜੜਾ, ਸਉ ਕੋਹਾਂ ਥੀਓਮਿ।'

ਆਦਿ ਗ੍ਰੰਥ ਵਿਚ—'ਕਾਲੇ ਮੈਡੇ ਕਪੜੇ' ਪਾਠ ਹੈ :
ਇਕ ਥਾਂ ਪਾਠਾਂਤ੍ਰ ਹੈ—'ਕਾਲੀ ਮਹਿੰਜੀ ਕੰਬਲੀ, ਕਾਲਾ ਮਹਿੰਜਾ ਵੇਸ।'

ਸੋ ਅਜੇਹੇ ਅੰਤਰ ਕਈ ਮਿਲ ਜਾਂਦੇ ਹਨ ਜਿਨ੍ਹਾਂ ਤੋਂ ਇਹ ਗੱਲ ਪਰਗਟ ਹੁੰਦੀ ਹੈ ਕਿ ਲੋਕਾਂ ਵਿਚ ਵਧੇਰੇ ਪ੍ਰਚਲਿਤ ਸੰਤ-ਬਚਨ ਕਈ ਪ੍ਰਕਾਰ ਦੇ ਰੂਪ ਬਦਲਦੇ ਰਹਿੰਦੇ ਹਨ ਤੇ ਇਸ ਨਾਲ ਬਾਣੀ ਦਾ ਮੁਹਾਂਦਰਾ ਤਬਦੀਲ ਹੁੰਦਾ ਰਹਿੰਦਾ ਹੈ। ਫਰੀਦ ਜੀ ਦੇ ਨਾਂ ਤੇ ਕੁਝ ਕਾਫੀਆਂ ਤੇ ਇਕ ਆਸਾ ਰਾਗ ਦਾ ਛੰਤ ਵੀ ਮਿਲਦਾ ਹੈ ਪਰ ਇਹ ਛੰਤ ਰੂਪ ਤੇ ਭਾਸ਼ਾ ਰੂਪ ਬਹੁਤ ਪਿਛੋਂ ਦੇ ਹਨ, ਫਰੀਦ ਕਾਲ ਦੇ ਨਹੀਂ। ਵੰਨਗੀ ਪੇਸ਼ ਹੈ :

ਕਾਫੀ—ਆਵਹੁ ਸਖੀ ਸਹੇਲਿਹੋ, ਬਹਿ ਮਸਲਤਿ ਗੋਈਐ
ਆਪੋ ਆਪਣੇ ਹਾਲ ਵੇ, ਭਰਿ ਅੰਝੂ ਰੋਈਐ।
...ਆਖ ਫਰੀਦਾ ਕੀ ਕਰਾਂ, ਹੁਣ ਵਖਤ ਵਿਹਾਣਾ
ਓੜਕ ਵੇਲਾ ਦੇਖ ਕੈ, ਹੁਣ ਬਹੁ ਪਛੁਤਾਣਾ।
ਛੰਤ—ਸਾਹਿਬ ਸਿਉ ਮਾਣ ਕਿਵੇਹਾ, ਮਾਏ ! ਕੀਜੈ ਨੀ
ਕਿਆ ਕਿਛੁ ਭੇਟ ਸਾਹਿਬ ਕਾ ਮਨ ਰੀਝੈ ਨੀ
...ਮੇਰਾ ਸਾਹਿਬ ਗੁਣੀ ਦਿਹੁੰਦਾ, ਕਹੈ ਫਰੀਦ ਸੁਣਾਵੈ
ਬਿਨ ਗੁਰ ਨਿਸਦਿਨ ਫਿਰਾਂ, ਨੀ ਮਾਏ ! ਪਿਰ ਕੈ ਹਾਵੈ।

ਅੰਤ ਵਿਚ ਫਿਰ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਜੋ ਦੋਹਰੇ ਵੱਖ ਵੱਖ ਸੋਮਿਆਂ ਤੋਂ ਇਕੱਤਰ ਕਰ ਕੇ ਇਥੇ ਦਿਤੇ ਜਾ ਰਹੇ ਹਨ, ਇਨ੍ਹਾਂ ਦਾ ਸਾਹਿੱਤਕ ਤੇ ਭਾਸ਼ਈ ਪੱਖ ਤੋਂ ਅਧਿਐਨ ਦਿਲਚਸਪੀ ਤੋਂ ਖਾਲੀ ਨਹੀਂ। ਹਾਂ, ਇਹ ਜ਼ਰੂਰ ਹੈ ਕਿ ਕਈਆਂ ਦਾ ਪਾਠ ਸ਼ੁੱਧ ਰੂਪ ਵਿਚ ਨਹੀਂ ਮਿਲ ਸਕਿਆ।

Digitized by Panjab Digital Library | www.panjabdigilib.org

ਸਲੋਕ ਫਰੀਦ ਜੀ ਕੇ

੧

ਫ਼ਰੀਦਾ ਅਕੈ[1] ਤ ਸਿਕਣ ਸਿਕੁ, ਅਕੈ ਤ ਪੁਛਿ ਸਿਕੰਦੀਆਂ[2]
ਤਿਨ੍ਹਾਂ ਪਿਛੇ ਨ ਲੁਕ, ਜੋ ਸਿਕਣ ਸਾਰ ਨ ਜਾਣਨੀ।

੨

ਫਰੀਦਾ ਸਿਕਾ ਸਿਕ ਸਿਕੰਦੀਆਂ, ਸਿਕੀਂ ਡੀਹੇ ਰਾਤਿ
ਮੈਂਡੀਆਂ ਸਿਕਾਂ ਸਭ ਪੁਜੰਨਿ, ਜਾ ਪਿਰੀਆ ਪਾਈ ਝਾਤਿ।

੩

ਫਰੀਦਾ ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨੁ
ਜਿਸ ਤਨੁ ਬਿਰਹੁ ਨ ਊਪਜਹਿ, ਸੋ ਤਨ ਜਾਨੁ ਮਸਾਨੁ।
ਫਰੀਦਾ ਜਿਤੁ ਤਨੁ ਬਿਰਹਾ ਊਪਜੈ, ਤਿਤੁ ਤਨੁ ਕੈਸਾ ਮਾਸੁ
ਉਤ ਤਨਿ ਇਹ ਭਿ ਬਹੁਤ ਹੈ, ਹਾਡ ਚਾਮ ਅਰੁ ਮਾਸ।

੪

ਫਰੀਦਾ ਮੈਂ ਤਨ ਅਉਗਣ ਏਤੜੈ, ਜੇਤੇ ਧਰਤੀ ਕਖੁ
ਤਉ ਜੇਹਾ ਮੈਂ ਨ ਲਹਾਂ, ਮੈਂ ਜੇਹੀਆਂ ਕਈ ਲੱਖ।

੫

ਤਨ ਸਮੁੰਦ ਮਨਸਾ ਲਹਰੁ, ਅਰ ਤਾਰੂ ਤਰਹਿ ਅਨੇਕ
ਤੇ ਬਿਰਹੀ ਕਿਉਂ ਜੀਵਤੇ, ਜਿ ਆਹਿ ਨ ਕਰਤੇ ਏਕ।

੬

ਅਸਾਂ ਤੁਸਾਡੀ ਸੱਜਣੋ, ਅਠਹੁ ਪਹਰ ਸੰਮਾਲਿ
ਡੀਹੇ[3] ਵਸਹੁ ਮਨੈ ਮਹਿੰ, ਰਾਤੀ ਸੁਪਨੈ ਨਾਲਿ।

੭

ਪ੍ਰੀਤਮ ! ਤੁਮ ਮਤ ਜਾਨੀਅਹੁ, ਤੁਮ ਬਿਛਰਤ ਹਮ ਚੈਨ
ਦਾਧੇ ਬਨ ਕੀ ਲਾਕਰੀ,[4] ਸੁਲਗਤ ਹੌਂ ਦਿਨ ਰੈਨ।

੮

ਵਿਛੋੜਾ ਬੁਰਿਆਰੁ ਜਿਤੁ ਵਿਛੜੇ ਤਨ ਦੁਬਲਾ
ਸੇ ਮਾਹਣੂ ਹੈਂਸਿਆਰ[5] ਵਿਛੜਿ ਮੋਟੇ ਜੋ ਥੀਅਨਿ।

੯

ਜਾ ਮੂ ਲਗਾ ਨੇਹੁ, ਤਾਂ ਮੈਂ ਡੁਖ ਵਿਹਾਝਿਆ
ਝੁਰਾਂ ਹਭੋ ਹੀ ਡੇਹੁ, ਕਾਰਣ ਸਚੇ ਮਾ ਪਿਰੀ।

੧੦

ਫਰੀਦਾ ਏਹਿ ਜਿ ਜੰਗਲ ਰੁੱਖੜੇ, ਹਰੀਅਲ ਪੱਤ ਤਿਨਾਹ
ਪੋਥਾ ਲਿਖਿਆ ਅਰਥ ਦਾ, ਏਕਸ ਏਕਸ ਮਾਹਿ।

---

੧. ਯਾ ੨. ਤਾਂਘਦੀਆਂ ੩. ਦਿਨ ਵੇਲੇ ੪. ਜੰਗਲ ਦੀ ਸੜੀ ਲੱਕੜ ੫. ਮਨੁਖ ਹਤਿਆਰੇ ਹਨ।

Digitized by Panjab Digital Library | www.panjabdigilib.org

੧੧

ਫਰੀਦਾ ਅਕੈ ਤ ਲੋੜ ਮੁਕੱਦਮੀ[1] ਅਕੈ ਤ ਅੱਲਹੁ ਲੋੜ
ਦੁਹਿ ਬੇੜੀ ਨ ਲੱਤ ਧਰਿ, ਵੰਞਹਿ ਵੱਖਰ ਬੋੜਿ।

੧੨

ਫਰੀਦਾ ਚੂੜੇਲੀ ਸਿਉਂ ਰਤਿਆ, ਦੁਨੀਆ ਕੂੜਾ ਭੇਤ
ਏਨੀ ਅੱਖੀਂ ਦੇਖਦਿਆਂ, ਉਜੜਿ ਵੰਞਹਿ ਖੇਤ।

੧੩

ਫਰੀਦਾ ਤਨ ਰਹਿਆ ਮਨ ਫਟਿਆ, ਤਾਗਤਿ ਰਹੀ ਨ ਕਾਇ
ਉਠ ਪਿਰੀ ! ਤਬੀਬ ਥੀਉ, ਕਾਰੀ ਦਾਰੂ ਲਾਇ।

੧੪

ਕੰਤ ਨੇਹੁ ਤਨ ਗਾਰੁੜੀ, ਨਾਗਾਂ ਹਾਥ ਮਨਾਇ
ਵਿਸ ਗੰਦਲੀ ਮਸਦਹ ਨਗਰ, ਹੋਰੀਂ ਲਹੁਦ ਲਹਾਉ।

੧੫

ਫਰੀਦਾ ਪੈਰੀਂ ਕੰਡੇ ਪੰਧੜਾ, ਸੇਤੀ ਸੁਜਾਣਾ
ਭੱਠ ਹਿੰਡੋਲਹਿ[3] ਦਾ ਪੀਂਘਣਾ, ਸੇਤੀ ਅਜਾਣਾ।

੧੬

ਫਰੀਦਾ ਮੂ ਤਨਿ ਅਵਗਣ ਏਤੜੇ, ਚੰਮੀ ਅੰਦਰਵਾਰਿ
ਹਿਕ ਨਿਰੀ ਖੁਆਰੀ ਥੀ ਰਹਿਹਿ, ਜਿ ਡਿਸਨਿ ਬਾਹਰਵਾਰਿ।

੧੭

ਆਸਰਾ ਧਣੀ ਮੰਝਾਹਿ, ਕੋਇ ਨ ਲਾਹਹੁ ਕੱਢ ਤੂੰ
ਵੇ ਇਉਂ ਕਾਜ ਹਥਾਹੁ, ਵਰਿਆਣੇ ਸੱਚਾ ਧਣੀ।

੧੮

ਜੱਸਾ* ! ਸਿ ਰਾਤੀਂ ਵਡੀਆਂ, ਡੂ ਡੂ ਗਾਂਢਣੀਆਹ
ਤੁਮ ਇਕ ਜਾਲ ਨ ਸੰਘੀਆਂ[4], ਅਸਾਂ ਸਭੇ ਜਾਲਣੀਆਹ।

੧੯

ਫਰੀਦਾ ਲਹਿਰੀਂ ਸਾਇਰ[5] ਖੰਦੀਆਂ, ਭੀ ਸੋ ਹੰਸ ਤਰੰਨਿ
ਕਿਆ ਤਰੇਨਿ ਬਗ ਬਪੁੜੇ, ਜਿ ਪਹਿਲੀ ਲਹਰ ਡੁਬੰਨਿ।

੨੦

ਫਰੀਦਾ ਜੈ ਦਰ ਲਗੈ ਨੇਹੁ, ਸੋ ਦਰ ਨਾਹੀਂ ਛਡਣਾ
ਆਹ ਪਵਹਿ ਭਾਵੈਂ ਮੇਹੁ, ਸਿਰ ਹੀ ਉਪਰਿ ਝੱਲਣਾ।

੨੧

ਫਰੀਦਾ ਤਿੱਕਲ ਕਾਸਾ ਕਾਠ ਦਾ, ਵਾਸਾ ਵਿਚ ਵਣਾਂ
ਬਾਰੀਂ[6] ਅੰਦਰਿ ਜਾਲਣਾ, ਦਰਵੇਸ਼ਾਂ ਹਰਣਾ।

---

੧. ਦੁਨਿਆਵੀ ਚੋਧਰ ੨. ਚੂਹੜੀ ਜਾਂ ਚੁੜੇਲ ਮਾਇਆ ੩. ਝੂਲਣਾ।
*ਸ਼ੇਖ ਫਰੀਦ ਦਾ ਮਿਤ੍ਰ, ਜੱਸੂ ਲੁਹਾਰ।
੪. ਸਕੀਆਂ ੫. ਸਮੁੰਦਰ ੬. ਜੰਗਲਾਂ ਵਿਚ।

Digitized by Panjab Digital Library | www.panjabdigilib.org

੨੨
ਫਰੀਦਾ......,ਤਿੰਨੇ ਟੋਲ ਕੇਰਨਿ
ਮਿਠਾ ਬੋਲਣੁ, ਨਿਵ ਚਲਣੁ, ਹੱਥਹੁ ਭਿ ਕਿਝੁ ਦੇਇਨਿ।

੨੩
ਫਰੀਦਾ ਜਿਤੀ ਖੁਸ਼ੀਆਂ ਕੀਤੀਆਂ, ਤਿਤੀ ਥੀਅਮੁ ਰੋਗ
ਛਿਲੂੰ[1] ਕਾਰਣਿ ਮਾਰੀਐ, ਖਾਧੈ ਦਾ ਕਿਆ ਹੋਗੁ।

੨੪
ਫਰੀਦਾ ਪੈਰੀਂ ਬੇੜਾ ਠੇਲ੍ਹ ਕੈ, ਕੰਢੀ ਖੜਾ ਨ ਰੋਉ
ਵਤ ਨ ਆਵਣ ਥੀਸੀਆ, ਏਤਿ ਨ ਨੀਂਦੜੀ ਸਉ।

੨੫
ਫਰੀਦਾ ਸੁੱਤਿਅਹੁ ਨੀਂਦ ਮਤ ਪਵੰਦੇ ਈਵ
ਜਿਨਾਂ ਨੈਣ ਨੀਂਦ੍ਰਾਵਲੇ, ਧਣੀ ਮਿਲੰਦੇ ਕੀਵ।

੨੬
ਫਰੀਦਾ ਰਾਤੀਂ ਚਾਰ ਪਹਰ, ਡੂ ਸੁੱਤਾ ਡੂ ਜਾਗੁ
ਘਣਾ ਸੋਵਸੀ ਗੋਰ ਮਹਿ, ਲਹਸੀਆ ਏਹੁ ਵੈਰਾਗੁ।

੨੭
ਫਰੀਦਾ ਕਿਆ ਲੜ ਚਟੇ ਲਟ, ਥੀਂ ਜਾਈ ਚੁੰਜ ਵਣੇ
ਜੇ ਤੂ ਮਰਹਿ ਪਟ, ਤਾਂ ਕੇਹਾ ਤੇਰਾ ਸੋ ਪਿਰੀ।

੨੮
ਫਰੀਦਾ ਰਾਤੀਂ ਸੋਵਹਿ ਖੱਟ, ਡੀਹੇ ਪਿਟਹਿ ਪੇਟ ਕੂੰ
ਜਾ ਤਉ ਖਟਣ ਵੇਲ, ਤਡਾਂਹੀ ਤੇ ਹਹੁ ਰਹਿਆ।

੨੯
ਫਰੀਦਾ ਜਾਗਣਾ ਈ ਤ ਜਾਗ, ਰਾਤੜੀ ਹਭ ਵਿਧਾਣੀਆਂ[2]
ਜੇ ਮੂ ਮੱਥੇ ਭਾਗ, ਪਿਰੀ ਵਿਸਾਰਣ ਨ ਕਰਨਿ।

੩੦
ਫਰੀਦਾ ਹੇ ਜੀਆ ਖੜਸੀ ਜਬ ਅਤੈ ਕਸੀਸੀ ਸੁਵੰਨ ਜਿਉਂ
ਕਿਆ ਰਵਸੀ ਤਬ ਜਉ ਰਹਿਹੀ ਕੂੜਾ ਥੀਆ।

੩੧
ਫਰੀਦਾ ਸੋ ਦਰ ਸਚਾ ਸੇਵ, ਜਿਤ ਮੁਕਲੁਬਨੀ ਜਾਹਿ
ਰਿਜਮਸਤਕ ਹਡ ਖਉ, ਅਮਲ ਨ ਵਿਕਣ ਖਾਹਿ।

੩੨
ਫਰੀਦਾ ਪਿਰੀ ਵਿਸਾਰਨ ਬਿਆ ਰਵਨ ਕੁਬੁਧਿ ਚਵੇਨਿ
ਕੰਚਨ ਰਾਸ[3] ਵਿਸਾਰ ਕਰਿ, ਮੁਠੀ ਧੂੜਿ ਭਰੇਨਿ।

---

੧. ਛਿਲੱੜ ੨. ਪੀੜਤ, ਦੁਖੀ ੩. ਪੂੰਜੀ।

Digitized by Panjab Digital Library | www.panjabdigilib.org

੩੩

ਫਰੀਦਾ ਤੂ ਤੂ ਕਰੇਂਦੇ ਜੁ ਮੁਏ, ਮੁਏ ਭਿ ਤੂ ਤੂ ਕਰੰਨ
ਜਿਨੀ ਤੂੰ ਤੂੰ ਨ ਕੀਆ, ਤਿਨੀ ਨ ਸਿਞਾਤੋਂ ਤੰਨਿ
ਸਾਈਂ ਸੰਦੇ ਨਾਵਖੇ, ਦਾਇਮ ਪਿਰੀ ਚਵੰਨਿ
ਰੱਬ ਨ ਭੰਨੇ ਪੋਰਿਆ,[1] ਸੰਦੇ ਫਕੀਰੰਨ।

੩੪

ਫਰੀਦਾ ਜਿਨੀ ਦਾ ਸਬਰ ਕਮਾਣ, ਅਤੈ ਜ਼ਿਕਰ ਕਾਮਾਵਨਿ ਕਾਨੀਆਂ
ਓਨ੍ਹਾ ਮੰਦੇ ਬਾਣ, ਖ਼ਾਲਕ ਖਾਲੀ ਨਾਹਿ ਕਰੇ।

੩੫

ਫਰੀਦਾ ਦਰ ਦਸਾਣੀਆ ਕਾਨੀਆਂ, ਰਬ ਨੇ ਘੜਿਐਨ
ਲਗਣਿ ਤਿਨਾ ਮੁਨਾਫਕਾ, ਜੋ ਕਦਹੀਂ ਨ ਜਾਣੇਨਿ।

੩੬

ਫਰੀਦਾ ਕਦੇ ਆਹੋ ਹੇਕੜਾ, ਅਤੈ ਹੁਣ ਥੀਓ ਪ੍ਰਗਟ
ਏਵੀ ਪਾਵ ਮਸ਼ਾਹਰੋ, ਜਾ ਲਾਇ ਬੈਠਹੁ ਹਟ।

੩੭

ਫਰੀਦਾ ਕਡੈਂ ਅਹਿ ਹਿਕੜਾ,[2] ਅਤੈ ਹੁਣ ਭਿ ਥੀਸੀ ਹਿੱਕੁ
ਓਪਈਟੰਨਾ ਨ ਕਰੇ, ਤੈਹੀ ਲਾਇਅਸੁ ਸਿੱਕ।

੩੮

ਬੁੱਢਾ ਥੀਆ ਸ਼ੇਖ ਫਰੀਦ, ਕੰਬਣ ਲਗੇ ਟਾਲੁ
ਟਿੰਡੜੀਆਂ ਜਲ ਲਾਣੀਆਂ, ਤੁਟਨਿ ਲਗੀ ਮਾਹਲ।

੩੯

ਫਰੀਦਾ ਦਮਾਮਾਵਜਿਆ ਮੌਤ ਦਾ, ਚੜ੍ਹਿਆ ਮਲਕੁਲ ਮਉਤ
ਘਿੰਨਣ ਵਾਹੇ ਜਿੰਦੜੀ, ਢਾਹਣ ਵਾਹੇ ਕੋਟ।
ਕੋਟ ਢਠਾ ਗੜ੍ਹ ਲੁਟਿਆ, ਡੇਰੇ ਪਈ ਕ਼ਹਾਹੁ
ਜੀਵੰਦਿਆਂ ਦੇ ਹੋਰ ਰਾਹੁ, ਮੁਇਆਂ ਦੇ ਏਹੀ ਰਾਹੁ।

੪੦

ਅਜ ਕਿ ਕੱਲਕਿ ਚਹੁੰ ਦਿਹੀਂ, ਮਲਕ ਅਸਾਡੀ ਹੇਰ
ਕੈ ਜਿਤਾ ਕੈ ਹਾਰਿ ਓਹੁ, ਸਉਦਾ ਏਹੀ ਵੇਰ।

੪੧

ਫਰੀਦਾ ਕਰਨ ਹਕੂਮਤਿ ਦੁਨੀ ਦੀ, ਹਾਕਮ ਨਾਉ ਧਰੰਨਿ
ਅਗੇ ਧਉਲ ਪਿਆਦਿਆਂ, ਪਿਛੇ ਕੋਤ ਚਲੰਨਿ।
ਚੜ੍ਹ ਚਲਨਿ ਸੁਖਵਾਸਨੀ,[3] ਉਪਰਿ ਚਉਰ ਝੁਲੰਨਿ
ਸੇਜ ਵਿਛਾਵਣ ਪਾਹਰੂ, ਜਿਥੇ ਜਾਇ ਸਵੰਨਿ
ਤਿਨਾਂ ਜਨਾਂ ਦੀਆਂ ਢੇਰੀਆਂ, ਦੂਰਹੁੰ ਪਈਆਂ ਦਿਸੰਨਿ।

---

੧. ਬੀਜਿਆ ੨. ਕਦੀ ਇਕ ਇੱਕਲਾ ਸੀ ੩. ਪਾਲਕੀ।

Digitized by Panjab Digital Library | www.panjabdigilib.org

੪੨

ਫਰੀਦਾ ਇਹ ਮਹਜਦੀ[1] ਅਬੂਬੀਆਂ, ਰੱਖੀਆਂ ਰੱਬ ਸਵਾਰ
ਜਾਂ ਜਾਂ ਏਸ ਜਹਾਨਮਹਿੰ, ਤਾਂ ਤਾਂ ਦੇਖਹਿ ਜਾਰ।

੪੩

ਫਰੀਦਾ ਸੇ ਦਾੜ੍ਹੀਆਂ ਕੂੜਾਵੀਆਂ, ਜੋ ਸ਼ੈਤਾਨ ਭੁਚੰਨਿ
ਅਹਿਰਣ ਤਲੇ ਵਦਾਣ ਜਿਉਂ, ਦੋਜ਼ਕ ਖੜਿ ਧਰੀਅੰਨਿ।

੪੪

ਫਰੀਦਾ ਦਾੜ੍ਹੀਆਂ ਲਖ ਵਤੰਨਿ, ਹਭਿ ਨ ਹਿਕੋ ਜੇਹੀਆਂ
ਇਕ ਦਰਿ ਲਖ ਲਹੰਨਿ, ਹਿਕ ਕੱਖਹੁੰ ਕੰਨਉਂ ਹਉਲੀਆਂ।

੪੫

ਫਰੀਦਾ ਉੱਚਾ ਨ ਕਰ ਸੱਦੁ, ਰੱਬ ਦਿਲਾਂ ਦੀਆਂ ਜਾਣਦਾ
ਜੇ ਤੁਧ ਵਿਚ ਕਲੱਬ,[2] ਸੋ ਮੰਝਾਹੁ ਦੂਰ ਕਰਿ।

੪੬

ਫਰੀਦਾ ਦੁਨੀ ਦੇ ਲਾਲਚ ਲਗਿਆਂ, ਮਿਹਨਤ ਭੁੱਲ ਗਈ
ਜਾਂ ਸਿਰਿ ਆਈ ਅਪਣੇ, ਤਾਂ ਸਭੋ ਵਿਸਰਿ ਗਈ।

੪੭

ਫਰੀਦਾ ਇਕ ਵਿਹਾਜੇਂ ਲੂਣ, ਬਿਆ ਕਸਤੂਰੀ ਝੁੰਗ ਚਵਹਿ
ਬਾਹਰਿ ਲਾਇ ਸਬੂਣ, ਅੰਦਰਿ ਹੱਛਾ ਨ ਥੀਵਹਿ।

੪੮

ਫਰੀਦਾ ਜੰਗਲ ਢੂੰਡੇ ਸੰਘਣਾ, ਲੰਮੇ ਲੁੜਿਆ ਨ ਵਤਿ
ਤਨ ਹੁਜਰਾ ਦਰਗਾਹਿ ਦਾ, ਤਿਸ ਵਿਚਿ ਝਾਤੀ ਘੱਤਿ।

੪੯

ਫਰੀਦਾ ਹਾਥੀ ਸੋਨ ਅੰਬਾਰੀਆਂ, ਪੀਛੇ ਕਟਕ ਹਜ਼ਾਰ
ਜਾਂ ਸਿਰਿ ਆਵੀ ਆਪਣੇ, ਤਾਂ ਕੋ ਮੀਤ ਨ ਯਾਰ।

੫੦

ਫਰੀਦਾ ਜੇ ਤੂੰ ਵੰਞੇ ਹਜੁ, ਹੱਜ ਹਭੋਹੀ ਜੀਆ ਮੈ
ਲਾਹ ਦਿਲੇ ਦੀ ਲੱਜ, ਸੱਚਾ ਹਾਜੀ ਤਾਂ ਥੀਵਹਿੰ।

੫੧

ਫਰੀਦਾ ਮੰਞਿ ਮੱਕਾ ਮੰਞਿ ਮਾੜੀਆ, ਮੰਝਹਿ ਹੀ ਮਿਹਰਾਬ
ਮੰਝੇ ਹੀ ਕਾਬਾ ਥੀਆ, ਕੈਂਦੇ ਕਰੀ ਨਿਵਾਜ਼।

੫੨

ਫਰੀਦਾ 'ਮੈਂ' ਨੂੰ ਮੁੰਜ ਕਰਿ, ਨਿੱਕੀ ਕਰਿ ਕਰਿ ਕੁੱਟਿ
ਭਰੇ ਖਜ਼ਾਨੇ ਰੱਬ ਦੇ, ਜੋ ਭਾਵਹਿ ਸੋ ਲੁਟਿ।

---

੧. ਮਸੀਤ ੨. ਕੁੱਤਾ।

Digitized by Panjab Digital Library | www.panjabdigilib.org

੫੩

ਕੂਕ ਫਰੀਦਾ ਕੂਕ ਤੂ, ਜਿਉਂ ਰਾਖਾ ਜੁਆਰ
ਜਬ ਲਗ ਟਾਂਡਾ ਨ ਗਿਰੇ, ਤਬ ਲਗਿ ਕੂਕ ਪੁਕਾਰ।

੫੪

ਫਰੀਦਾ ਜੇ ਤੂ ਦਿਲ ਦਰਵੇਸ਼, ਰੱਖ ਅਕੀਦਾ ਸਾਮ੍ਹਣਾ
ਦਰਹੀਂ ਸੇਤੀ ਦੇਖ, ਮੱਥਾ ਮੋੜ ਨ ਕੰਡ ਦੇ।

੫੫

ਫਰੀਦਾ ਦਰਦ ਨ ਵੰਞਮਿ ਦਾਰੂਏਂ ਜਿ ਲੱਖ ਤਬੀਬ ਲਗੰਨਿ
ਚੰਗੀ ਭਲੀ ਥੀ ਬਹਾਂ, ਜੇ ਮੂੰ ਪਿਰੀ ਮਿਲੰਨਿ।

੫੬

ਜੇ ਜੇ ਜੀਵੇਂ ਦੁਨੀ ਤੇ, ਖੁਰੀਏ ਕਹੀਂ ਨ ਲਾਇ
ਇਕਹੁ ਖਫਣੁ ਰੱਖਕੈ, ਹੋਰ ਸਭਹੁ ਦੇਹਿ ਲੁਟਾਇ।

੫੭

ਫਰੀਦਾ ਜਾਂ ਜਾਂ ਜੀਵੇਂ ਦੁਨੀ ਤੇ, ਤਾਂ ਤਾਂ ਫਿਰ ਅਲਖ
ਦਰਗਾਹਿ ਸੱਚਾ ਤਾਂ ਥੀਵੈ, ਜਾਂ ਖਫਣੁ ਮੂਲ ਨ ਰੱਖ।

੫੮

ਫਰੀਦਾ ਮਾਉ ਮਹਿੰਡੀ ਕਮਲੀ, ਜਿਨ 'ਜੀਵਣ' ਰਖਿਓ ਨਾਉਂ
ਜਾਂ ਦਿਨ ਪੁੰਨੇ ਮਉਤ ਦੇ, ਨ ਜੀਵਣ ਨਾ ਨਾਉ।

੫੯

ਫਰੀਦਾ ਦਿਲ ਅੰਦਰਿ ਦਰੀਆਉ, ਕੰਢੀ[1] ਲਗਾ ਕੀ ਵਿਰੈ
ਟੁੱਭੀ ਮਾਰ ਮੰਝਾਹਿ, ਮੰਝਹੁ ਹੀ ਮਾਣਕ ਲਹਹਿੰ।

੬੦

ਟੁੱਭੀ ਮਾਰਨਿ ਗਾਖੜੀ,[2] ਸੱਧਰਾਂ ਲੱਖ ਕਰੇਨਿ
ਜਿਨ੍ਹਾਂ ਦਾ ਮਨ ਧ੍ਰਾਪਿਆ, ਸੇ ਮਾਣਕ ਲੱਭੇਨਿ।

੬੧

ਫਰੀਦਾ ਮਾਣਕ ਮੋਲ ਅਥਾਹੁ, ਕਦਰ ਕੀ ਜਾਣਹਿ ਸੀਸਗਰ[3]
ਇਕੇ ਤ ਗੂੜ੍ਹਾ ਸ਼ਾਹ, ਇਕੈ ਤ ਜਾਣਹਿ ਜਉਹਰੀ।

੬੨

ਫਰੀਦਾ ਇਕਨਾ ਮਤਿ ਖੁਦਾਇ ਦੀ, ਇਕਨਾ ਮੰਗ ਲਈ
ਇਕ ਦਿਤੀ ਮੂਲ ਨ ਘਿੰਨਦੇ, (ਜਿਉਂ) ਪੱਥਰ ਬੂੰਦ ਪਈ।

੬੩

ਫਰੀਦਾ ਵੱਡੀ ਏਹੁ ਬਹਾਦਰੀ, ਕਰਿ ਕੁਸੰਗ ਕੋ ਤਿਆਗ
ਦਰਗਹਿ ਥੀਵੀ ਮੁਖ ਉਜਲਾ, ਕੋਇ ਨ ਲਗਹਿ ਦਾਗੁ।

---

੧. ਕਿਨਾਰੇ ੨. ਔਖੀ ੩. ਕੱਚ ਦਾ ਕੰਮ ਕਰਨ ਵਾਲਾ

Digitized by Panjab Digital Library | www.panjabdigilib.org

੬੪
ਫਰੀਦਾ ਐਸਾ ਹੋਇ ਰਹੁ, ਜੈਸਾ ਕੱਖੁ ਮਸੀਤਿ
ਪੈਰਾਂ ਤਲੈ ਲਤਾੜੀਐ, ਕਦੇ ਨ ਛੋਡਹਿ ਪ੍ਰੀਤਿ।

੬੫
ਫਰੀਦਾ ਪਾਉਂ ਪਸਾਰ ਕੈ, ਅੱਠੇ ਪਹਰ ਹੀ ਸਉਂ
ਲੇਖਾ ਕੋਈ ਨ ਪੁਛਈ, ਜੇ ਵਿਚਹੁ ਜਾਵੀ ਹਉਂ।

੬੬
ਫਰੀਦਾ ਕੂਕੇਂਦੜਾ ਤ ਕੂਕ, ਕਦੇ ਤ ਰੱਬ ਸੁਣੇਸੀਆ
ਨਿਕਲ ਵੈਸੀ ਫੂਕ, ਤਾਂ ਫਿਰਿ ਕੂਕ ਨ ਹੋਸੀਆ।

੬੭
ਫਰੀਦਾ ਖੇਤੀ ਉਜੜੀ, ਗਿਰਵੀ ਪਰ ਰਹਿਆ ਮਾਲ
ਸਾਹਿਬ ਲੇਖਾ ਮੰਗਸੀ, ਬੰਦੇ ਕਉਣੁ ਹਵਾਲੁ।

੬੮
ਫਰੀਦਾ ਖੇਤੀ ਉਜੜੀ, ਸਚੇ ਸਿਉ ਲਿਵ ਲਾਇ
ਜੇ ਅਧ ਖਾਧੀ ਉਬਰਹਿ, ਤਾਂ ਫਲ ਬਹੁਤੇਰਾ ਪਾਇ।

੬੯
ਫਰੀਦਾ ਦਰ ਭੀੜਾ, ਘਰ ਸੰਕੜਾ, ਗੋਰ ਨਿਵਾਹੂ ਨਿਤ
ਦੇਖਿ ਫਰੀਦਾ ਜਿ ਥੀਆ, ਸੋ ਕਲ ਚਲੇ ਮਿਤ।

੭੦
ਫਰੀਦਾ ਦੇਹਿ ਜਰ ਜਰ ਭਈ, ਨੈਣੀਂ ਵਹੈ ਸਰੇਸ
ਸੈ ਕੋਹਾਂ ਮੰਜਾ ਭਇਆ, ਅੰਙਣ ਥੀਆ ਬਿਦੇਸ।

੭੧
ਫਰੀਦਾ ਚਲੇ ਪਰਦੇਸ ਕਉ, ਕੁਤਬ ਜੂ ਕੇ ਭਾਉ
ਸਾਂਪਾ ਜੋਧਾ ਨਾਹਰਾਂ, ਤੀਨੋ ਦਾਂਤ ਬੰਧਾਉ।

੭੨
ਫਰੀਦਾ ਜਾਗਣਾ ਈ ਤ ਜਾਗ, ਹੋਈਆ ਈ ਪ੍ਰਭਾਤਿ
ਇਸ ਜਾਗਣੁ ਨੋ ਪਛਤਾਹਿਗਾ ਘਣਾ ਸਵਹਿੰਗਾ ਰਾਤਿ।

Digitized by Panjab Digital Library | www.panjabdigilib.org

ਵਜ਼ੀਰ ਸਿੰਘ

ਫਰੀਦ ਦਾ ਨੈਤਿਕ ਫਲਸਫਾ

ਫ਼ਰੀਦ-ਬਾਣੀ ਵਿਚ ਅਧਿਆਤਮਿਕ ਅਤੇ ਨੈਤਿਕ ਦੋ ਮੁਖੀ ਧਾਰਾਵਾਂ ਹਨ। ਦੋਹਾਂ ਵਿਚ ਫ਼ਰੀਦ ਦਾ ਡੂੰਘਾ ਮਨੁੱਖ-ਸਨੇਹ ਤੇ ਮਾਨਵ-ਦਰਦ ਭਾਵਾਂ-ਭਿੱਜੀ ਸ਼ੈਲੀ ਵਿਚ ਵਿਅਕਤ ਹੋਇਆ ਹੈ। ਪੰਜਾਬੀ ਵਿਚ ਰਚੇ ਸਲੋਕਾਂ ਅਤੇ ਸ਼ਬਦਾਂ ਤੋਂ ਬਿਨਾਂ ਫ਼ਾਰਸੀ ਵਿਚ ਫ਼ਰੀਦ ਜੀ ਦੀ ਜੋ ਰਚਨਾ ਪ੍ਰਾਪਤ ਹੈ, ਉਸ ਵਿਚੋਂ ਅਮੀਰ ਖ਼ੁਰਦ ਦੇ ਹਵਾਲੇ ਨਾਲ ਡਾ. ਨਿਜ਼ਾਮੀ ਨੇ ਕੁਝ ਟੂਕਾਂ ਦਿੱਤੀਆਂ ਹਨ, ਜਿਨ੍ਹਾਂ ਵਿਚ ਬਾਬਾ ਫ਼ਰੀਦ ਨਿਰੋਲ ਨੈਤਿਕ ਚਿੰਤਕ ਦੇ ਰੂਪ ਵਿਚ ਪਰਗਟ ਹੁੰਦਾ ਹੈ। ਅਧਿਆਤਮਿਕ ਪ੍ਰਾਪਤੀ ਦੀ ਜੋ ਪ੍ਰੇਰਨਾ ਉਸ ਦੇ ਉਪਦੇਸ਼ਾਂ ਵਿਚ ਮਿਲਦੀ ਹੈ, ਉਸ ਦਾ ਮਨੋਰਥ ਵੀ ਮਨੁੱਖ ਨੂੰ ਸਦਾਚਾਰਕ ਬਲ ਦੇਣਾ ਜਾਪਦਾ ਹੈ। ਫ਼ਾਰਸੀ ਦੇ ਸਰੋਤਾਂ ਤੋਂ ਪ੍ਰਾਪਤ ਸਿਖਿਆ ਦੀ ਪੰਜਾਬੀ ਸਲੋਕਾਂ ਦੀ ਨੈਤਿਕ ਭਾਵਨਾ ਨਾਲ ਕਾਫ਼ੀ ਸਮਾਨਤਾ ਹੈ, ਚਾਹੇ ਉਸ ਵਿਚ ਦੁਨੀਆਂਦਾਰੀ ਦੇ ਪੱਖ ਤੋਂ ਅਜਿਹੀਆਂ ਨਸੀਹਤਾਂ ਦੀ ਭਰਮਾਰ ਵੀ ਹੈ, ਜੋ ਫ਼ਰੀਦ-ਬਾਣੀ ਦੀ ਸਮੁੱਚੀ ਅਧਿਆਤਮਿਕ-ਨੈਤਿਕ ਰੰਗਣ ਦੇ ਅਨੁਕੂਲ ਨਹੀਂ। ਨੈਤਿਕ ਫ਼ਲਸਫ਼ੇ ਦੇ ਅਧਿਐਨ ਲਈ ਫ਼ਰੀਦ ਦੀ ਪੰਜਾਬੀ ਵਿਚ ਰਚੀ ਬਾਣੀ ਨੂੰ ਆਧਾਰ ਬਣਾਉਣਾ ਵਧੇਰੇ ਉਚਿਤ ਜਾਪਦਾ ਹੈ।

ਮਨੁੱਖ ਦੀ ਸਥਿਤੀ

ਫ਼ਰੀਦ ਦੇ ਸਲੋਕਾਂ ਤੇ ਸ਼ਬਦਾਂ ਵਿਚ, ਮਨੁੱਖ-ਮਾਤਰ ਨੂੰ ਸਦਾਚਾਰਕ ਸੰਕਟ ਦੀ ਐਸੀ ਸਥਿਤੀ ਵਿਚ ਗ੍ਰਸਿਤ ਦੱਸਿਆ ਹੈ, ਜੋ ਗੰਭੀਰ ਚਿੰਤਨ ਤੇ ਉਪਰਾਲੇ ਲਈ ਹਲੂਣਦੀ ਹੈ। ਮਨੁੱਖ ਦਿਲ-ਖਿੱਚਵੀਂ ਪਰ ਅਰਥਹੀਣ ਦੁਨੀਆਂ ਵਿਚ ਭਟਕਦਾ ਫਿਰਦਾ ਹੈ, ਜਿਸ ਨੂੰ ਫ਼ਰੀਦ ਨੇ "ਦੁਨੀ ਸੁਹਾਵਾ ਬਾਗ" ਆਖਿਆ ਹੈ। ਬਾਗ਼ ਵਿਚ ਪੰਛੀ ਪਰਾਹੁਣੇ ਵਾਂਗ ਰਾਤ ਕੱਟਦਾ ਹੈ, ਅਤੇ ਸਵੇਰ ਹੁੰਦਿਆਂ ਹੀ ਨਵੀਂ ਮੰਜ਼ਿਲ ਵੱਲ ਉਡਾਰੀ ਮਾਰ ਜਾਂਦਾ ਹੈ। ਜੇਕਰ ਇਹ ਸੋਝੀ ਹੋ ਜਾਵੇ ਕਿ ਆਖ਼ਿਰ ਇਥੋਂ ਤੁਰ ਜਾਣਾ ਹੈ ਅਤੇ ਮੁੜ ਕੇ ਵਾਪਸ ਨਹੀਂ ਆਉਣਾ, ਤਾਂ "ਝੂਠੀ ਦੁਨੀਆਂ" ਵਿਚ ਗ਼ਲਤਾਨ ਹੋ ਕੇ ਮਨੁੱਖ ਆਪਣੀ ਹਾਨੀ ਨਾ ਕਰੇ। ਫ਼ਰੀਦ ਦੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਗੁਰੂ ਅਰਜਨ ਨੇ ਇੰਜ ਕੀਤੀ ਹੈ—"ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ, ਦੁਨੀ ਨ ਕਿਤੈ ਕੰਮਿ।" ਦੁਨੀਆਂ ਵਿਚ ਇਨਸਾਨ ਦਾ ਮਾਰਗ ਚਿੰਤਾ ਤੇ ਉਦਾਸੀ-ਭਰਿਆ ਹੈ, ਜੋ ਤਲਵਾਰ ਦੀ ਧਾਰ ਤੋਂ ਤਿੱਖਾ ਹੈ। 'ਸਵੇਰਾ' ਹੋ ਗਿਆ ਹੈ, ਹੁਣ ਇਥੋਂ ਕੂਚ ਕਰਨ ਦੀ ਸੋਚ। ਪਰ ਦੁਨੀਆਂ, ਫ਼ਰੀਦ ਅਨੁਸਾਰ, ਅਜਿਹੀ ਗੁੱਝੀ ਅੱਗ ਹੈ, ਜਿਸ ਵਿਚ ਨਾ ਕੁਝ ਸੁਝਦਾ ਹੈ, ਨਾ ਬੁਝਦਾ ਹੈ।

ਮਨੁੱਖ ਦਾ ਜੀਵਨ ਕੀ ਹੈ?—"ਕੰਧੀ ਉਤੈ ਰੁਖੜਾ, ਕਿਚਰਕੁ ਬੰਨੈ ਧੀਰੁ। ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ।" ਇਸ ਜੀਵਨ ਵਿਚ ਚਿੰਤਾ ਦੀ ਚਾਰਪਾਈ ਹੈ, ਦੁਖਾਂ ਦਾ ਵਾਣ ਹੈ, ਬਿਰਹਾ ਦਾ ਬਿਸਤਰਾ ਹੈ। ਦਿਨ ਦੇ ਚਾਰ ਪਹਿਰ ਬੰਦਾ ਖਾ ਹੰਢਾ ਕੇ, ਅਤੇ ਬਾਕੀ ਦੇ ਚਾਰ ਪਹਿਰ ਸੌਂ ਕੇ ਗੁਆ ਛੱਡਦਾ ਹੈ। ਬੁਢਾਪੇ ਵਿਚ ਸਰੀਰ ਸਿੱਥਲ ਪੈ ਜਾਂਦਾ ਹੈ; ਚਾਹੇ ਸੌ ਵਰ੍ਹਾ ਜੀ ਲਉ—"ਭੀ ਤਨੁ ਹੋਸੀ ਖੇਹ।" ਸ਼ਾਨ-ਸ਼ੌਕਤ ਵਾਲੇ, ਰਾਜੇ ਮਹਾਰਾਜੇ, ਕੋਠੇ ਮੰਡਪ ਮਾੜੀਆਂ ਦੇ ਨਿਵਾਸੀ, ਸਭ ਜੀਵਨ ਦਾ ਕੂੜਾ ਸੌਦਾ ਕਰ ਕੇ ਅੰਤ ਮਿੱਟੀ ਵਿਚ ਜਾ ਮਿਲੇ ਹਨ। ਫ਼ਰੀਦ ਪੁੱਛਦਾ ਹੈ—ਕਿੱਥੇ ਹੈਣ ਤੇਰੇ ਮਾਪੇ, ਜਿਨ੍ਹਾਂ ਤੈਨੂੰ ਜਾਣਿਆ ਸੀ? ਏਨਾ ਅਨੁਭਵ ਹੁੰਦਿਆਂ ਵੀ ਤੇਰੀ ਨਿਸ਼ਾ ਨਹੀਂ ਹੋਈ? ਫਿਰ ਵੀ ਤੂੰ ਹੋਰ ਲੋਕਾਂ ਵਾਂਗ ਦੁਨੀਆਂਦਾਰੀ ਦੀ ਪੋਟਲੀ ਚੁੱਕੀ ਫਿਰਦਾ ਹੈਂ। ਮਨੁੱਖ ਨੂੰ ਵਕਤ ਦੀ ਕੋਈ ਸਾਰ ਨਹੀਂ ਜਾਪਦੀ; ਜਦੋਂ ਖੱਟਣ ਦਾ ਵੇਲਾ ਸੀ, ਉਹ ਦੁਨੀਆਂ ਨਾਲ ਮੋਹ ਪਾਈ ਬੈਠਾ ਸੀ; ਜਦੋਂ ਬਾਦਬਾਨ ਚੜ੍ਹਾਉਣ ਦਾ ਵੇਲਾ ਸੀ, ਉਦੋਂ ਬੇੜਾ ਬੰਨ੍ਹ ਨਾ ਸਕਿਆ, ਹੁਣ ਉਛਾਲੇ ਮਾਰਦੀਆਂ ਤਰੰਗਾਂ ਵਿਚ ਬੇੜੀ ਕਿਵੇਂ ਤਰੇਗੀ? ਜੀਵਨ ਦੇ ਮਾਮਲੇ ਦੁਖਾਂ ਦਾ ਘਰ ਹਨ; ਇਸ ਨਾਲੋਂ ਤਾਂ ਚੰਗਾ ਸੀ ਜਿਸ ਦਿਨ ਦਾਈ ਨੇ ਨਾੜੂ ਕੱਟਿਆ ਸੀ, ਜ਼ਰਾ ਗਲਾ ਹੀ ਕੱਟ ਛੱਡਦੀ। ਪਰ ਦੁਖ ਕੇਵਲ ਮੈਨੂੰ ਹੀ ਨਹੀਂ ਚੰਮੜੇ ਹੋਏ, ਸਾਰੇ ਜਗਤ ਦਾ ਇਹੋ ਹਾਲ ਹੈ—"ਊਚੇ ਚੜਿ ਕੈ ਦੇਖਿਆ, ਤਾਂ ਘਰਿ ਘਰਿ ਏਹਾ ਅਗਿ।" ਇਥੇ ਗੁਰੂ ਅਰਜਨ ਦੀ ਟਿੱਪਣੀ ਇੰਜ ਹੈ—"ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗ। ਜੋ ਜਨ ਪੀਰਿ ਨਿਵਾਜਿਆ, ਤਿੰਨਾ ਅੰਚ ਨ ਲਾਗ।"

ਮਨੁੱਖ ਦਾ ਸਰੀਰ ਵੀ ਸਥਿਰ ਨਹੀਂ। ਫ਼ਰੀਦ ਨੇ ਭੂਰੀ ਦਾੜ੍ਹੀ, ਚਿੱਟੇ ਵਾਲਾਂ ਦਾ ਬਾਰ ਬਾਰ ਜ਼ਿਕਰ ਕੀਤਾ ਹੈ,—ਜੋ ਇਹ ਯਾਦ ਕਰਾਉਂਦੇ ਹਨ ਕਿ ਅੱਗਾ ਨੇੜੇ ਆ ਰਿਹਾ ਹੈ, ਪਿੱਛਾ ਦੂਰ ਰਹਿ ਗਿਆ ਹੈ। ਅੱਖਾਂ ਤੇ ਕੰਨ ਨਿਰਬਲ ਹੋ ਗਏ ਹਨ; ਲੱਤਾਂ ਤੁਰਨੋਂ ਰਹਿ ਗਈਆਂ ਹਨ; ਸਰੀਰ ਦੀ ਦਿੱਖ ਹੀ ਬਦਲ ਗਈ ਹੈ; ਨਜ਼ਾਕਤਾਂ ਦਾ ਅੰਤ ਹੋ ਗਿਆ ਹੈ। "ਫਰੀਦਾ, ਸਿਰੁ ਪਲਿਆ, ਦਾੜੀ ਪਲੀ, ਮੁਛਾਂ ਭੀ ਪਲੀਆਂ। ਰੇ ਮਨ

Digitized by Panjab Digital Library | www.panjabdigilib.org

ਗਹਿਲੇ ਬਾਵਲੇ, ਮਾਣਹਿ ਕਿਆ ਰਲੀਆਂ।" ਦੁਨੀਆਂ ਦੀਆਂ ਚਹੁੰ ਕੂੰਟਾਂ ਵਿਚ ਕਿਧਰੇ ਸਥਿਰਤਾ ਨਹੀਂ, ਰੁੱਤਾਂ ਫਿਰ ਜਾਂਦੀਆਂ ਹਨ, ਬਹਾਰ ਤੋਂ ਪੱਤ-ਝੜ ਆ ਜਾਂਦੀ ਹੈ; ਸਰੀਰ ਨੇ ਵੀ ਸੁੱਕ ਕੇ ਪਿੰਜਰ ਹੋ ਜਾਣਾ ਹੈ, ਤੇ ਕਿਸੇ ਦਿਨ ਕਾਂਵਾਂ ਨੇ ਮੁਰਦੇ ਦੀਆਂ ਤਲੀਆਂ ਚੂੰਡਣੀਆਂ ਹਨ। ਬੰਦੇ ਦੀ ਮੂਰਖਤਾ ਦੇਖੋ, ਫੇਰ ਵੀ ਬੇਪਰਵਾਹ ਤੁਰਿਆ ਫਿਰਦਾ ਹੈ। ਜਦੋਂ ਅਚਿੰਤੇ ਹੀ ਬਾਜ਼ ਆ ਪਏ, ਸਭ ਮੌਜਾਂ, ਕਲੋਲ ਵਿਸਰ ਜਾਣਗੇ; ਇਹ 'ਸਾਢੇ ਤ੍ਰੈ ਮਣ' ਦੀ ਦੇਹ ਮੌਤ ਦੇ ਫਰਿਸ਼ਤੇ ਨੇ ਸੰਭਾਲ ਲੈਣੀ ਹੈ। ਜੁਆਨੀ ਵੇਲੇ ਤਾਂ ਬੜਾ ਮਾਣ ਹੁੰਦਾ ਹੈ, ਬੇਪਰਵਾਹੀ ਹੁੰਦੀ ਹੈ, ਪਰ ਜੁਆਨੀ ਦੀ ਖੁਸ਼ਬੂਈ ਜਦੋਂ ਮੁੱਕ ਗਈ, ਹਿੰਗ ਦੀ ਡਲੀ ਬੋ ਮਾਰਦੀ ਰਹਿ ਜਾਏਗੀ। ਮੂਰਖ ਮਨ ਜਾਣਦਾ ਨਹੀਂ, ਸਿਰ ਨੂੰ ਹੀ ਕਿਸੇ ਦਿਨ ਮਿੱਟੀ ਨੇ ਖਾ ਲੈਣਾ ਹੈ—ਇਹ ਸਿਰ-ਬੰਨ੍ਹੀ ਪੱਗ ਤੋਂ ਘੱਟਾ ਮਿੱਟੀ ਝਾੜਨ ਦੇ ਆਹਰ ਵਿਚ ਹੈ।

ਕੀ ਤਕਦੀਰ ਹੈ ਮਨੁੱਖ ਦੀ, ਕੀ ਭਾਗ ਹਨ ਬੰਦੇ ਦੇ ? ਸ਼ੈਤਾਨ ਨੇ ਉਸ ਨੂੰ ਐਸਾ ਭੁਲੇਖੇ ਵਿਚ ਪਾ ਰਖਿਆ ਹੈ, ਉਹ ਕੋਈ ਅਕਲ ਦੀ ਗੱਲ, ਕੋਈ ਮੱਤ ਸੁਣਦਾ ਹੀ ਨਹੀਂ। ਗੱਲਾਂ ਵਾਲੇ ਤਾਂ ਵੀਹ ਫਿਰਦੇ ਹਨ, ਸੱਚਾ ਮਿੱਤਰ ਕੋਈ ਢੂੰਡਿਆਂ ਨਹੀਂ ਮਿਲਦਾ। ਫ਼ਰੀਦ ਮਨੁੱਖ ਦੀ ਇਸ ਹੋਣੀ ਬਾਰੇ ਚਿੰਤਾਤੁਰ ਹੈ; ਉਹ ਇਸ ਨਿਰਾਸ਼ਾਜਨਕ ਸਥਿਤੀ ਵਿਚੋਂ ਮਨੁੱਖ ਨੂੰ ਕੱਢਣ ਲਈ ਬੇਤਾਬ ਹੈ। ਫ਼ਰੀਦ ਦੀ ਨੈਤਿਕਤਾ ਇਸ ਵਿਚ ਨਹੀਂ ਕਿ ਉਸ ਨੇ ਮਨੁੱਖ ਦੀ ਸਥਿਤੀ ਦਾ ਵਿਸ਼ਲੇਸ਼ਣ ਦੇ ਕੇ, ਉਸ ਨੂੰ ਤਾੜਨਾ ਕਰ ਦਿੱਤੀ ਹੈ; ਸਗੋਂ ਉਸ ਨੇ ਜੀਵਨ-ਭਰ ਦੇ ਤਜਰਬੇ ਦਾ ਨਿਚੋੜ, ਸਦਾਚਾਰਕ ਨਿਯਮਾਂ ਦੇ ਰੂਪ ਵਿਚ, ਸਲੋਕਾਂ ਤੇ ਸ਼ਬਦਾਂ ਰਾਹੀਂ ਪ੍ਰਸਤੁਤ ਕੀਤਾ ਹੈ। ਮਨੁੱਖ ਦਾ ਮਾਨਸਿਕ ਸੰਤਾਪ ਤੇ ਕਲੇਸ਼ ਨਿਵਾਰਨ ਲਈ, ਫ਼ਰੀਦ ਕੋਲ ਇਸ ਤੋਂ ਬਿਹਤਰ ਢੰਗ ਹੋਰ ਕੋਈ ਨਹੀਂ।

ਨੈਤਿਕ ਨਿਯਮ

ਬਾਬਾ ਫ਼ਰੀਦ ਦੀ ਨੈਤਿਕ ਸਿਖਿਆ ਵਿਚ ਸ੍ਵੈ-ਕਾਬੂ ਕੇਂਦਰੀ ਨਿਯਮ ਹੈ, ਜਿਸ ਦਾ ਪ੍ਰਗਟਾਵਾ ਵੱਖ ਵੱਖ ਰੂਪਾਂ ਵਿਚ ਹੋਇਆ ਹੈ। ਕੁਝ ਦ੍ਰਿਸ਼ਟਾਂਤ ਇਹ ਹਨ :

ਫਰੀਦਾ ਮਨ ਮੈਦਾਨੁ ਕਰਿ, ਟੋਏ ਟਿਬੇ ਲਾਹਿ।

* * *

ਫਰੀਦਾ ਕੋਠੇ ਮੰਡਪ ਮਾੜੀਆ, ਏਤੁ ਨ ਲਾਏ ਚਿਤੁ।

* * *

ਫਰੀਦਾ, ਦੇਖ ਪਰਾਈ ਚੋਪੜੀ ਨਾ ਤਰਸਾਏ ਜੀਉ।

* * *

ਆਜੁ ਮਿਲਾਵਾ ਸੇਖ ਫਰੀਦ, ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।

ਮਨ ਦੀ ਸੰਤੁਲਿਤ ਅਵਸਥਾ, ਜਿਸ ਵਿਚ ਦੁਖ-ਸੁਖ ਤੇ ਵਾਸ਼ਨਾ-ਵਿਕਾਰ, ਤਨ ਦੀਆਂ ਭਉਕਣੀਆਂ ਤੇ ਕਾਮਨਾ ਦੀਆਂ ਕੂੰਜਾਂ ਕੋਈ ਵਿਘਣ ਨਹੀਂ ਪਾਉਂਦੀਆਂ, ਫ਼ਰੀਦ ਦਾ ਨੈਤਿਕ ਉੱਦੇਸ਼ ਹੈ। ਗੁਰੂ ਅਰਜਨ ਦੀ ਟਿੱਪਣੀ ਇਸ ਉੱਦੇਸ਼ ਦੀ ਪੁਸ਼ਟੀ ਕਰਦੀ ਹੈ—"ਫਰੀਦਾ, ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ।" ਜੀਵਨ ਦੇ ਸੀਮਿਤ ਪਲ ਧਿਆਨ ਨਾਲ ਬਿਤਾਉਣ ਦੀ ਲੋੜ ਹੈ; ਇਨ੍ਹਾਂ ਨੂੰ ਹੱਥਾਂ ਵਿਚੋਂ ਕਿਰਨ ਨਾ ਦੇਈਏ,—ਜੇ ਤਿਲ ਥੋੜੇ ਹੋਣ, ਤਾਂ ਸੰਭਲ ਕੇ ਬੁੱਕ ਭਰੀਏ। ਸਿਆਣਿਆਂ ਦੀ ਪੁਕਾਰ ਕੰਨੀਂ ਪੈ ਰਹੀ ਹੈ—ਆਪਣੇ ਆਪ ਨੂੰ ਲੁਟਾਈ ਨਾ ਚੱਲੋ।

ਸ੍ਵੈ-ਕਾਬੂ ਦਾ ਇਕ ਹੋਰ ਪੱਖ ਸਬਰ, ਸੰਤੋਖ ਤੇ ਸਹਿਨਸ਼ੀਲਤਾ ਦੇ ਰੂਪ ਵਿਚ ਵਿਅਕਤ ਹੋਇਆ ਹੈ। ਫ਼ਰੀਦ ਨੂੰ ਭਰੋਸਾ ਹੈ ਕਿ ਸਬਰ ਦਾ ਤੀਰ ਖ਼ਾਲੀ ਨਹੀਂ ਜਾਏਗਾ। ਪਰ ਬੰਦਾ ਸਬਰ ਦਾ ਦਰਿਆ ਬਣ ਕੇ ਵੱਗੇ, ਨਾ ਕਿ ਛੋਟੀ-ਮੋਟੀ ਖਾਲ। ਆਪ ਰੁਖੀ-ਸੁਖੀ ਖਾ ਕੇ ਠੰਢਾ ਪਾਣੀ ਪੀ ਛੱਡੇ, ਪਰ ਹੋਰਨਾਂ ਲਈ ਦਰਵੇਸ਼ਾਂ ਵਾਲੀ ਬਿਰਤੀ ਧਾਰਨ ਕਰੇ, ਜਿਨ੍ਹਾਂ ਪਾਸ 'ਰੁਖਾਂ ਦੀ ਜੀਰਾਂਦਿ' ਤੇ ਸਹਿਨਸ਼ੀਲਤਾ ਹੁੰਦੀ ਹੈ। ਫ਼ਰੀਦ ਆਪਣਾ ਨੁਕਤਾਚੀਨ ਆਪ ਬਣਨ ਦੀ ਸਿਫ਼ਾਰਿਸ਼ ਕਰਦਾ ਹੈ :

ਫਰੀਦਾ, ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖੁ।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।

ਕਿਸੇ ਨੂੰ ਬੁਰਾ ਕਿਉਂ ਕਹੀਏ, ਜੇ ਆਪਣੇ ਔਗੁਣਾਂ ਦਾ ਅਨੁਭਵ ਹੋਵੇ ? ਫਿੱਕਾ ਬੋਲ ਕੇ ਕਿਸੇ ਦਾ ਦਿਲ ਕਿਉਂ ਦੁਖਾਈਏ ? ਜੇ ਸਭ ਹਿਰਦਿਆਂ ਵਿਚ 'ਸੱਚਾ ਧਨੀ' ਵਸਦਾ ਹੈ, ਤਾਂ ਕਿਸੇ ਦਾ ਮਨ-ਮਾਣਿਕ ਕਿਉਂ ਤੋੜੀਏ ?

ਫ਼ਰੀਦ ਦੀ ਨੈਤਿਕਤਾ ਦਾ ਇਕ ਸਿਧ-ਪੱਧਰਾ, ਪਰ ਗੰਭੀਰ ਤੇ ਕਰੜਾ ਨਿਯਮ ਇਨ੍ਹਾਂ ਸ਼ਬਦਾਂ ਵਿਚ ਪ੍ਰਸਤੁਤ ਹੈ :

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ।

Digitized by Panjab Digital Library | www.panjabdigilib.org

ਬੁਰੇ ਦਾ ਬੁਰਾ ਚਿਤਵਣਾ ਤੇ ਬੁਰਾ ਕਰਨਾ ਮਨੁੱਖ ਦਾ ਸੁਭਾਵਕ ਕਰਮ ਹੈ। ਪਰ ਸਦਾਚਾਰਕ ਪੱਧਰ ਉਤੇ, ਸੁਭਾਵਕ ਮਨੋ-ਤਰੰਗਾਂ ਨੂੰ ਕਿਸੇ ਸੁਲਝੀ ਹੋਈ ਨਿਯਮਾਵਲੀ ਦੇ ਅਧੀਨ ਲਿਆਉਣਾ ਜ਼ਰੂਰੀ ਹੋ ਜਾਂਦਾ ਹੈ। ਕ੍ਰੋਧ ਅਤੇ ਬਦਲੇ ਦੀ ਭਾਵਨਾ ਉਤੇ ਵਸੀਕਾਰ ਨੈਤਿਕ ਜੀਵਨ ਦੀ ਵਿਆਪਕ ਸਿਖਿਆ ਹੈ, ਜੋ ਉਚੇਰੀ ਜੀਵਨ-ਜਾਚ ਦਾ ਆਧਾਰ ਬਣ ਸਕਦੀ ਹੈ। ਫ਼ਰੀਦ ਨੇ ਤਾਕਤ ਦੀ ਕੁਚੱਜੀ ਵਰਤੋਂ ਦੇ ਵਿਰੁੱਧ ਵੀ ਤਾੜਨਾ ਕੀਤੀ ਹੈ। ਜੇ ਤੂੰ ਦਰਿਆ ਹੈਂ, ਤਾਂ ਆਸੇ ਪਾਸੇ ਦੇ ਕੰਢੇ ਨਾ ਢਾਹੀ ਜਾ; ਤੂੰ ਵੀ ਕਿਸੇ ਅੱਗੇ ਉੱਤਰਦਿਹ ਹੈਂ। ਇਥੇ ਹਲੀਮੀ ਤੇ ਨਿਰਮਾਣਤਾ ਦਾ ਸਬਕ ਸਪੱਸ਼ਟ ਹੈ। ਆਪ ਬੇਸ਼ੱਕ ਪੈਰਾਂ ਹੇਠ ਆਉਣ ਵਾਲੀ ਦੱਭ ਬਣ ਜਾਹ, ਪਰ ਕਿਸੇ ਨੀਵੇਂ ਨਿਤਾਣੇ, ਪੈਰਾਂ ਹੇਠਲੀ ਖ਼ਾਕ ਦੀ ਵੀ ਨਿੰਦਾ ਨਾ ਕਰ, ਖ਼ਾਕ ਜਿੱਡਾ ਕੌਣ ਹੈ ? ਜੇਕਰ ਤੇਰੇ ਉਤੇ ਕੋਈ ਹਮਲਾ ਵੀ ਕਰ ਜਾਏ, ਤਾਂ ਉੱਤਰ ਵਿਚ ਤੂੰ ਉਸ ਉਤੇ ਹੱਥ ਨਹੀਂ ਚੁੱਕਣਾ। ਨੈਤਿਕਤਾ ਦੀ ਇਹ ਪੱਧਰ ਸ਼ਾਇਦ ਅਸਾਧਾਰਨ ਦਲੇਰੀ ਦੀ ਮੰਗ ਕਰਦੀ ਹੈ।

ਫ਼ਰੀਦ ਨੇ ਭਾਰਤੀ ਦਾਰਸ਼ਨਿਕ ਪਰੰਪਰਾ ਦੇ 'ਕਰਮ' ਤੇ 'ਧਰਮ' ਦੇ ਸੰਕਲਪਾਂ ਨੂੰ ਵੀ ਆਪਣੇ ਨੈਤਿਕ ਵਿਚਾਰਾਂ ਵਿਚ ਥਾਂ ਦਿੱਤੀ ਹੈ। "ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ। ਜੋ ਗੁਰ ਦਸੈ ਵਾਟ, ਮੁਰੀਦਾ ਜੋਲੀਐ।" ਅਤੇ ਕਰਮ ਦੇ ਫਲ ਬਾਰੇ—"ਮੰਦੇ ਅਮਲ ਕਰੇਦਿਆ, ਏਹ ਸਜਾਇ ਤਿਨਾਹ।" ਇਸੇ ਤਰ੍ਹਾਂ : "ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ।" ਨੇਕ ਕਰਨੀ ਵਾਲਾ ਵਿਅਕਤੀ, ਜਿਸ ਦੀ ਆਤਮਾ ਨਿਰਮਲ ਹੈ, ਦੁਨੀਆਂ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਹੈ, ਉਸ ਹੰਸ ਵਾਂਗ ਜੋ ਕੋਧਰੇ ਦੇ ਖੇਤ ਵਿਚ ਆ ਪਿਆ ਹੈ, ਪਰ ਕੋਧਰਾ ਨਹੀਂ ਚੁਗਦਾ। ਫ਼ਰੀਦ ਨੇ ਦੰਭ ਤੇ ਪਾਖੰਡ ਦੀ ਆਲੋਚਨਾ ਕਰਦਿਆਂ ਐਸੇ ਵਿਅਕਤੀ ਦਾ ਚਿੱਤਰ ਦਿੱਤਾ ਹੈ, ਜੋ ਸੂਫ਼ੀ ਫਕੀਰਾਂ ਦਾ ਵੇਸ ਧਾਰਨ ਕਰੀ ਬੈਠਾ ਹੈ, ਮੂੰਹੋਂ ਮਿੱਠਾ ਬੋਲਦਾ ਹੈ, ਪਰ ਅੰਦਰੋਂ ਛੁਰੀ ਚਲਾਉਣ ਦੀ ਸੋਚਦਾ ਹੈ—"ਬਾਹਰਿ ਦਿਸੈ ਚਾਨਣਾ, ਦਿਲਿ ਅੰਧਿਆਰੀ ਰਾਤਿ।"—ਜਿਵੇਂ ਗੁਰੂ ਨਾਨਕ ਨੇ "ਨਾਵਣ ਚਲੇ ਤੀਰਥੀ, ਮਨਿ ਖੋਟੈ, ਤਨਿ ਚੋਰ" ਦਾ ਚਿੱਤਰ ਖਿਚਿਆ ਹੈ।

ਨੈਤਿਕ ਕੀਮਤਾਂ ਵਿਚ ਫ਼ਰੀਦ ਨੇ ਸੁਤੰਤਰ ਜੀਵਨ, ਫ਼ਕੀਰੀ-ਭਾਵ ਅਤੇ ਮਾਨਵ-ਪ੍ਰੇਮ ਨੂੰ ਉੱਚ-ਸਥਾਨ ਦਿੱਤਾ। ਲੋਕਤੰਤਰ ਨੇ ਆਧੁਨਿਕ ਕਾਲ ਵਿਚ ਸੁਤੰਤ੍ਰਤਾ ਦੇ ਜਿਸ ਆਦਰਸ਼ ਨੂੰ ਅਪਣਾਇਆ ਹੈ, ਉਸ ਦਾ ਸੰਕੇਤ ਫ਼ਰੀਦ ਦੇ ਇਸ ਸਲੋਕ ਵਿਚ ਪ੍ਰਾਪਤ ਹੈ :

> ਫਰੀਦਾ, ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।
> ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ।

ਨਿਰਭਰਤਾ ਦੇ ਜੀਵਨ ਨਾਲੋਂ ਮੌਤ ਚੰਗੀ ਹੈ। ਪਰ ਆਤਮ-ਨਿਰਭਰ ਹੋਣ ਦਾ ਭਾਵ ਪਦਾਰਥਕ ਬਹੁਲਤਾ ਤੇ ਅੱਯਾਸ਼ੀ ਦਾ ਜੀਵਨ ਨਹੀਂ; ਫ਼ਰੀਦ ਨੇ ਗ਼ਰੀਬੀ ਅਤੇ ਤਿਆਗ ਨੂੰ ਵਧੇਰੇ ਕੀਮਤੀ ਮੰਨਿਆ ਹੈ। ਜਦੋਂ ਆਪਣੇ ਪਾਸ ਕੁਝ ਨਾ ਹੋਵੇ, ਤਦ ਵੀ ਵੰਡ ਕੇ ਖਾਣ ਦੀ ਰੁਚੀ, ਕੁਰਬਾਨੀ ਦੀ ਭਾਵਨਾ ਮੌਜੂਦ ਹੋਵੇ, ਐਸਾ ਹੀ ਕੋਈ ਵਿਅਕਤੀ "ਭਗਤ" ਸਦਾ ਸਕਦਾ ਹੈ। ਮਨੁੱਖਤਾ ਨਾਲ ਅਜਿਹਾ ਸਨੇਹ, ਫ਼ਰੀਦ ਦੇ ਚਿੰਤਨ ਵਿਚ, ਪ੍ਰਭੂ-ਪ੍ਰੇਮ ਦਾ ਹੀ ਦੂਸਰਾ ਰੂਪ ਹੈ। ਭਗਤ ਤੇ ਦਰਵੇਸ਼ ਦੀ ਆਪਣੇ ਸਾਈਂ ਨਾਲ ਪਿਰਹੜੀ ਹੈ, ਉਸ ਨੇ ਪਿਆਰ ਦੀ ਪੀਡੀ ਗੰਢ ਪਾ ਰੱਖੀ ਹੈ; ਉਹ ਆਪਣੇ ਮਨ ਵਿਚ ਲੋਭ-ਲਾਲਚ ਨਹੀਂ ਆਉਣ ਦੇਂਦਾ, ਕਿਉਂਕਿ ਲੋਭ ਅਤੇ ਪ੍ਰੇਮ ਇਕੱਠੇ ਨਹੀਂ ਚੱਲ ਸਕਦੇ—"ਲਬੁ ਤਾਂ ਕੂੜਾ ਨੇਹੁ" ਹੈ।

ਫ਼ਰੀਦ-ਫ਼ਲਸਫ਼ਾ

ਫ਼ਰੀਦ ਦੀ ਦਾਰਸ਼ਨਿਕਤਾ ਮਾਨਵਵਾਦ ਤੇ ਈਸ਼ਵਰਵਾਦ ਦਾ ਸੁਮੇਲ ਹੈ। ਉਸ ਨੇ ਨੈਤਿਕ ਤੇ ਅਧਿਆਤਮਿਕ ਧਾਰਾਵਾਂ ਨੂੰ ਮਨੁੱਖਤਾ ਅਤੇ ਪ੍ਰਭੂ ਦੇ ਪ੍ਰੇਮ ਉਤੇ ਕੇਂਦ੍ਰਿਤ ਕਰ ਦਿੱਤਾ ਹੈ। ਉਸ ਦਾ ਰੱਬ ਏਨਾ 'ਮਿੱਠਾ' ਹੈ ਕਿ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ, ਦੁੱਧ—ਸਭੇ ਮਿਠੀਆਂ ਵਸਤਾਂ ਉਸ ਤੀਕ ਨਹੀਂ ਪੁੱਜਦੀਆਂ। ਅਜਿਹੇ ਮਿੱਠੇ ਪ੍ਰਭੂ ਦੇ ਪਿਆਰ ਤੋਂ ਜੀਵਨ ਦੇ ਸਾਰੇ ਸੁਆਦ ਕੁਰਬਾਨ ਹੋ ਸਕਦੇ ਹਨ :

> ਜੋਬਨ ਜਾਂਦੇ ਨਾ ਡਰਾਂ, ਜੇ ਸਹੁ ਪ੍ਰੀਤਿ ਨਾ ਜਾਇ।
> ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।

ਉਸ ਦੇ ਮਿਲਾਪ ਦੀ ਖ਼ਾਤਿਰ ਚਿੱਕੜਾਂ, ਮੀਹਾਂ ਵਿਚੋਂ ਲੰਘਣਾ ਪਏ, ਜਾਂ ਗ਼ਰੀਬੀਦਾਵ੍ਹੇ ਦੀ ਇਕੋ-ਇਕ ਕੰਬਲੀ ਭਿੱਜੇ ਤੇ ਸਿੱਜੇ, ਕੋਈ ਪਰਵਾਹ ਨਹੀਂ। ਕਿਉਂਕਿ ਜਿਹੜਾ ਰੱਬ ਦਾ ਹੋ ਰਹੇ, ਸਭ ਜਗ ਉਸੇ ਦਾ ਹੈ। ਸਾਈਂ ਤੋਂ ਬਿਨਾਂ ਸਾਡੀ ਵੇਦਨਾ ਸੁਣਨ ਵਾਲਾ ਹੋਰ ਕੌਣ ਹੈ ? ਉਹੀ ਮੇਰਾ ਰਖਵਾਲਾ ਹੈ, ਨਹੀਂ ਤਾਂ ਦੁਨੀਆਂ ਦੀ ਗੁੱਝੀ ਅਗਨੀ ਵਿਚ ਮੈਂ ਵੀ ਸੜ ਕੇ ਸੁਆਹ ਹੋ ਜਾਣਾ ਸੀ। ਮੈਂ ਸਾਰਾ ਜਗਤ ਗਾਹ ਕੇ ਦੇਖ ਲਿਆ ਹੈ, ਉਸ ਜਿਹਾ ਮਹਾਨ ਕੋਈ ਨਜ਼ਰੀਂ ਨਹੀਂ ਆਇਆ।

ਫ਼ਰੀਦ ਦਾ ਰੱਬ ਮਿੱਠਾ, ਪਿਆਰਾ, ਤਰਸਵਾਨ, ਪਰਵਰਦਗਾਰ, ਸਾਈਂ, ਧਨੀ ਤੇ ਪ੍ਰੀਤਮ ਹੈ। ਇਨ੍ਹਾਂ ਪੁਰਖੀ ਗੁਣਾਂ ਦੇ ਕਥਨ ਵਿਚ ਫ਼ਰੀਦ-ਬਾਣੀ ਤੇ ਨਾਨਕ-ਬਾਣੀ ਇਕ ਦੂਸਰੀ ਦੇ ਅਨੁਕੂਲ ਹਨ। ਪਰ ਗੁਰਬਾਣੀ ਵਿਚਲਾ ਬ੍ਰਹਮ ਤੇ ਅਗੋਚਰ ਦਾ ਸੰਕਲਪ ਫ਼ਰੀਦ-ਫਲਸਫੇ ਦਾ ਭਾਗ ਨਹੀਂ ਬਣਿਆ। ਫ਼ਰੀਦ ਦੀ ਅਧਿਆਤਮਿਕ ਭਾਵਨਾ ਸ਼ਰਧਾਲੂ ਤੇ ਭਗਤ ਦੀ ਭਾਵਨਾ ਹੈ, ਨਾ ਕਿ ਦਾਰਸ਼ਨਿਕ ਜਾਂ ਗਿਆਨੀ ਦੀ ਵਿਵੇਕਸ਼ੀਲ

Digitized by Panjab Digital Library | www.panjabdigilib.org

